ਲਾਲਾਂ ਦੀਆਂ ਲੜੀਆਂ



ਲੇਖਕ:-
ਡਾ: ਹਾਕਮ ਸਿੰਘ ਹੁੰਦਲ
ਪਿੰਡ ਰੁਪਾਣਾ (ਮੁਕਤਸਰ)

ਦੋ ਅੱਖਰ

ਇਹ ਪੁਸਤੱਕ ਸਾਂਝੀਵਾਲਤਾ ਦੇ ਆਸ਼ਕਾਂ ਨੂੰ ਸਮਰਪਤ ਹੈ। ਜੋ ਕੇਵਲ ਤੇ ਕੇਵਲ ਮਨੁੱਖਤਾ ਨੂੰ ਹੀ ਜਾਤ ਪਾਤ ਕੌਮ ਅਤੇ ਮਨੁੱਖਤਾ ਨੂੰ ਹੀ ਦੇਸ ਤੇ ਧਰਮ ਸਮਝਦੇ ਹਨ। ਸਰਵ ਵਿਆਪਕ ਸਰਵਮਈ ਸ਼ਾਖਸ਼ੀ ਮੈਂ ਸੱਤ ਚਿੱਤ ਅਨੰਦ ਬ੍ਰਹਮ, ਰੱਬ ਸਮਝਕੇ ਅਨੁਭਵ ਕਰਦੇ ਹਨ।

ਹੱਥਲੀ ਪੁਸਤੱਕ ਨੂੰ ਲਿਖਨ ਵਾਸਤੇ, ਉਤਸ਼ਾਹਤ ਕਰਨ ਲਈ ਅਤੇ ਭਿੰਨ ਭਿੰਨ ਪ੍ਰਕਾਰ ਦੀ ਸਹਾਇਤਾ ਲਈ ਸ੍ਰੀਮਤੀ ਸ਼ਵਿੰਦਰ ਕੌਰ (Teacheress), ਬੀਬਾ ਜਤਿੰਦਰ ਕੌਰ (M.sc. M.Phil, B. Ed.), ਬੀਬਾ ਸਤਿੰਦਰ ਕੌਰ (Msc. M.Ed.) ਪ੍ਰੋ. ਜਸਕਰਨ ਸਿੰਘ ਭੁੱਲਰ (Msc. Ph. D.), ਸ. ਰਨਦੀਪ ਸਿੰਘ ਬਰਾੜ (M.A. L.L.B) ਅਤੇ ਨੰਬਰਦਾਰ ਰਵਿੰਦਰ ਸਿੰਘ ਦਾ ਤਹਿ ਦਿਲੋਂ ਅਤੀ ਧੰਨਵਾਦੀ ਹਾਂ।

ਡਾ: ਹਾਕਮ ਸਿੰਘ ਹੁੰਦਲ
ਰੁਪਾਣਾ (ਮੁਕਤਸਰ)
Dr. Hakam Singh Hundal
M.H.M..A. (LONDON)
M.A. (R.H.M.P.) Pb.

15 - The Vale , Heston
Hounslow, Middx.
London TW5 9HT   U.K.

ਦੋ ਸ਼ਬਦ

ਹੱਥਲੀ ਪੁਸਤਕ, 'ਸੋਚੋ' 'ਲਾਲਾਂ ਦੀਆਂ ਲੜੀਆਂ, ਗਿਆਰਾਂ ਸੌ ਤੋ ਵੱਧ ਰੁਬਾਈਆਂ ਦਾ ਸੰਗ੍ਰਹਿ ਹੈ। ਹਰ ਇੱਕ ਸਤਰ ਵਿੱਚ ਵੀਹ ਅੱਖਰ ਹਨ। ਹਰ ਚੌਤੁੱਕੀ ਵਿੱਚ ਸੰਪੂਰਨ ਸਾਰਥਕ ਭਾਵ ਵਿਚਾਰ ਹੈ, ਜੋ ਕਿ ਜੀਵਨ ਦੀ ਹਰ ਨੁੱਕਰ ਵਿੱਚ ਕਿਤੇ ਨਾ ਕਿਤੇ ਲੋੜੀਂਦਾ ਹੈ। ਇਹ ਪੁਸਤੱਕ ਜੀਵਨ ਦੇ ਹਨ੍ਹੇਰੇ ਪੱਖ ਨੂੰ ਪ੍ਰਕਾਸ਼ਤ ਕਰਨ ਲਈ ਬੈਟਰੀ ਦਾ ਕੰਮ ਕਰਦੀ ਹੈ। ਆਲਸੀ ਜੀਵਨ ਨੂੰ ਉਤਸ਼ਾਹ ਦਿੰਦੀ ਹੈ। ਸਿੱਧਾ ਸਾਧਾ, ਸੁਚੱਜਾ, ਪਧਰਾ, ਸਾਵਾਂ, ਅਨੰਦਮਈ ਜੀਵਨ ਜਿਉਣ ਲਈ ਪ੍ਰੇਰਨਾ ਦਾ ਸਰੋਤ ਹੈ।ਸ਼ੀਸ਼ੇ ਦਾ ਕੰਮ ਕਰਦੀ ਹੈ ਜਿਸ ਵਿੱਚੋਂ ਅਪਨਾ ਗਿਆਨਮਈ ਅਤੇ ਅਗਿਆਨਮਈ ਮੁੱਖ ਸ਼ਾਖਸ਼ਾਤ ਦਿਸਦਾ ਹੈ। ਅਗਿਆਨ ਨੂੰ ਦੂਰ ਕਰਨ ਦੇ ਸਾਧਨ ਦਰਸਉਂਦੀ ਹੈ। ਅਗਿਆਨ ਦੂਰ ਕਰਨ ਲਈ ਓਤਸ਼ਾਹ ਪੈਦਾ ਕਰਦੀ ਹੈ। ਸੱਤ ਦੇ ਪੱਥ ਦੀ ਅਗਵਾਈ ਕਰਦੀ ਹੈ। ਵਹਿਮਾਂ, ਭਰਮਾਂ, ਕੰਢਿਆਲੇ, ਚਿਕੜ ਭਰੇ ਮਾਰਗ ਚੋਂ ਕੱਡਕੇ, ਸੱਤ ਦੇ ਸਾਫ ਸੁਥਰੇ ਸਿਧੇ ਮਾਰਗ ਤੇ ਪਉਂਦੀ ਹੈ।

ਆਪਣੇ ਆਪੇ ਦੇ ਅਗਿਆਨ ਨੂੰ ਦੂਰ ਕਰਨ ਲਈ ਸੱਤ ਦਾ ਪੰਥ ਰੌਸ਼ਨ ਕਰਦੀ ਹੈ ਧਰੂ ਤਾਰੇ ਵਾਂਗ। ਨਰਕਾਂ ਸੁਰਗਾਂ, ਪੁੰਨਾਂ ਪਾਪਾਂ ਦੇ ਭਰਮਾਂ ਦੇ ਚਿਕੜ ਚੋਂ ਕੱਡਕੇ ਮਨੁੱਖੀ ਮਨ ਨੂੰ ਸੁਤੰਤਰਤਾ ਪ੍ਰਾਪਤ ਕਰਨ ਲਈ ਪ੍ਰੇਰਦੀ ਹੈ। ਪਖੰਡੀਆਂ ਦੇ ਚੁੰਗਲ ਚੋਂ ਛੁੱਟਨ ਲਈ ਰਾਹ ਪਧਰਾ ਕਰਦੀ ਹੈ। ਥੋਥੇ ਧਰਮਾਂ ਦੇ ਵਹਿਮ ਸਹਿਮ ਬੁੱਧੀ ਤੋਂ ਉਤਾਰਕੇ ਸਵੈਮਾਨ ਪੈਦਾ ਕਰਦੀ ਹੈ।

ਧਾਰਮਿਕ ਰੂਹਾਨੀ ਗੂੜ ਫਲਾਸਫੀ ਆਮ ਜੰਤਾ ਦੀ ਬੋਲੀ ਅਤੇ ਸਮਝ ਅਨੁਸਾਰ ਪ੍ਰਗਟਾਈ ਗਈ ਹੈ। ਸਾਧਾਰਨ ਬੁੱਧੀਮਾਨ ਵਿਅਕਤੀ ਵੀ ਪੜਕੇ, ਸਮਝਕੇ ਸਹਿਜੇ ਹੀ ਲਾਭ ਉਠਾ ਸਕਦਾ ਹੈ। ਹਰ ਧਰਮ ਦੇ ਵਿਤਕਰੇ, ਫੰਧੇ ਤੋਂ ਉੱਚਾ ਉੱਠ ਸਕਦਾ ਹੈ। ਸਾਂਝੀਵਾਲਤਾ ਦਾ ਥੌਹ ਟਿਕਾਨਾ ਲੱਭ ਸਕਦਾ ਹੈ। ਸਮਾਜਕ, ਧਾਰਮਿਕ, ਮਨੁੱਖੀ ਏਕਤਾ ਦਾ ਧਾਰਨੀ ਬਣ ਸਕਦਾ ਹੈ।

ਇਸ ਪੁਸੱਤਕ ਨੂੰ ਪੜਕੇ, ਅਵਲੋਕਨ ਕਰਕੇ ਨਿਤਾ ਪ੍ਰਤੀ ਜੀਵਨ ਦੀਆਂ ਔਕੜਾਂ, ਕਸ਼ਟਾਂ, ਦੁੱਖਾਂ, ਮਾਨਸਿਕ ਪਰੇਸ਼ਾਨੀਆਂ, ਥੋਥੀ ਸ਼ਰ੍ਹਾ, ਧਾਰਮਿਕ ਲੁੱਟਾਂ ਕਸ਼ੱਟਾਂ, ਭਾਈਆਂ, ਪੂਜਾਰੀਆਂ ਦੇ ਬੰਧਨਾ ਧੰਧਨਾ ਤੋਂ ਮੁਕਤੀ ਪਾਕੇ ਮਾਨਸਿਕ ਰੂਹਾਨੀ ਸੁਤੰਤਰਤਾ ਦਾ ਅਨੰਦ ਮਾਨ ਸਕਦਾ ਹੈ।

ਇਹ ਪੁਸਤੱਕ ਜੀਵਨ ਦੀ ਹਰ ਕਠਨਾਈ, ਗੁੰਝਲ ਨੂੰ ਸੁਲਝਉਨ ਲਈ ਰਾਮ ਬਾਣ ਦਾ ਕੰਮ ਕਰਦੀ ਹੈ। ਜੀਵਨ ਦੀਆਂ ਹਰ ਸਮੱਸਿਆਂਵਾਂ ਨੂੰ ਦੂਰ ਕਰਨ ਦਾ ਦਾਰੂ ਹੈ, ਅਕਸੀਰ ਹੈ, ਕੋਸ਼ ਹੈ, ਡਿਕਸ਼ਨਰੀ ਹੈ।ਭਾਂਤ ਭਾਂਤ ਜਾਤਾਂ ਪਾਤਾਂ ਧਰਮਾਂ ਕਰਮਾਂ ਵਿੱਚ ਬੱਝਕੇ ਵੱਖ ਹੋਈ ਮਨੁੱਖਤਾ ਨੂੰ ਇੱਕ ਹਾਰ ਵਿੱਚ ਪਰੋਕੇ ਇੱਕ ਕਰਨ ਦਾ ਨਿਮਾਨਾ ਜਿਹਾ ਯਤਨ ਹੈ। ਆਸ ਹੈ ਕਿ ਸੁਚੱਜੇ ਸੂਝਵਾਨ ਪਾਠਕ ਪਰਵਾਨ ਕਰਨਗੇ। ਮੇਰੀ ਮੇਹਨਤ ਨੂੰ ਲਾਭ ਉਠਾਕੇ, ਸਾਰਥਕ ਕਰਨਗੇ।

ਡਾ: ਹਾਕਮ ਸਿੰਘ ਹੁੰਦਲ
ਰੁਪਾਣਾ (ਮੁਕਤਸਰ)
Dr. Hakam Singh Hundal
M.H.M.A. (LONDON)
M.A. (R.H.M.P.) Pb.

15 - The Vale , Heston
Hounslow, Middx.
TW5 9HT
London
U.K.

ਦੋ ਗੱਲਾਂ

ਇਹ ਪੁਸਤੱਕ ਆਦਿ ਤੋਂ ਅੰਤ ਤੱਕ ਮੈਂ ਪੜੀ ਹੈ। ਬੜੀ ਹੀ ਸਰਲ ਤੇ ਸਾਧੀ ਬੋਲੀ ਵਰਤੀ ਗਈ ਹੈ।ਗਿਆਨ ਦੇ ਗੂੜ ਭੇਦਾਂ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਉਜਾਗਰ ਕੀਤਾ ਹੈ। ਪੜ੍ਹਨ ਲਗਿਆਂ ਮਨ ਤੇ ਬੋਝ ਨਹੀਂ ਪੈਂਦਾ। ਸਗੋਂ ਪੜ੍ਹਨ ਲਈ ਖਿੱਚ ਬਣੀ ਰਹਿੰਦੀ ਹੈ। ਡੂੰਗੇ ਤੋਂ ਡੂੰਘੇ ਵਿਚਾਰ ਬੜੇ ਹੀ ਸੌਖੇ ਤਰੀਕੇ ਨਾਲ ਪ੍ਰਗਟ ਕੀਤੇ ਹਨ। ਪੜ੍ਹਨ ਲਗਿਆ ਮਨ ਪੂਰੀ ਤਰ੍ਹਾਂ ਵਿੱਚ ਰੁੱਝ ਜਾਂਦਾ ਹੈ। ਮਨੁੱਖਾ ਜੀਵਨ ਦਾ ਮੁੱਲ ਸਮਝ ਗੋਚਰੇ ਹੋਣ ਲਗਦਾ ਹੈ। ਆਪਣੇ ਆਪੇ ਦੀ ਕਦਰ ਦਾ ਮੋਹ ਜਾਗਨ ਲੱਗਦਾ ਹੈ। ਆਪਣਾਭੁਲਿਆ ਵੱਡਪਨ ਚੇਤੇ ਆਉਂਦਾ ਹੈ ਅਤੇ ਇਸ ਨੂੰ ਫਿਰ ਤੋਂ ਪ੍ਰਾਪਤ ਕਰਨ ਦਾ ਮਨ ' ਚ ਉਤਸ਼ਾਹ ਪੈਦਾ ਹੁੰਦਾ ਹੈ। ਇਸ ਪੁਸਤੱਕ ਨੂੰ ਪੜ੍ਹਨ ਨਾਲ ਮਨ ਬੁੱਧੀ ਤੋਂ ਸਭ ਵਹਿਮ, ਸਹਿਮ ਉਤਰ ਜਾਂਦੇ ਹਨ ਅਤੇ ਰੂਹ ਗੁਲਾਬ ਦੇ ਫੁੱਲ ਵਾਂਗ ਖਿੜ੍ਹ ਜਾਂਦੀ ਹੈ ਤੇ ਦਿਲ ਬਾਗ਼ ਬਾਗ਼ ਹੋ ਜਾਂਦਾ ਹੈ। ਲੇਖਕ ਦਾ ਤਹਿ ਦਿਲ ਤੋਂ ਧੰਨਵਾਦ ਕਰਦਾ ਹਾਂ।

ਅਮ੍ਰੀਕ ਸਿੰਘ ਸੇਹੰਬੀ

AMRIK SINGH SEHMBI

15 THE VALE
HESTON
MIDDX
LONDON
UK
TW5 9HT

JALLANDHAR
PUNJAB
INDIA

ਦੋ ਅੱਖਰ

'ਲਾਲਾਂ ਦੀਆਂ ਲੜੀਆਂ' ਪੁਸਤੱਕ ਰੁਬਾਈਆਂ ਦਾ ਸੰਗ੍ਰਹਿ ਹੈ। ਆਦਿ ਤੋਂ ਅੰਤ ਪੜਦਿਆਂ ਮਨ ਨਹੀਂ ਉਕਤਾਉਂਦਾ। ਸਗੋਂ ਜੀਵਨ ਦਾ ਨਵੇਂ ਤੋਂ ਨਵਾਂ ਗਿਆਨ ਮਿਲਦਾ ਹੈ। ਆਪਣੇ ਆਪੇ ਦੇ ਅਨੁਭਵ ਲਈ ਰਾਮ ਬਾਣ ਦਾ ਕੰਮ ਕਰਦੀਆਂ ਹਨ। ਬੜੀ ਹੀ ਸਰਲ, ਸਾਧੀ, ਨਿੱਤ ਵਰਤੋਂ ਦੀ ਸ਼ਬਦਾਵਲੀ ਵਿੱਚ ਅਤੀ ਗੂੜ ਗਿਆਨ ਵਰਨਣ ਕੀਤਾ ਹੈ। ਪੜ੍ਹਕੇ ਬੁੱਧੀ ਦੀਆਂ ਅਗਿਆਨ ਨੀਂਦ ਵਿੱਚ ਬੰਦ ਅੱਖਾਂ ਇੱਕ ਦਮ ਖੁਲਦੀਆਂ ਹਨ। ਧਰਮਾਂ ਕਰਮਾਂ ਤੋਂ ਉੱਪਰ ਉੱਠਕੇ ਸਾਂਝੀਵਾਲਤਾ ਦੀ ਸੋਹਝੀ ਆਉਂਦੀ ਹੈ। ਨਾ ਕਉ ਵੈਰੀ ਨਾਹੀਂ ਬੇਗਾਨਾ, ਸਗਲ ਸੰਗ ਬਣ ਆਓਂਦੀ ਹੈ ਇਸ ਪੁਸਤੱਕ ਨੂੰ ਪੜ੍ਹਕੇ।

ਲੇਖਕ ਨੇ ਆਪਣੀ ਪੂਰੀ ਨਿਰਪੱਖਤਾ ਨਾਲ ਲੋਕ ਭਲਾਈ ਲਈ ਬਹੁਤ ਸ਼ਲਾਘਾ ਯੋਗ ਯਤਨ ਕੀਤਾ ਹੈ। ਸਾਧਾਰਨ ਤੋਂ ਸਾਧਾਰਨ ਵਿਅਕਤੀ ਵੀ ਲਾਭ ਉਠਾ ਸਕਦਾ ਹੈ। ਇਸ ਸਲਾਹਣ ਯੋਗ ਪੁਸਤਕ ਲਿਖਨ ਲਈ ਮੈਂ ਲੇਖਕ ਦਾ ਅਤੀ ਧੰਨਵਾਦੀ ਹਾਂ।

ਗੁਰਿੰਦਰ ਸਿੰਘ ਕੋਮਲ

50 Dudley road

Southall

Middx

U. K.

ਮੂਲ

ਰੱਬ ਇੱਕ ਸਿਧੀ ਸਾਧੀ ਸਚਾਈ, ਰੱਬ ਇੱਕ ਸਿੱਚਾ ਧੰਦਾ।
ਖੋਲਨ ਲਗਿਆਂ ਪਰਤਾਂ ਇਸਦੀਆਂ, ਰੱਬ ਹੋ ਜਾਏ ਬੰਦਾ।
ਰੱਬ ਹੋਣ ਤੋਂ ਡਰਕੇ, ਆਪੇ ਦੀ ਖੋਜ ਨਹੀਂ ਕਰਨਾ ਮੰਦਾ।
ਜੜ੍ਹ ਬੁੱਤਾਂ ਦੀ ਪੂਜਾ ਤੋਂ ਹਾਕਮ ਆਪੇ ਦਾ ਅਨੁਭਵ ਚੰਗਾ।

ਇੱਕ ਸਤਰ ਵਿੱਚ ਵੀਹ ਅੱਖਰ, ਫਰਕ ਨਾ ਇੱਕ ਰਾਈ।
ਵੀਹ ਗੁਣਾ ਚਾਰ ਮਿਲ ਬਣੀ ਚਾਰ ਤੁਕਾਂ ਦੀ ਇੱਕ ਚੁਪਾਈ।
ਇੱਕ ਰੁਬਾਈ ਵਿੱਚ ਅੱਸੀ ਅੱਖਰ, ਘੱਟ ਵੱਧ ਨਹੀਂ ਕਾਈ।
ਇੱਕ ਸੱਚ' ਚ ਪਰੋ ਹਾਕਮ ਲਾਲਾਂ ਦੀ ਲੜੀ ਬਣਾਈ।

ਇਹ ਕਈ ਹਜ਼ਾਰ ਅੱਖਰ ਬੁਧੀ ਚਿੱਥੇ ਤੱਤ ਹੱਥ ਆਈ।
ਸੱਤ ਅਸੱਤ ਦਾ ਨਿਰਨਾ ਕਰਕੇ, ਮੈਂ ਸ਼ਾਖਸ਼ੀ ਸੋ ਹੰ ਪਾਈ।
ਖ਼ੁਮਾਰੀ ਰਹੇ ਦਿਨ ਰਾਤ, ਸੱਭ ਆਧ ਵਿਆਧ ਮਿੱਟ ਜਾਈ।
ਦ੍ਰਿਸ਼ਟਾ ਹੋਏ ਰਹੇ ਹਾਕਮ ਜਾਏ ਸੱਚੀ ਮਹਿਕ ਖਿੰਡਾਈ।

ਸੱਚ ਅਕੱਥ ਬੋਲ ਨਾ ਹੁੰਦਾ, ਝੂੱਠ ਬੋਲਾਂ ਕੁੱਝ ਨਾ ਰਹਿੰਦਾ।
ਸ਼ਾਖਸ਼ੀ ਸੋ ਮੈਂ ਛੱਡ, ਮਨ ਆਪਣੇ ਆਪ ਨੂੰ ਦੇਹੀ ਕਹਿੰਦਾ।
ਆਪਣਾ ਕੀਤਾ ਆਪੇ ਪਾਏ, ਨਿੱਤ ਮਿਥਿਆ ਬੁੱਤ ਤੇ ਬਹਿੰਦਾ।
ਬਿਨ ਬੂਝੇ ਆਪਣਾ ਆਪਾ ਹਾਕਮ ਆਪੇ ਹੀ ਦੁੱਖ ਸਹਿੰਦਾ।

ਰੱਬ ਵਿਆਪਾਕ ਅਟੱਲ ਸੱਚਾਈ, ਰੱਬ ਇੱਕ ਨਿੱਜੀ ਧੰਦਾ।
ਸੱਭ ਸਾਂਝਾ ਸੱਚ ਅਨੁਭਵ ਕਰਕੇ, ਰੱਬ ਹੋ ਜਾਇ ਬੰਦਾ।
ਪੂਜਾ ਵਿੱਚ ਲੱਗਕੇ, ਰੱਬ ਨੂੰ ਸਮਝਨ ਛੱਡਨਾ ਹੈ ਮੰਦਾ।
ਪਖੰਡੀ ਗੁਰੂ ਪੀਰਾਂ ਨਾਲੋਂ ਹਾਕਮ ਸੱਚਾ ਅਨੁਭਵੀ ਚੰਗਾ।

ਸਾਖੀ ਸਰਵ ਵਿਆਪਕ ਸੋ, ਹਰ ਇੱਕ ਅੰਦਰ ਬਾਹਰ।
ਹੋਏ ਨਿਰਧਨ ਛੱਡ ਸ਼ਾਖਸ਼ੀ ਸੋ, ਹੀਰੇ ਲਾਲ ਜਵਾਹਰ।
ਬਨਬਾਸ ਭੋਗੇ, ਭੁੱਲ ਘਰੇ ਆਈ ਹਰਿਆਵਲ ਬਹਾਰ।
ਬਾਹਰ ਕੰਡੇ ਸੂਲਾਂ ਹਾਕਮ ਅੰਦਰ ਮਹਿਕੇ ਗੁਲਜ਼ਾਰ।

ਸਾਰ

ਪ੍ਰੇਤ ਹਨ੍ਹੇਰੇ ਵਿੱਚ ਦਿਸਨ, ਡਰਾਵਨ, ਨਾ ਕਰਨ ਕੰਮ।
ਹੱਥ ਨਾ ਆਵਨ, ਦੇਖਕੇ ਪ੍ਰਾਨ ਸੁਕਨ, ਚੜ੍ਹ ਜਾਏ ਦੰਮ।
ਹਨ੍ਹੇਰੇ ਰੱਸੀ' ਚ, ਕਲਪਤ ਸੱਪ ਡਰਾਵੇ, ਨਾ ਮਾਰੇ ਡੰਗ।
ਦੇਹ' ਚ ਹਾਕਮ ਕਲਪਤ ਮਿਥਿਆ ਧਰਮ ਹਨ ਜੰਮ।

ਮਾਨਸਕ ਕਲਪਨਾ ਨਾਲ, ਜੋ ਦਿਸੇ ਸੋ ਹੀ ਕਹੀਏ ਪ੍ਰੇਤ।
ਕਲਪਨਾ ਬਦਲਨ ਨਾਲ, ਬਦਲ ਜਾਏ ਨਾ ਆਏ ਭੇਤ।
ਦੇਹ ਉਪੱਰ ਜੋ ਭੇਖੀ ਧਰਮ ਬਣਾ ਕਰੇ ਬਹੁਤ ਹੇਤ।
ਸੋਈ ਪ੍ਰੇਤ ਹਾਕਮ ਦੁੱਖ ਦੇਵੇ, ਆਪ ਸੁਖੀ ਨਾ ਹੋਏ ਕੇਤ।

ਦੇਹੀ ਪੰਜ ਭੂਤਾਂ ਤੱਤਾਂ ਦਾ ਕਾਰਜ਼, ਪੰਜ ਭੂਤਾਂ ਦਾ ਇਕੱਠ।
ਜੋ ਦੇਹੀ ਸਮਝੇ ਆਪਣਾ ਆਪ ਮੈਂ, ਸੋਈ ਭੂਤ ਮਹਾਂ ਸੱਠ।
ਸੋ ਆਪ ਸਦਾ ਦੁੱਖੀ ਰਹੇ ਮੂਰਖ, ਹੋਰਨਾਂ ਮਾਰੇ ਸੱਟ।
ਸੋਈ ਬੰਦਾ ਚੰਗਾ ਹਾਕਮ ਜੋ ਸਰੀਰ ਤੋਂ ਹੋਕੇ ਰਹੇ ਵੱਖ।

ਜੋ ਜਿਸ ਵਸਤੂ ਨੂੰ ਜਾਣੇ, ਉਸਦਾ ਸਦਾ ਸਾਖੀ ਰਹੇ ਵੱਖ।
ਮਨ ਜਾਣੇ ਦੇਹੀ ਨੂੰ, ਸੋ ਮਨ ਸਾਖੀ, ਸੋਈ ਬੰਦਾ, ਪਾਏ ਸੁੱਖ।
ਜੋ ਮਨ ਦੀ ਸਾਖੀ ਬੁੱਧੀ, ਸੋਈ ਬੁੱਧੀਵਾਨ ਕਹਾਏ ਮਨੁੱਖ।
ਬੁੱਧੀ ਦਾ ਸਾਖੀ ਚਿੱਤ ਹਾਕਮ ਚੇਤਨ ਪੁਰਸ਼ ਪਾਏ ਸੁੱਖ।

ਸਰੀਰ ਮਨ ਬੁੱਧ ਚਿੱਤ ਦੀ ਮੈਂ ਛੱਡਕੇ, ਰਹੇ ਅਹੰਕਾਰ।
ਝੂਠਾ ਹੰ-ਅਕਾਰ ਨਾ ਰਹੇ, ਸੋ ਹੰ ਸਤ ਦਾ ਰਹੇ ਹੰ-ਅਕਾਰ।
ਸੋ ਹੰ ਸੋਈ ਹੁਕਮ ਅਸੱਤ ਸੱਤ ਨਾਮ ਦਾ ਹੋਏ ਸਾਕਾਰ।
ਸਥੂਲ ਸ਼ੂਖਸ਼ਮ ਨਾ ਹਾਕਮ ਮ ਕਾਰਨ ਹੈ ਨਿ-ਅਕਾਰ।

ਸਥੂਲ ਸ਼ੂਖਸ਼ਮ ਸਰੀਰ ਨਾ ਕਰਕੇ, ਮ(ਮੈਂ) ਹੋਏ ਸਾਖੀ।
ਇਕੱਲੀ ਮ(ਮੈਂ) ਸੱਤ' ਚ ਰੱਤੀ, ਸੋ ਹੰ ਅਨੁਭਵੀਆਂ ਆਖੀ।
ਸੋ ਹੰ ਦਾ ਸਾਖੀ ਹੀ, ਕੇਵਲ ਸੱਤ ਅਵਸਥਾ ਅਕੱਥ ਭਾਖੀ।
ਪਰੇ ਤੋਂ ਪਰੇ ਹਾਕਮ ਅਕਰੇ ਅਚੱਲ ਅਵਸਥਾ ਰਾਖੀ।

ਸਥੂਲ ਦੇਹੀ ਦਾ ਸਾਖੀ ਜੋ, ਸੋਈ ਪਹਿਲੀ ਭੂਮਕਾ ਦਾ ਪਦ।
ਦੂਜੀ ਭੂਮਕਾ ਪਾਏ, ਸ਼ੂਖਸ਼ਮ ਸਰੀਰ ਪਾਰ ਕਰੇ ਜਦ।
ਤੀਜੀ ਭੂਮਕਾ' ਚ ਅਹੰਕਾਰ ਰਹੇ, ਕਾਰਨ ਸੱਤ ਦੀ ਹੱਦ।
ਚੋਥੀ ਭੂਮਕਾ ਹਾਕਮ ਸੱਤ ਹੋਏ ਸੋ ਬ੍ਰਹਮ ਅਨਹੱਦ।

ਪ੍ਰਾਣਾਂ ਤੋਂ ਪਰੇ ਮਹਤਤਾ ਗੁਰੂ ਦੀ, ਪਾਣੀ ਤੋਂ ਅਧਿਕ ਪਿਤਾ।
ਸਗਲ ਬ੍ਰਹਮੰਡੀ ਧਰਤੀਆਂ ਤੋਂ ਵੱਧ ਮਹੱਤਵ ਮਾਤਾ।
ਦਿਨ ਰਾਤ ਖਿਡਵਾ ਖਿਡਾਵੀ, ਸਰਵ ਜੱਗ ਨੂੰ ਹੈ ਖਿਡਾਤਾ।
ਗੁਣ ਦੋਸ਼ ਦਾ ਸਾਖੀ ਹਾਕਮ ਸੋ ਸਰਵ ਧਰਮ ਕਹਾਤਾ।

ਗਿਆਨ ਨਾਲ ਧਰਮ ਆਪਾ, ਅਗਿਆਨ ਨਾਲ ਦਿਸੇ ਦੂਰੇ।
ਜੋ ਸਮਝਨ ਮੈਂ ਸ਼ਾਖਸ਼ੀ, ਸੋ ਹਨ ਰੱਬ ਦਾ ਹੀ ਨੂਰੇ।
ਜਿਨ੍ਹਾਂ ਇਹ ਸਮਝ ਪਾਈ, ਉਹ ਬਣ ਗਏ ਪੁਰਸ਼ ਪੂਰੇ।
ਆਪ ਤਰਨ ਹਾਕਮ ਹੋਰਾਂ ਨੂੰ ਤਾਰਨ ਸੋ ਕਹੀਏ ਸੂਰੇ।

ਸੋਚੋ !

ਲਾਲਾਂ ਦੀਆਂ ਲੜੀਆਂ

ਲਾਲ ਫੁੱਲ ਗੁੰਦੇ, ਮਹਿਕ ਖਲ੍ਹਾਰਨ, ਆਪੇ ਦੀ ਪਛਾਨ ਦੀ।
ਸਾਧੇ ਸ਼ਬਦਾਂ ਦੀ ਕੰਠ ਮਾਲਾ ਬਣਾਈ, ਵਿਚਾਰਾਂ ਦੇ ਹਾਨ ਦੀ।
ਸੋਹੰ ਸੁਨੇਹਿਆਂ ਵਾਲੀ ਗਠੜੀ ਖੋਲੀ, ਮਨ ਸਮਝਾਨ ਦੀ।
ਸਰਵ ਸਾਂਝੀ ਜੁਗਤੀ ਹਾਕਮ ਅਪਨਾ ਆਪਾ ਸੋ ਪਾਨ ਦੀ।

ਲਾਲ ਵਿਚਾਰ ਬ੍ਰਹਮ ਗਿਆਨ ਦੇ, ਸੋਹੰ ਦਾ ਦਸਨ ਰਾਹ।
ਸਮਝਨ ਲਈ ਸਾਰ ਆਪੇ ਦੀ, ਪਾ ਅਨੁਭਵੀ ਨਾਲ ਵਾਹ।
ਬਾਹਰਅੰਗ ਸਾਧਨ ਤਿਆਗ, ਅੰਤਰਅੰਗ ਅਪਨਾਹ।
ਜਾਗ! ਸਿਰ ਚੁੱਕ! ਹਾਕਮ ਨੱਕ ਰਗੜ ਨਾ ਮੱਥਾ ਭਨਾਹ।

ਦੁੱਖ ਹਰਨ, ਸੁੱਖ ਕਰਨ, ਸਤਿਗੁਰ ਦੇ ਬਚਨ ਲਾਲ।
ਆਤਮਕ ਮਾਰਤੰਡ ਚੜੇ, ਅਗਿਆਨ ਧੁੰਦ ਦੇ ਉਠਾਲ।
ਜਗੇ ਜੋਤ ਬ੍ਰਹਮ ਗਿਆਨ, ਅਨੁਭਵ ਅੱਗ ਦੇਵੇ ਬਾਲ।
ਸੜਨ ਪਾਪ ਹਾਕਮ ਹਰਦਮ ਹਰ ਆਪ ਸੋਹੰ ਨਾਲ।

ਸ਼ਬਦ ਲਾਲ ਪੁਸ਼ਪ ਗੁੰਦੇ, ਆਪਣੇ ਵਿਚਾਰਾਂ ਦੇ ਹਾਨਦੇ।
ਸੁਗੰਧਤ ਫੁੱਲ ਵਛਾਏ, ਰਾਹ ਜਾਂਦੇ ਬ੍ਰਹਮ ਗਿਆਨ ਦੇ।
ਸੱਚ ਦੀ ਖੁਸ਼ਬੂਹ ਛਡੱਨ, ਸੋ ਸੱਚ ਦਾ ਖੋਜੀ ਧਿਆਨ ਦੇ।
ਥੋੜੇ ਅੱਖਰਾਂ ਵਿੱਚ ਹਾਕਮ, ਸੁਨੇਹੇ ਆਪੇ ਦੀ ਪਛਾਨ ਦੇ।

ਲਾਲਾਂ ਦੀ ਲੜੀਆਂ ਵਿਚਾਰ, ਸੋ ਮੈਂ, ਸੱਤ' ਚ ਰਹਿਨ ਬੱਝੇ।
ਭੁਲ ਸੱਚ, ਲੱਗ ਕੱਚ, ਮਨ ਅਸੱਤ ਵਿੱਚ ਕਦੇ ਨਾ ਰੁੱਝੇ।
ਸੱਤ-ਚਿੱਤ-ਨੰਦ ਰੂਪ ਮੈਂ, ਦੇਹ ਅਭਿਮਾਨ' ਚ ਨਾ ਭੁੱਝੇ।
ਸਤ-ਸੰਗ ਚੜੇ ਰੰਗ ਹਾਕਮ ਸੋ ਆਪੇ ਦੀ ਮਹਿਕ ਸੁੱਝੇ।

ਅਨਮੋਲ ਲਾਲ, ਮਾਨਕ ਮਨਕੇ ਮਨ' ਚ ਪਰੋਈ ਰੱਖ।
ਹਾਰ ਬਣਾਕੇ, ਕੰਠ ਲਗਾਕੇ, ਹਿਰਦੈ ਵਿੱਚ ਸਮੋਈ ਰੱਖ।
ਸੱਚ ਸੁਝਾਏ, ਰਾਹ ਪਾਏ, ਮਨ ਸਤ ਵਿੱਚ ਰਮੋਈ ਰੱਖ।
ਸਤ ਭਜ, ਅਸਤ ਤਜ, ਹਾਕਮ ਆਪੇ' ਚ ਵਸੋਈ ਰੱਖ।

ਤਮ ਹਰਨ ਪ੍ਰਕਾਸ਼ ਕਰਨ, ਅਨੁਭਵੀ ਸ਼ਬਦ ਲਾਲ।
ਆਤਮ ਗਿਆਨ ਕਰਾਕੇ, ਅਗਿਆਨ ਅੰਧੇਰ ਦੇਣ ਟਾਲ।
ਮਿਥਿਆ ਦੇਹ-ਅਭਿਮਾਨ ਛਡਾਕੇ, ਸ਼ਾਖਸ਼ੀ ਮੈਂ ਦੇਣ ਭਾਲ।
ਸਤ ਚਿਤ ਅਨੰਦ ਹਾਕਮ ਸਦਾ ਤਿੰਨ ਕਾਲ ਰਹੇ ਨਾਲ।

ਉਸ ਵਿਚਾਰ ਤੋਂ ਮੌਤ ਚੰਗੀ, ਜੋ ਖ਼ਤਮ ਕਰੇ ਸਵੈਮਾਨ।
ਅੰਧੇਰੇ ਵਿੱਚ ਉਲਝਾਕੇ, ਜੋ ਕਰੇ ਆਜ਼ਾਦੀ ਦਾ ਅਪਮਾਨ।
ਸਵੈਸੁੱਖ ਦੂਰ ਕਰੇ, ਬਣਾਏ ਵਿਸ਼ੈ ਸੁੱਖ ਪਿੱਛੇ ਹੈਵਾਨ।
ਸੋਚ ਨਾ ਰੱਖੀਂ! ਹਾਕਮ ਜੋ ਭੁਲਾਏ ਆਪ ਸਤ ਭਗਵਾਨ।

ਲਾਲਾਂ ਦੇ ਵਣਜਾਰੇ ਪਾਸੋਂ, ਗਿਆਨ ਲਾਲ ਵਿਹਾਜਨ ਜਾਏ।
ਅਧਿਕਾਰੀ ਜੌਹਰੀ ਬਣਕੇ ਜਾਏ, ਤਾਂਹੀ ਖ਼ਰਾ ਲਾਲ ਪਾਏ।
ਰੰਗ ਕੇ ਪੱਥਰ ਬਹੁਤੇ ਵੇਚਨ, ਲਾਲਾਂ ਦੇ ਲੇਬਲ ਲਾਏ।
ਪਰਖੇ ਬਿਨ ਹਾਕਮ ਰੱਤੇ ਪੱਥਰ ਦੇਖ ਨਾ ਧੋਖਾ ਖਾਏ।

ਮੋਤੀ ਹੀਰੇ ਲਾਲ ਜਵਾਹਰ ਨੀਲਮ ਨਾਲ ਭਰੀ ਪਰਾਤ।
ਪੰਨੇ ਮੂੰਗੇ ਫਿਰੋਜ਼ੇ ਸੋਨੇ, ਰਤਨਾਂ ਨਾਲ ਨਹੀਂ ਬਣੇ ਬਾਤ।
ਹੁਕਮ ਚੱਲੇ ਅਪਾਰ, ਅੰਮ੍ਰਿਤ ਭੋਜਨ, ਛੱਤੀ ਭਾਂਤ ਖਾਤ।
ਨਦਰੀਂ ਯਾਰ ਨਾ ਆਏ ਅਪਨਾ ਹਾਕਮ ਦਿਨੇ ਪੈਜੇ ਰਾਤ।

ਚੁੱਪ ਰਹਿਨਾ, ਰੁੱਖਾ ਖਾਣਾ, ਭੁੰਜੇ ਸੌਣਾ, ਯਾਰਾਂ ਨਾਲ ਬਹਾਰਾਂ।
ਸੁੰਦਰ ਮਨ ਮੋਹਨਾ, ਸਦਾ ਖਿੜੀਆਂ ਰਹਿਨ ਗ਼ੁੱਲਜ਼ਾਰਾਂ।
ਕੰਡੇ ਹੱਸੇ, ਕਲੀਆਂ ਨੱਚੀਆਂ, ਫੁੱਲ ਖਿੜ੍ਹੇ ਨਾਲ ਦਿਲਦਾਰਾਂ।
ਬਾਹਰ ਸੁੱਖ ਨਹੀਂ ਹਾਕਮ ਯਾਰ ਅੰਦਰ ਸੁੱਖ ਹਜ਼ਾਰਾਂ।

ਅਨੁਭਵੀ ਦਾ ਸ਼ਬਦ ਲਾਲ, ਕਰ ਚਾਨਣ ਮੈਂ ਸਮਝਾਏ।
ਦੇਹ ਗਵਾਏ ਤਾਂ ਮੈਂ ਪਾਏ, ਸ਼ਾਖਸ਼ੀ ਹੋਏ, ਸਰਵ ਸਮਾਏ।
ਸਰਵ ਦੁੱਖ ਜਾਏ, ਸੋ ਪਰਮਾਨੰਦ ਹਿਰਦੈ ਮਾਹਿ ਪਾਏ।
ਮਸਤ ਰਹੇ ਹਾਕਮ ਰੋਟੀਆਂ ਕਾਰਨ ਵਾਜੇ ਨਾ ਵਜਾਏ।

ਬੇਸਮਝ ਹਾਂ ਅਸੀਂ ਲੋਕ, ਭੈੜੇ ਔਗਨ ਵੀ ਹਨ ਸੱਭ।
ਅਕਲ ਦੇ ਅੰਨ੍ਹੇ ਵੀ ਹਾਂ, ਫਿਰ ਵੀ ਸੌਂ ਰਹੇ ਹਾਂ ਚਾਦਰ ਦੱਬ।
ਅਗਿਆਨ ਅੰਧੇਰ ਵਰਤਾ, ਦਿਨੇ ਲੁੱਟੀ ਜਾਂਦੇ ਹਨ ਠੱਗ।
ਜਾਗ ਨਾ ਸਕਦੇ ਹਾਕਮ ਸੁੱਤਿਆਂ ਨੂੰ ਵਖਾਈ ਜਾਂਦੇ ਰੱਬ।

ਬੇਗਾਨੀ ਰੱਤ ਵਿੱਚ ਰੱਤੇ ਪੱਥਰ, ਲਾਲਾਂ ਦਾ ਭਲੇਖਾ ਪਾਨ।
ਪੂਜਾ ਕਰਾਨ, ਵਹਿਮ ਪਾਨ, ਅਣ-ਕਮਾਇਆ ਧਨ ਖਾਨ।
ਮੂਰਖ ਬਣਾ, ਮੱਥਾ ਟਕਾ, ਪਾਨ ਮਾਨ ਕਰਨ ਅਪਮਾਨ।
ਆਪਾ ਛੱਡ, ਹੋ ਨਿਲੱਜ ਹਾਕਮ ਹਨ੍ਹੇਰਾ ਢੋਈ ਢਾਈ ਜਾਨ।

ਕਰੇ ਬੁਰਾ ਹੋਏ ਬੁਰਾ, ਫਲ ਬੁਰਾ, ਰਹੇ ਬੁਰਾ ਬਣੇ ਝੱਲਾ।
ਕਰੇ ਭਲਾ, ਹੋਏ ਭਲਾ, ਪਾਏ ਭਲਾ, ਅੰਤ ਨੂੰ ਭਲੇ ਦਾ ਭਲਾ।
ਕਰੇ ਸਤ, ਹੋਏ ਸਤ, ਸਤਸੰਗ, ਅੰਤ ਨੂੰ ਸਤ ਹੋ ਚਲਾ।
ਜਾਣੇ ਹਰ ਹੋਏ ਹਰ, ਹਾਕਮ ਅੰਤ ਨੂੰ ਹਰ ਸੰਗ ਰਲਾ।

ਇੱਕ ਸਤ ਚਿੱਤ ਅਨੰਦ ਹੈ, ਦੁਤੀਆ ਨਾਮ ਰੂਪ ਮਿਥਿਆ।
ਉਪਰੋਕਤ ਪੰਜਾਂ ਵਿੱਚੋਂ ਸੋ ਸਤ ਨਾਮ ਵਿਸ਼ੇਸ਼ ਰਖਿਆ।
ਸਮਾਨ ਸਤ ਸੋ, ਵਿਸ਼ੇਸ਼ ਨਾਮ ਰੂਪ ਤਜ ਸੋ ਮੈਂ ਬਚਿਆ।
ਗ੍ਰਹਿਨ ਤਿਆਗ ਕਰ ਹਾਕਮ ਨਿਰਭੈ ਸੋ ਹੰ' ਚ ਰਚਿਆ।

ਸੋ ਹੰ ਨਿਰਵੈਰ ਅਜੂਨੀ ਸੈ੍ਰ-ਅਨੁਭਵ ਅਕਾਲ ਮੂਰਤ।
ਪ੍ਰਸਆਦਿ ਇੱਕ ਹੋਏ ਵਿਆਪਕ, ਰਹੇ ਨਾ ਨਾਮ ਸੂਰਤ।
ਜਪ ਹਰ ਸਮੇਂ, ਸੋ ਮੈਂ ਹੀ ਹਰਜਾਈ, ਹਰ ਮਾਹਿ ਪੂਰਤ।
ਤਿੰਨ ਕਾਲ ਹਾਕਮ ਹਰ ਹਾਲ ਹਰ ਕੀ ਹਰ ਜ਼ਰੂਰਤ।

ਅਨਾਦਿ ਸੱਤ, ਵਿਆਪਕ ਸੱਤ, ਸੋ ਸਦਾ ਅਮਰ ਅਕਾਲ।
ਹਰ ਸਮੇਂ ਸੱਤ, ਹਰਜਾਈ ਸੱਤ, ਸ਼ਾਖਸ਼ੀ ਸੱਤ ਤ੍ਰੈ-ਕਾਲ।
ਸ਼ਾਖਸ਼ੀ ਮੈਂ ਹੀ ਸੱਚ, ਮਿਥਿਆ ਮਾਇਆ ਸਰੀਰ ਧੰਨ ਮਾਲ।
ਨਾਮ ਰੂਪ ਮਿਟੇ ਹਾਕਮ ਸਤ ਚਿੱਤ ਨੰਦ ਨਿਭਹਿ ਨਾਲ।

ਨਾਮ ਰੂਪ ਤਜ, ਸਤ ਚਿਤ ਨੰਦ ਭਜ, ਜਾਣੇ ਸੋ ਹੰ ਨਿੱਤ।
ਸਮਝੇ ਸੋ ਹੰ, ਚੜ੍ਹੇ ਸਤ ਰੰਗ, ਹੋਏ ਅਖੰਡ ਹੱਸੇ ਚਿੱਤ।
ਦੂਈ ਦਵੈਸ਼ ਰਹਿਤ, ਸੋ ਹੰ ਕਹਿਤ, ਹਰ ਹੀ ਲੱਗੇ ਮਿੱਤ।
ਇੱਕ ਨਿੱਤ, ਸੱਭ ਅਨਿਤ ਹਾਕਮ ਮਨ ਆਏ ਜਾਏ ਕਿੱਤ।

ਸਵਰਗ ਹੀ ਹੈ ਅਪਨਾ ਸਰੂਪ, ਮੈਂ ਸ਼ਾਖਸ਼ੀ ਹਾਂ ਕਹਿਨਾ।
ਨਰਕ ਹੀ ਹੈ ਦੇਹੀ ਮੈਂ ਸਮਝਕੇ ਦੇਹੀ ਦੇ ਦੁੱਖ ਸਹਿਨਾ।
ਸੱਤ ਚਿਤ ਅਨੰਦ ਮੈਂ ਹਾਂ ਸੱਚ ਖੰਡ ਵਿੱਚ ਰਹਿਨਾ।
ਸ਼ਾਖਸ਼ੀ ਮੈਂ ਤਜ ਹਾਕਮ ਦੇਹੀ ਮੈਂ ਹਾਂ ਨਰਕ' ਚ ਪਹਿਨਾ।

ਚਤਰਾਂ, ਪੁੰਨ ਪਾਪ ਸੁਰਗ ਨਰਕ ਬਣਾਈ ਕਹਾਵਤ।
ਠਗਣ ਨੂੰ, ਅਗਲੇ ਜਨਮ ਨਰਕ ਸੁਰਗ ਬਣਾਵਤ।
ਮੂਰਖਾਂ ਨੂੰ ਡਰਉਣ ਲਈ ਪੁੰਨ ਪਾਪ ਸੁਣਾ ਡਰਾਵਤ।
ਨਾ ਕੁੱਝ ਆਏ ਨਾ ਜਾਏ ਹਾਕਮ ਹਰ ਹੀ ਹਰ ਰਹਾਵਤ।

ਹਰ ਸਮੇਂ, ਹਰਜਾਈ, ਹਰ ਹੀ ਹਰ ਮੇਂ ਸਿਰਜਨਹਾਰਾ।
ਦੇਹੀ ਤਿਆਗ ਹੋ ਵਡਭਾਗ, ਸਰਵ ਤੇਰਾ ਹੀ ਪਰਵਾਰਾ।
ਜੋ ਬ੍ਰਹਮੰਡੇ, ਸੋਈ ਪਿੰਡੇ, ਖੋਜ ਕਰ, ਹੈਂ ਤੂੰ ਤਰਨਹਾਰਾ।
ਸੋ ਪਏ ਮੈਂ ਚਮਕਾਰਾ ਹਾਕਮ ਮਿਟੇ ਅਗਿਆਨ ਪਸਾਰਾ।

ਸੱਤ ਚਿੱਤ ਨੰਦ ਦੀ ਤੱਤਸਾਰ ਵਿਸ਼ੇਸ਼ ਖ਼ੁਸ਼ਬੂਹ ਸੰਤ।
ਚਿੱਤ ਵਿੱਚ ਸੱਤ ਮੈਂ ਦੀ ਤ੍ਰੈਕਾਲ ਪਕੜ ਅਨੰਦ ਅਨੰਤ।
ਸੱਤ ਭੁਲਾਕੇ, ਦੇਹ ਮੈਂ ਦੀ ਸੋਚ, ਸੁੱਖ ਦਾ ਕਰੇ ਸਦਾ ਅੰਤ।
ਸੱਤ ਹੋਣਾ ਸੰਤ ਹੈ ਹਾਕਮ ਨਾ ਰਹੇ ਦੇਹ ਮੈਂ ਦਾ ਸਟੰਟ।

ਦੇਹ ਮੈਂ ਚਿਤ ਵਿੱਚ ਰਹੇ ਧੱਸੀ, ਸਦਾ ਬਣਿਆ ਰਹੇ ਗੰਦ।
ਸਦੀਵ ਹਨ੍ਹੇਰ ਰਹੇ ਛਾਇਆ, ਬਣੀ ਭੇਦ ਦੀ ਰਹੇ ਕੰਧ।
ਸੱਤ ਚਿੱਤ ‘ਚ ਰਹੇ ਵਸਿਆ, ਸਦਾ ਬਣਿਆ ਰਹੇ ਅਨੰਦ।
ਸੁੱਖ ਪ੍ਰਕਾਸ਼ ਹੋਏ ਹਾਕਮ ਸਤ ਦਾ ਚੜ੍ਹਿਆ ਰਹੇ ਚੰਦ।

ਭੇਖ ਡਰਾਵਾ, ਸ਼ਰਾ ਬੰਧਾਵਾ, ਅਗਿਆਨ ਫਸਾਊ ਸ਼ਕੰਜਾ।
ਭੋਲੀ ਪਰਜਾ ਅਗਿਆਨੀ, ਅੰਨੀ ਸ਼ਰਧਾ, ਗੁਰੂ ਭੁੱਖਾ ਨੰਗਾ।
ਧਰਮ ਦੇ ਨਾਮ ਤੇ ਠੱਗੀ ਠੋਰੀ, ਗੱਲ ਵਿੱਚ ਪਾਇਆ ਫੰਦਾ।
ਫਿਰਕੇ ਦੇ ਨਾਂ ਤੇ ਲੜਾਈਆਂ, ਹਾਕਮ ਮਾਰੇ ਬੰਦੇ ਨੂੰ ਬੰਦਾ।

ਭੇੜ ਚਾਲ ਪੂਜਾ ਪਾਠ, ਅੰਧਵਿਸ਼ਵਾਸ਼ ਸੁੱਟੇ ਅੰਨੇ ਖੂਹ।
ਜਿਵੇਂ ਕੋ੍ਲੂ ਦਾ ਬਲਦ, ਪਹੁੰਚੇ ਕਿਸੇ ਕਿਨਾਰੇ, ਥਾਂ ਨਾ ਥੂਹ।
ਇਸ ਚੱਕਰ-ਵੀਊ ਵਿੱਚੋਂ, ਕੋਈ ਸਤਪੁਰਖ ਕੱਡੇ ਧੂਹ।
ਨਿਰਵੈਰ ਨਿਰਭੈ ਬਣਾਏ ਹਾਕਮ ਦੁੱਖ ਨਾ ਸੱਕੇ ਛੂਹ।

ਸੀ ਨਿਰਗੁਨ, ਹੈ ਆਦਮਈ, ਗਲ ਗੁਣਾਂ ਦਾ ਪਾ ਲਿਆ ਪੰਗਾ।
ਸ਼ਾਖਸ਼ੀ ਮੈਂ ਜਾਣਕੇ, ਨਿਰਗੁਨ ਹੋ ਜਾ, ਜੇ ਚਾਹੇ ਹੋਣਾ ਚੰਗਾ।
ਲੜਾਈ ਦਾ ਜੋ ਆਧੀ, ਹੋ ਗਿਐਂ, ਮਨ ਚਿੱਤ ਨਾਲ ਕਰ ਦੰਗਾ।
ਤਿੰਨੇ ਸਰੀਰ ਤਿਆਗਕੇ ਹਾਕਮ ਹੋ ਨਿਰਗੁਨ ਸੋ ਨੰਗਾ।

ਬ੍ਰਹਮ ਗਿਆਨ ਦੇ ਪ੍ਰਕਾਸ਼ ਅੱਗੇ, ਹੈ ਅੰਧਕਾਰ ਨੱਸਦਾ।
ਅਧਿਆਤਮ ਵਿਦਿਆ ਸਮਝਕੇ, ਰਾਹ ਪਛਾਨ ਸੱਚਦਾ।
ਦੇਹ ਮੈਂ ਮਮਤਾ ਛੱਡ, ਦ੍ਰਿਸ਼ਟਾ ਹੋਕੇ ਸੋ ਹੰ ਰਹਿ ਜਪਦਾ।
ਇੱਕ ਜਾਣ ਇੱਕ ਹੋਏ ਰਹਿ ਹਾਕਮ ਰਾਹ ਛੱਡ ਵੱਖਦਾ।

ਸ਼ਿਸ਼ ਲੋਭੀ ਗੁਰੂ ਲਾਲਚੀ, ਦੋਨਾਂ ਮਾਇਆ ਲਈ ਜੰਗ ਛੇੜੀ।
ਡੁੱਬ ਮੋਏ ਕਪਟੀ ਬਪੜੇ, ਦੋਵੇਂ ਬੈਠੇ ਪੱਥਰ ਦੀ ਬੇੜੀ।
ਮਾਰੀ ਮੱਤ ਵਿਸ਼ਿਆਂ ਨੇ, ਫੱਸ ਗਏ ਵਿੱਚ ਇੰਦਰੀ ਦੀ ਗੇੜੀ।
ਘੁਮੰਨ ਘੇਰੀ ਵੱਲ ਹਾਕਮ ਵਾਸ਼ਨਾ ਲਹਿਰ ਜਾਏ ਰੇੜੀ।

ਅੰਨ੍ਹੇ ਮਗਰ ਅੰਨ੍ਹਾਂ ਲੱਗਾ, ਹੱਥ ਵਿੱਚ ਫੜਕੇ ਝੋਲੀ ਡੰਡਾ।
ਕਿਵੇਂ ਭਵਸਾਗਰ ਪਾਰ ਕਰੇ, ਲੰਡੇ ਦੀ ਪੂਛ ਫੜਕੇ ਬੰਦਾ।
ਬੰਧਨਾਂ ਬੰਧਨ, ਦਸਵੰਦ ਫੰਧਨ, ਇਹ ਲਾਲਚੀ ਧੰਦਾ।
ਮਾਇਆ ਨਾਲ ਬਹਿ ਡੁੱਬੇ, ਹਾਕਮ ਗੁਰੂ ਸ਼ਿਸ਼ ਭਿੱਖ ਮੰਗਾ।

ਦੇਵੇ ਵੱਡੀ ਦਾਨ, ਦਸਵੰਦ, ਸਮਝੇ ਸਰਬ ਦਾ ਦਾਤਾਰ।
ਸੇਵਾ ਨਾਲ ਖੁਸ਼ ਕਰਨਾ ਚਾਹੇ, ਜੋ ਸੱਭ ਦਾ ਪਾਲਨਹਾਰਾ।
ਬਿਨ ਬੋਲੇ ਸੱਭ ਕੁੱਝ ਜਾਣਦਾ, ਕਿਸ ਅੱਗੇ ਕਰੇ ਪੁਕਾਰ।
ਭਿਖਾਰੀ ਨਾ ਬਣ ਹਾਕਮ ਬਿਨ ਮੰਗੇ ਸਦਾ ਭਰੇ ਭੰਡਾਰ।

ਗੁਰੂ ਜੜ੍ਹ ਚੇਲਾ ਅਣ-ਪੜ੍ਹ, ਫਸੇ, ਬਣਾਏ ਮਕੜੀ ਜਾਲ।
ਫਸ ਮਰੇ ਰਾਤ ਦੇ ਭੁੱਖੇ, ਅਗਿਆਨੀ ਖੇਡੇਂ ਮਾਇਆ ਨਾਲ।
ਸੁੱਖ ਨਹੀਂ ਲਭਨਾ, ਦੁੱਖਮਈ ਮਿਥਿਆ ਦੇਹ ਧੰਨ ਮਾਲ।
ਬਣਾ ਭੇਖ ਮਾਰੇ ਠੱਗੀ ਹਾਕਮ ਰਹੇ ਦਿਨ ਰਾਤ ਬੇਹਾਲ।

ਦਇਆ ਧਰਮ ਗਿਆਨ, ਮੂਲ ਛੋਡ, ਬਣਿਆ ਬਦਕਾਰੀ।
ਸਤ ਚਿਤ ਅਨੰਦ ਭੁਲਾਕੇ, ਦੁੱਖਾਂ ਦੀ ਸਿਰ ਧਰੀ ਪਟਾਰੀ।
ਸਤ ਸ਼ਾਖਸ਼ੀ ਮੈਂ ਦ੍ਰਿਸ਼ਟਾ ਭੁਲਕੇ, ਬਣ ਗਿਆ ਦੇਹ ਧਾਰੀ।
ਬਣਿਆ ਮੈਂ ਚਮੜੀ ਹਾਕਮ ਭੁੱਲਾ ਆਤਮਕ ਸਰਦਾਰੀ।

ਮੇਰ ਕੀਤੀ ਹੱਡਾਂ ਰੋੜੀ, ਤਿਆਗਕੇ ਮਹਿਕਦੀ ਗ਼ੁਲਜ਼ਾਰ।
ਰੂੜੀ ਉੱਤੇ ਰੁੜ੍ਹ ਗਿਆ, ਛੱਡਕੇ ਸਦ ਟਹਿਕਦੀ ਬਹਾਰ।
ਪਾਣੀ ਭਰੇ ਮੂਰਖਾਂ ਦਾ, ਬਣੇ ਗਿਆਨੀ ਚਤਰ ਹੁਸ਼ਿਆਰ।
ਭਿੱਖ-ਮੰਗਾ ਬਣਿਆ ਹਾਕਮ ਸੱਭ ਜੂੰਨੀਆਂ ਦਾ ਸਰਦਾਰ।

ਪੈਲ ਪਾਏ ਮੋਰ ਦੇਖ ਬਦੱਲ, ਵਿਸ਼ੈ ਵੇਖ ਮਨ ਨੱਚਦਾ।
ਨਿੱਤ ਕਾਮ ਕਰੋਧ ਲੋਭ ਮੋਹ ਹੰਕਾਰ' ਚ ਚਿੱਤ ਮੱਚਦਾ।
ਭੇਖ ਭਖੰਡ ਕੂੜ ਕਪਟ, ਮਨੁਖੱਤਾ ਨੂੰ ਨਹੀਂ ਜੱਚਦਾ।
ਦੇਹ ਅਭਿਮਾਨ ਤੱਜ ਹਾਕਮ ਰਾਹ ਮਿਲੇ ਨਿੱਜ ਸੱਚਦਾ।

ਸਿਆਣਿਆਂ ਇੱਕੋ ਮੱਤ, ਗੁਰ ਬਿਨ ਗਿਆਨ ਨਾ ਹੋਏ ਕਦੀ।
ਵੇਦ ਕਤੇਬ ਇਹ ਤਤਸਾਰ ਵਿਚਾਰ ਪੁਕਾਰਨ ਸਭੀ।
ਮਲਾਹ ਗੁਰ ਬੇੜੀ ਬਿਨ, ਜਾਏ ਨਾ ਤਰੀ ਅਗਿਆਨ ਨਦੀ।
ਜਾਏ ਹਨ੍ਹੇਰ ਜੋਤ ਜਗ੍ਹੇ ਹਾਕਮ ਹੋਈਏ ਨਿਰਭੈ ਤਦੀ।

ਮ੍ਰਿਗਤ੍ਰਿਸ਼ਨਾ ਦਾ ਝੂਠ ਪਸਾਰਾ, ਭਾਂਡਾ ਭੱਜ ਜਾਂਦਾ ਕੱਚਦਾ।
ਰੱਖੇ ਝਾਕ ਸਰਵ ਸੁੱਖਾਂ ਦੀ, ਕੂੜ ਕਪਟ ਵਿੱਚ ਨੱਚਦਾ।
ਵਹਿਮਾ ਭਰਮਾਂ ਦੇ ਵਿੱਚ ਫਸ, ਸੱਚ ਨਾ ਮਨ ਨੂੰ ਜੱਚਦਾ।
ਦਵੈਸ਼ ਮਨ ਰੱਖ ਹਾਕਮ ਰਹੇ ਈਰਖਾ ਵਿੱਚ ਮੱਚਦਾ।

ਅਕਲ ਨੂੰ ਲੱਗੇ ਜਿੰਦਰੇ, ਸੁਣੇ ਪੜੇ ਨਾ ਬ੍ਰਹਮ ਗਿਆਨ।
ਡੁੱਬਨ ਤੇ ਡੋਬਨ ਦਾ ਅੰਧਵਰਤਾਰਾ ਸਗਲ ਜਹਾਨ।
ਮਾਰ ਸਦਾ ਭਖੰਡ ਨੂੰ, ਵਹਿਮਾਂ ਭਰਮਾਂ ਸਦਾ ਨੁਕਸਾਨ।
ਭਲਾ ਬਣ ਇਨਸਾਨ ਹਾਕਮ ਮਿਲਿਆ ਮਿਲੇ ਭਗਵਾਨ।

ਬੁਰਾਈ ਤਜ, ਭਲਾਈ ਕਰ, ਨਿਰਪਖ ਬਣ ਇਨਸਾਨ।
ਨਕਲੀ ਧਰਮਾਂ ਦੇ ਮਖੌਟੇ ਲਾਹ, ਤਜ ਦੇਹ-ਅਭਿਮਾਨ।
ਭੇਖ ਦਿਖਾਵੇ ਉਤਾਰਕੇ, ਤਨ ਢਕਨ ਦਾ ਕਰ ਸਮਾਨ।
ਛੱਡ ਵੱਖਰੀ ਪਛਾਨ ਹਾਕਮ ਤਾਂ ਹੀ ਸਾਂਝੀਵਾਲ ਸਦਾਨ।

ਗਿਆਨ ਨਹੀਂ ਹੋਏ ਜੱਬਲਗ, ਜਲੇ ਨਹੀਂ ਮੋਹ ਜੰਜਾਲ।
ਅਨੁਭਵ ਵਿਆਪਕ ਇੱਕ ਦਾ, ਕਰਦਾ ਮੂਰਤ ਅਕਾਲ।
ਨਿਰਵੈਰ ਨਿਰਭੈ ਸੈ੍ਭੰਵ ਹੈ, ਕਰੇ ਪਿਆਰ ਸੱਭ ਨਾਲ।
ਸਪਰਸ਼ ਆਦਿ ਕਰੇ ਹਾਕਮ ਛੁੱਟ ਜਾਏ ਰੱਬ ਦੀ ਭਾਲ।

ਮੱਤਹੀਨ ਅਗਿਆਨ ਪੂਜਾ, ਅੰਧਵਰਤਾਰਾ ਡੋਬੇ ਦੂਜਾ।
ਗਿਆਨ ਨਾ ਹੋਏ, ਦੂਈ ਨਾ ਮਿਟੇ, ਜੱਦ ਤੱਕ ਛੱਡੇ ਨਾ ਪੂਜਾ।
ਭਰਮ ਦੁੱਖ ਨਾ ਹਟੇ, ਜੇ ਗੁਰੂ ਤੋਂ ਅਪਣਾ ਆਪ ਨਾ ਬੂਝਾ।
ਝੰਜਟ ਮੁੱਕ ਜਾਨ ਸੱਭ, ਹਾਕਮ ਜਦ ਸ਼ਾਖਸ਼ੀ ਮੈਂ ਸੂਝਾ।

ਦੇਹ ਦੀ ਮੈਂ ਵਿੱਚ ਉਲਝਕੇ, ਦੁੱਖੀ ਹੋਏ ਰਹੇ ਸੱਭ ਕੋਏ।
ਮੈਂ ਗਿਆਨੀ ਮੈਂ ਪੰਡਤ ਮੈਂ ਮੂਰਖ ਮੈਂ ਧਨੀ ਰੰਕ ਹੋ ਰੋਏ।
ਆਪ ਸਵਾਰੇ ਮੈਂ ਮਿਲੇ, ਸੋ ਮੈਂ ਬਿਨ ਸੁਪਨੇ ਸੁੱਖ ਨਾ ਹੋਏ।
ਸਾਖੀ ਜਾਣੇ ਆਤਮਾ ਆਪਾ ਹਾਕਮ ਤਰੇ ਆਪ ਤਾਰੇ ਲੋਏ।

ਅਗਿਆਨੀ ਮੂਰਖ ਮਨਾ, ਰੱਬ ਅਵੱਖ ਹੈ, ਵੱਖ ਨਾ ਭਾਲ।
ਦੇਖਤ ਸੁਣਤ ਸਦਾ ਸੰਗ ਹੈ ਜੋ, ਸੋ ਮੈਂ ਸਮਝ ਸੰਭਾਲ।
ਇੱਕ ਜਾਣ ਲੈ ਸੱਚ ਤੇ ਮੈਂ ਨੂੰ, ਹਟਾ ਦੇ ਦੂਈ ਕੂੜ ਦੀ ਪਾਲ।
ਛੱਡ ਦੇਹੀ ਕੂੜ ਦਾ ਢੇਰ ਹਾਕਮ ਪਾ ਮੈਂ ਸੋ ਹੋ ਮਾਲਾ ਮਾਲ।

ਚੜ੍ਹੇ ਸੂਰਜ ਮਿਟੇ ਧੁੰਧ, ਗਿਆਨ ਹੋਏ ਭਰਮ ਨਸਾਏ।
ਜਗੇ ਦੀਪਕ, ਅੰਧੇਰ ਨੱਠੇ, ਦਿਸੇ ਰੱਸੀ ਸੱਪ ਨਾ ਰਹਾਏ।
ਮਿਟੇ ਦੂਈ, ਆਪਾ ਪਰਕਾ ਜਾਏ, ਰਹੇ ਇੱਕ ਨਾ ਦੋ ਦਸਾਏ।
ਬੂੰਦ ਬੂੰਦ ਸਾਗਰ ਹੋਏ ਹਾਕਮ ਇੱਕ ਹੀ ਪਾਣੀ ਕਹਾਏ।

ਮੂਰਖ ਸੋ ਨਿੱਜ ਮੈਂ ਨਹੀਂ ਪਛਾਣੇ, ਸੱਚ ਨਾ ਕਰੇ ਪਿਆਰ।
ਦੇਹ ਮੈਂ ਬੇੜੀ ਚੜ੍ਹ ਡੁੱਬੇ, ਵਿੱਚ ਭਵਸਾਗਰ ਕਾਲੀਧਾਰ।
ਮਲਾਹ ਗੁਰੂ ਨਹੀਂ ਲੱਭਿਆ ਡੁਬਦੀ ਨਾਵ ਉਤਾਰੇ ਪਾਰ।
ਕੰਡੇ ਲਾਏ ਸੱਚ ਦੇ ਹਾਕਮ ਨਹੀਂ ਡੋਬੇ ਅੱਧ ਵਿਚਕਾਰ।

ਥੋਥੀ ਮੈਂ ਮੇਰੀ ਮਾਰਕੇ, ਦੇਹ ਅਭਿਮਾਨ ਹਉਮੈ ਤੋਂ ਛੁੱਟ।
ਪ੍ਰਕਾਸ਼ ਨਿੱਜ ਗਿਆਨ ਦਾ ਪਾਕੇ, ਜੜ ਅਗਿਆਨ ਦੀ ਪੁੱਟ।
ਲਾਕੇ ਬੂਟਾ ਸਤ ਚਿੱਤ ਮੈਂ ਦਾ, ਸਦਾ ਮੌਜ ਬਹਾਰਾਂ ਲੁੱਟ।
ਇਹ ਖਜ਼ਾਨਾ ਅਰਸ਼ ਦਾ ਹਾਕਮ ਕਦੀ ਨਹੀਂ ਜਾਏ ਮੁੱਕ।

ਕਰਾ ਪੂਜਾ ਨੱਕ ਨੱਥ ਸ਼ਰਾ ਪਾਈ, ਝੁਕਾ ਸਿਰ ਖਿਹ ਪਾਈ।
ਰੱਬ ਅੰਦਰੋਂ ਮਿਲੇ, ਨਾ ਲਭਦਾ ਦਾਨ ਕਰੇ ਤੀਰਥੀਂ ਜਾਈ।
ਜੋਤ ਭੀਤਰ ਜਗ੍ਹੇ, ਧਰਮਾਂ ਕਰਮਾਂ ਨਾਲ ਜਾਏ ਬੁਝਾਈ।
ਦੇਹ ਤਜ ਆਪਾ ਪਛਾਣ ਹਾਕਮ ਰੱਬ ਸਰਬ ਸਮਾਈ।

ਜੋਤ ਜਗ੍ਹਾਏ ਹਨ੍ਹੇਰਾ ਹਟੇ, ਟੋਕਰਿਆਂ ਢੋਇਆ ਨਾ ਜਾਏ।
ਗਿਆਨ ਨਾਲ ਅਗਿਆਨ ਨੱਠੇ, ਭੇਖੀਂ ਹੋਏ ਦੂਨ ਸਵਾਏ।
ਬਗੋਂ ਹੰਸ ਨਹੀਂ ਹੋਏ ਭੇਖੀਂ, ਸਗੋਂ ਚੁਣ ਚੁਣ ਡੱਡਾਂ ਖਾਏ।
ਵੱਖ ਮੰਨ ਰੱਬ ਪੂਜੇ ਹਾਕਮ ਕਦੀ ਸਮਝ ਨਹੀਂ ਆਏ।

ਪੂਜਾ ਪਾਠਾਂ ਜਪਾਂ ਤਪਾਂ ਧਿਆਨਾਂ ਨਾਲ ਦੂਰੀ ਵਧਦੀ ਜਾਏ।
ਵਧੇ ਅਭਿਮਾਨ, ਨਾ ਘਟੇ ਅਗਿਆਨ, ਨਾ ਮਨ ਸ਼ਾਂਤੀ ਆਏ।
ਸਿਮਰਨਾਂ ਬੱਗ ਸਮਾਧਾਂ ਵਧਨ ਉਪਾਦਾਂ, ਰੱਬ ਨਾ ਪਾਏ।
ਸਤ-ਸੰਗ, ਚੜ੍ਹੇ ਰੰਗ ਹਾਕਮ ਗੁਰ ਮਿਲਿਆ ਹੀ ਮਿਲਾਏ।

ਜਾਣੇ ਸ਼ਾਖਸ਼ੀ ਨਿੱਜ ਮੈਂ, ਜੇ ਤਜੇ ਮੋਹ ਮਾਇਆ ਅਭਿਮਾਨ।
ਦ੍ਰਿਸਟਮਾਨ ਭਰਮ ਭਲੇਖਾ, ਦ੍ਰਿਸ਼ਟਾ ਇੱਕ ਸੱਤ ਜਾਨ।
ਇੱਕ ਥਾਂ ਕੋਈ ਵਸਤੂ ਥਿਰ ਨਾ ਰਹੇ, ਸੱਭ ਚਲਾਏਮਾਨ।
ਕਰਮ ਧਰਮ ਵਧੀ ਜਾਨ ਹਾਕਮ ਅਚੱਲ ਸੱਚ ਜਾਨ।

ਹੋ ਨਿਰਮਲ ਤਜ ਅਭਿਮਾਨ, ਮਨ ਗੁਰ ਚਰਨੀ ਲਾਏ।
ਔਜੜ ਜਾਂਦੇ ਠੋਕਰਾਂ ਖਾਂਦੇ ਨੂੰ, ਗੁਰੂ ਸਿਧੇ ਮਾਰਗ ਪਾਏ।
ਸਤ ਚਿੱਤ ਨੰਦ ਦਾ ਲੜ ਫੜਾਕੇ, ਦੁੱਖਾਂ ਤੋਂ ਪੱਲਾ ਛਡਾਏ।
ਆਪੇ ਖ਼ੁਦ' ਚ ਖ਼ੁਦਾ ਕਰਕੇ, ਹਾਕਮ ਮਰੇ ਨਾ ਆਏ ਜਾਏ।

ਕਾਲੀ ਘਟਾ ਅਗਿਆਨ, ਮਾਇਆ ਬਿਜਲੀ ਚਮਕ ਡਰਾਨ।
ਮੋਹ ਲੋਭ ਦੀ ਝੜੀ ਲੱਗੀ, ਕਾਮਨਾ ਤਿਲਕਨ ਤਲਕਾਨ।
ਕਾਮ ਕਰੋਧ ਗ਼ਾਰੇ' ਚ ਫਸ ਗਏ, ਕਿਵੇਂ ਨਾ ਨਿਕਲ ਪਾਨ।
ਚਿਕੜ ਖੁੱਭੇ ਤੋਂ ਹਾਕਮ ਥੋਥੇ ਧਰਮੀ ਲਾਭ ਉਠਾਨ।

ਸੁੱਖ ਕਾਰਨ ਕਰਮ ਕਰੇ, ਅਗਿਆਨ ਵਧੇ ਦੁੱਖ ਪਾਏ।
ਜੰਤਾ ਛੱਡੇ ਇਹ ਛੱਡਨ ਨਹੀਂ, ਗੱਲ ਪਏ ਢੋਲ ਵਜਾਏ।
ਨਿੱਜ ਆਪਾ ਛੱਡ ਰੁਲਿਆ, ਦੁੱਖ ਚੋਭਾਂ ਸੂਲਾਂ ਗਲੇ ਲਾਏ।
ਦੁੱਖਾਂ ਨੂੰ ਸੁੱਖ ਮੰਨੇ, ਹਾਕਮ ਤਾਂ ਕੋਈ ਨਹੀਂ ਸਕੇ ਛਡਾਏ।

ਆਪੇ ਫਾਥੜੀ ਕਉਣ ਛਡਾਏ, ਹੱਥ ਲੋਟੂ ਕਰੜੇ ਪਾਏ।
ਸੱਚ ਸੁਨਣ ਦੇ ਯੋਗ ਨਾ ਛੱਡੀ ਜੰਤਾ, ਦਿਤਾ ਰਗੜਾ ਲਾਏ।
ਸੱਚ ਦੀ ਕੋਈ ਗੱਲ ਸੁਣਾਏ, ਉਥੋਂ ਨੱਠੇ ਕੰਨੀ ਖਿਸਕਾਏ।
ਤੰਬੂ ਦੇਖ ਝੂਠ ਦਾ ਹਾਕਮ ਸੌ ਵਲ ਪਾਕੇ ਪਹੁੰਚ ਜਾਏ।

ਵਹਿਮਾਂ ਭਰਮਾਂ ਦੀ ਮੈਲੀ ਕੀਤੀ, ਬੁੱਧੀ ਹੋਈ ਕਾਲੀ ਸਿਆਹ।
ਨਿਰਮਲ ਧੋਤਿਆਂ ਕਦੀ ਨਹੀਂ ਹੋਏ, ਜੇ ਸੌ ਧੋਵਨ ਪਾਹ।
ਸੱਚ ਵਿਹਾਜਨ ਆਈ ਜੱਗ ਲੋਕਾਈ, ਪੈ ਗਈ ਪੁੱਠੇ ਰਾਹ।
ਪੈਕੇ ਧਰਮਾਂ ਦੀ ਭੂਲ ਭੂਲਾਈ ਹਾਕਮ ਲੈਂਦੀ ਔਖੇ ਸਾਹ।

ਭੱਜਦੀ ਲੱਭਦੀ ਨੱਠਦੀ ਨਿੱਜ ਕਸਤੂਰੀ ਭੁਲੀ ਹਰਨੀ।
ਕੁੱਤੇ ਲਗਾ, ਫਾਹੀ ਗੱਡ, ਜਾਲ ਵਛਾ, ਫਸਾ ਫੰਧਕਾਂ ਫੜਨੀ।
ਜਾਲ ਵਿੱਚ ਫੱਸ ਗਈ ਭੁੱਲੀ, ਜਾਨ ਅਮੁਲੀ ਰੁਲ ਮਰਨੀ।
ਚਿੱਟੇ ਤੰਬੂਆਂ ਵਿੱਚ ਸ਼ਕਾਰੀ ਹਾਕਮ ਹਤਿਆਰੀ ਕਰਨੀ।

ਨੈਣ ਭਰ ਰੋਈ ਹਰਨੀ, ਜਾਲ ਵਿੱਚ ਫੰਧਕਾਂ ਫਸਾਇਆ।
ਅਗਿਆਨ ਨਿੱਜ ਕਸਤੂਰੀ ਦੇ, ਵੱਸ ਕਸਾਈਆਂ ਪਾਇਆ।
ਭੇਖੀ ਬਣਾਏ ਦਮੜੀ, ਲਾਹੇ ਚਮੜੀ, ਪੁੱਠਾ ਲਟਕਾਇਆ।
ਅੰਨੀ ਜੰਤਾ ਨੂੰ ਹਾਕਮ ਬਾਬੇ ਫੰਧਕਾਂ ਬੰਧਕ ਬਣਾਇਆ।

ਪਖੰਡੀ ਧਰਮੀ ਤੰਬੂਤਾਣੀ ਬੈਠੇ, ਜੱਮ ਜਗਾਤੀ ਲੁਟੇਰੇ।
ਸ਼ੀਸ਼ੇ ਜੜਾਊ ਠਾਠ ਬਣਾਕੇ, ਜਾਲ' ਚ ਫਸਾਉਣ ਬਟੇਰੇ।
ਅਕਲੋਂ ਊਰੇ, ਗੰਡੋਂ ਪੂਰੇ, ਮਨੋ ਮੂਰੇ, ਫਸ ਜਾਣ ਬਥੇਰੇ।
ਸੱਚ ਦਾ ਸੂਰਜ ਡੁੱਬ ਗਿਆ ਹਾਕਮ ਝੂਠ ਬਣਾਏ ਡੇਰੇ।

ਪੈਰ ਪੈਰ ਤੇ ਧਰਮ ਦੇ ਨਾਂ ਤੇ, ਪਖੰਡ ਗੱਡੀਆਂ ਫਾਹੀਆਂ।
ਜੇਬਾਂ ਕੱਟ ਲੁਟਦੇ ਪੱਤ, ਕਰਨ ਸਫਾਈ ਜਾਂਦੇ ਰਾਹੀਆਂ।
ਮੱਤ ਮਾਰ ਚੜਾਵਾ ਲੈ, ਟਿਕਟਾਂ ਸੁਰਗਾਂ ਦੀਆਂ ਬਣਾਇਆਂ।
ਭੇਡਾਂ ਉੱਨ ਲੁਹਾਕੇ ਹਾਕਮ ਨੀਵੀਂ ਪਾਕੇ ਘਰਾਂ ਨੂੰ ਆਈਆਂ।

ਦਿਨ ਦਿਹਾੜੇ ਲੁਟਨ ਲੋਟੂ, ਕੀ ਬਣੂ ਧਰਮੀ ਭੋਲਿਆਂ ਦਾ।
ਅੰਨੀ ਨੂੰ ਬੋਲ੍ਹਾ ਘੜੀਸੇ, ਹੱਥ ਫੜਿਆ ਪਖੰਡੀ ਟੋਲਿਆਂ ਦਾ।
ਜਾਗੋ! ਕਰੋ ਪਰਦਾ ਫਾਸ਼! ਭੇਖੀ ਰੰਗ ਬਰੰਗੇ ਚੋਲਿਆਂ ਦਾ।
ਅੰਨੀ ਮਚਾ ਰੱਖੀ ਹਾਕਮ ਪਿੱਛਾ ਛੱਡੋ ਭਾਈ ਵਿਚੋਲਿਆਂ ਦਾ।

ਰੱਬ ਨੇੜੇ ਸ਼ਾਹਰਗ ਤੋਂ, ਦਿਸੇ ਨਾ ਨੇੜਤਾ ਦੋਸ਼ ਕਰਕੇ।
ਕੰਨੀ ਨਹੀਂ ਸੁਣੇ, ਹੋਏ ਅਨੁਭਵ, ਅਪਨੀ ਖੋਜ ਕਰਕੇ।
ਲੱਭੇ ਮੰਜ਼ਲ ਬੇਗ਼ਮਪੁਰਾ, ਸਮਝੇ ਸੋ ਹੰ ਹੋਸ਼ ਕਰਕੇ।
ਮਿਲੇ ਸੱਚਖੰਡ, ਹਾਕਮ ਫੱਟੀ ਮਾਇਆ ਦੀ ਪੋਚ ਕਰਕੇ।

ਇਹਨੀਂ ਗੁਣੀਂ ਸੰਤ ਕਹਾਏ, ਆਪ ਪਛਾਣੇ, ਬੂਝੇ ਮੈਂ ਸੋਇ।
ਇੱਕ ਜਾਣ ਇੱਕ ਹੋਏ ਹਰ, ਆਪਾ ਸੋ ਮੂਲ ਨਾ ਦਿਸੇ ਦੋਇ।
ਅਜੇਹੇ ਅਨੁਭਵੀ ਨੂੰ ਮਿਲਨੇ ਜਾਏ, ਸਾਥ ਲੀਜੇ ਨਾ ਕੋਇ।
ਪਿਛੇ ਪੈਰ ਨਾ ਰੱਖੀਏ ਹਾਕਮ ਸੰਤ ਮਿਲ ਸੰਤ ਹੀ ਹੋਈ।

ਕੰਮ ਨਾ ਕਰਨ ਹੱਥੀਂ, ਗੱਲੀਂ ਟਾਕੀਆਂ ਲਉਣ ਅਸਮਾਨੀ।
ਚਿੱਟੇ ਸਾਫ ਚਿਲਕਣੇ ਬਾਹਰੋਂ, ਮਨ ਅੰਦਰ ਬੇਈਮਾਨੀ।
ਅੱਖਾਂ ਮੀਟ, ਮੂੰਹ ਟੱਡ, ਮਨ'ਚ ਡੱਡ, ਕਰਤੂਤ ਸ਼ੈਤਾਨੀ।
ਭੇਖ ਮੋਮਨਾਂ, ਕੰਮ ਕਾਫਰਾਂ ਹਾਕਮ ਦੇਖ ਹੋਏ ਹੈਰਾਨੀ।

ਢੂੰਡੇ ਬਾਹਰ, ਹਿਰਦੈ ਯਾਰ, ਪਹਾੜੀਂ ਨਹੀਂ ਛੁੱਪ ਗਿਆਈ।
ਸੁਆਮੀ ਅੰਤਰਜਾਮੀ, ਸੰਗ ਜਾਨੀ ਵੱਖ ਨਾ ਲੁੱਕ ਗਿਆਈ।
ਅੰਮ੍ਰਿਤਧਾਰਾ, ਸੁੱਖ ਫੁਹਾਰਾ, ਵਗੇ ਨਿੱਤ, ਨਾ ਮੁੱਕ ਗਿਆਈ।
ਹਰਿ ਹਰਿਆਵਲ ਸਦਾ ਹਾਕਮ ਕਦੀ ਨਾ ਸੁੱਕ ਗਿਆਈ।

ਸੰਤ ਸੋ ਪੂਰਾ ਜਾਣੀਐ, ਜਿਤ ਸੰਗ ਭਵਸਾਗਰ ਤਰੀਐ।
ਮਾਇਆ ਮੋਹਨੀ ਮੋਹੇ ਨਾ, ਮੁਰਗ਼ਾਈ ਵਾਂਗਰ ਵਿਚਰੀਐ।
ਦੁੱਖ ਵਿਸ਼ੈ ਅੱਗ ਲੱਗੇ ਜੱਗ, ਸੁਫਨ ਵਿੱਚ ਨਹੀਂ ਜਰੀਐ।
ਸਹਿਜ ਮਿਲੇ ਸੋ ਥਿਰ ਰਹੇ ਹਾਕਮ ਨਾ ਝੁਰੀਐ ਨਾ ਮਰੀਐ।

ਸੱਚਾ ਵਿਰੱਕਤ ਸੰਤ ਮਿਲੈ, ਕੁੱਝ ਸੁਣੀਐ, ਕੁੱਝ ਕਹੀਐ।
ਮਿਲੇ ਭੇਖਧਾਰੀ ਪਖੰਡੀ, ਕੰਨ ਮੁੰਦ, ਚੁੱਪ ਕਰ ਰਹੀਐ।
ਕੰਨੀ ਖਿਸਕਾਏ ਖਿਸਕੀਏ, ਅੱਖ ਬਚਾਕੇ ਰਾਹ ਪਹੀਐ।
ਸ਼ਰ੍ਹਈ ਦਵੈਸ਼ੀ ਦੰਭੀ ਦੀ ਹਾਕਮ ਮੱਤ ਭੁੱਲ ਨਾ ਲਹੀਐ।

ਸੰਗਤ ਕਰੀਏ ਅਨੁਭਵੀ ਦੀ, ਆਪ ਤਰਿਆ ਅਵਰਾਂ ਤਾਰੇ।
ਬੰਧਨ ਮੁਕਤ ਕਰੇ, ਅਗਿਆਨ ਹਰੇ, ਦਵੈਸ਼ ਨਿਵਾਰੇ।
ਕਰਮਾਂ ਧਰਮਾਂ ਪੂਜਾ ਪਾਠਾਂ ਭਰਮਾਂ ਦੀ ਮੰਜੀ ਮੂਧੀ ਮਾਰੇ।
ਭੰਬਲ-ਭੁਸੇ ਛਡਾਕੇ ਹਾਕਮ ਮੈਂ ਜਣਾਕੇ ਕਾਜ ਸਵਾਰੇ।

ਸੁਰਗਾਂ ਦੇ ਲਾਰੇ, ਹੂਰਾਂ ਦੇ ਲਾਲਚ ਦੇਕੇ ਲਾਲਚੀ ਫਸਾਨ।
ਦੁੱਧ-ਨਦੀਆਂ, ਸੋਨ-ਪੁਰੀਆਂ, ਸੁਣਕੇ ਮੂਰਖ ਫੱਸ ਜਾਨ।
ਆਪਣੇ ਲਾਲਚ ਦੇ ਜਾਲ' ਚ ਫਸ, ਅਪਨੀ ਉੱਨ ਲੁਹਾਨ।
ਫਸੇ ਮਰਨ ਹਾਕਮ ਛਡਾਨ ਵਾਲੇ ਨੂੰ ਅੱਖੀਆਂ ਵਖਾਨ।

ਸ਼ਣ-ਪਰਵਾਰ ਡੁੱਬੇ, ਅੰਧਵਿਸ਼ਵਾਸ' ਚ ਛਿੱਲ ਪਟਾਨ।
ਆਧੀ ਹੋ ਗਏ ਠਗਾਣ ਦੇ, ਵਹਿਮ ਪਾਕੇ ਠੱਗ ਠੱਗੀ ਜਾਨ।
ਦੇਵਤੇ ਪੂਜਨ ਸੌਖਾ ਹੈ, ਕਠਨ ਹੈ ਬਨਣਾ ਇਨਸਾਨ।
ਦੇਖਨ ਨੂੰ ਲੱਗੇ ਮਨੁੱਖ ਹਾਕਮ ਕੰਮੀ ਬਣਿਆ ਸ਼ੈਤਾਨ।

ਝੂਠੀ ਮੈਂ ਮੇਰੀ ਛੱਡ, ਹੋਣਾ ਸੀ ਸਤ ਚਿੱਤ ਨੰਦ ਭਗਵਾਨ।
ਮ੍ਰਿਗਤ੍ਰਿਸ਼ਨਾ ਪਿੱਛੇ ਨੱਠੇ, ਛੱਡ ਕਾਇਮ ਦਾਇਮ ਮਕਾਮ।
ਪਰਛਾਈਂ ਫੜਨ ਦੌੜੇ, ਕਦੀ ਨਾ ਪਾਏ ਸੁੱਖ ਅਸਥਾਨ।
ਭੇਡਾਂ ਵਾਂਗ ਅੰਨੇ ਖੂਹ ਡਿੱਗੇ ਹਾਕਮ ਲਾਈ ਲੱਗ ਜਹਾਨ।

ਵਾਜੇ ਵਜਾ ਤਾਲ ਖੜਕਾ, ਫਸਾ ਲੈਣ ਅਨਭੋਲ ਬਟੇਰੇ।
ਕਰਮ ਕਾਂਡ ਪੂਜਾ ਦੇ ਚੱਕਰ ਵਿੱਚ, ਫੱਸ ਜਾਨ ਬਥੇਰੇ।
ਅੱਖ ਕੰਨ ਰਸ ਦੇ ਮਾਰੇ, ਫੱਸ ਜਾਨ ਵਿੱਚ ਘੁਮਨਘੇਰੇ।
ਕੋਲੂ ਦੇ ਬੈਲ ਬਣਕੇ, ਹਾਕਮ ਟੁਰ ਗਏ ਵੱਡ ਵਡੇਰੇ।

ਸੱਪ ਦੇ ਮੂੰਹ ਕਿਰਲੀ, ਖਾਏ ਕੋਹੜੀ, ਛੱਡੇ ਨੈਣ ਕੱਡੇਰੇ।
ਸੱਤ ਜਨ ਸੰਗਤ ਜਲ ਪਾਏ, ਛੁਟਨ ਸਹਿਜ ਸੁਖੇਰੇ।
ਸ਼ਾਖਸ਼ੀ ਸੋ ਮੈਂ ਦਾ ਸੱਚਾ ਦ੍ਰਿੜ ਨਿਸ਼ਚਾ ਰੱਖ ਸਾਂਝ ਸਵੇਰੇ।
ਅਨੁਭਵ ਆਪੇ ਦਾ ਹਾਕਮ ਕਰੇ ਦੂਰ ਭਰਮ ਹਨ੍ਹੇਰੇ।

ਆਪ ਹੋਏ ਅੰਦਰੋਂ ਗੁਰਮੁੱਖ, ਹੋਰਨਾਂ ਸਤ ਕਰ ਤਾਰੇ।
ਪੱਲਾ ਫੜੇ ਪੂਰਨ ਨਿੱਜ ਸੱਤ ਦਾ ਭਵਜਲ ਲੰਘੇ ਪਾਰੇ।
ਅੱਖਾਂ ਖੋਲ ਸੱਚ ਪਛਾਣੇ, ਮਨੁੱਖਤਾ ਨੂੰ ਨਿੱਤ ਸਤਕਾਰੇ।
ਚੜ੍ਹੇ ਸੋ ਸੂਰਜ ਮਿਟੇ ਰਾਤ ਹਾਕਮ ਨਸਾਏ ਅੰਧਕਾਰੇ।

ਮਰੇ ਜੰਮੇ ਨਾ ਆਏ ਜਾਏ, ਮਿਥਿਆ ਇਹ ਸੱਭ ਬਦਲਾਉ।
ਹੋਏ ਰਹੇ ਤੁਰੀਆ ਸ਼ਾਖਸ਼ੀ, ਰੱਖ ਭਰਮ ਨਾ ਭਰਮਾਉ।
ਹੱਦ ਟੱਪੇ ਦੇਹੀ ਦੀ, ਹੋਏ ਅਨਹੱਦ ਸੱਚ' ਚ ਸਮਾਉ।
ਜਨਮ ਮਰਨ ਤ੍ਰਾਸ ਮਿਟੇ, ਹਾਕਮ ਸਦਾ ਰਹੇ ਟਕਾਉ।

ਗੁਰੂ ਜਗਮਗ ਜੋਤ ਜਗਦੀ, ਬੁਝੀਆਂ ਜੋਤਾਂ ਦੇ ਜਗਾਏ।
ਸਮਝਾ ਕੇ ਮੈਂ ਸੱਚ ਦੀ, ਰਾਹ ਸਤ ਚਿਤ ਨੰਦ ਦੇ ਪਾਏ।
ਅਨੁਭਵ ਹੋ ਜਾਏ ਸੱਚ ਦਾ, ਨਾ ਚਿੰਤਾ ਫਿਰ ਕਦੀ ਜਲਾਏ।
ਧੰਧਨ ਬੰਧਨ ਮੁਕਤ ਹੋ ਹਾਕਮ ਗੀਤ ਖੁਸ਼ੀ ਦੇ ਗਾਏ।

ਬਾਹਰ ਭੀਤਰ ਏਕੋ ਜਾਣੇ, ਅਵਰ ਨਾ ਜਾਣੇ ਦੂਜਾ ਕੋਏ।
ਸਮਝ ਦੂਜਾ ਨਾ ਕਰੇ ਪੂਜਾ, ਨਾ ਅੱਗੇ ਹੱਥ ਜੋੜ ਖਲੋਏ।
ਬਿਨ ਸਮਝੇ ਨਿੱਜ ਆਪਾ, ਰਹਿਨ ਅਕਲ ਦੇ ਬੂਹੇ ਢੋਏ।
ਜੜ ਗੁਰੂ ਲੜ ਫੜ ਹਾਕਮ ਬਹਿ ਕਰਮਾਂ ਨੂੰ ਰੋਏ।

ਧਰਤੀ ਉੱਤੇ ਸੁਰਗ ਜੇ ਚਾਹੇਂ ਭੋਗਨਾ, ਰੂਪ ਸਵੈ ਜਾਨ।
ਲੱਭਨਾ ਛੱਡਕੇ ਰੱਬ ਨੂੰ, ਅਪਨੇ ਆਪ ਦੀ ਕਰ ਪਛਾਨ।
ਕੰਧ ਢਹਿਜੂ ਝੂਠ ਦੀ, ਸੱਤ ਅਸੱਤ ਦੀ ਕਰ ਪਹਿਚਾਨ।
ਭਾਂਡਾ ਭਜਊ ਪਖੰਡ ਦਾ ਹਾਕਮ ਸੱਚ ਦਾ ਝੁੱਲੂ ਨਿਸ਼ਾਨ।

ਅੰਧਵਿਸ਼ਵਾਸੀ ਹੱਥ ਜੋੜ ਕਰ, ਰੱਬ ਨੂੰ ਬੁੱਧੂ ਬਣਾਨ।
ਅੱਗੇ ਵੱਡੀ ਰੱਖ, ਬੇਨਤੀ ਕਰ, ਕੰਮਾਂ ਦੀ ਲਿਸਟ ਸੁਣਾਨ।
ਹਮ ਕੂਕਰ, ਸੂਕਰ, ਤੁਮ ਹੋ ਅੰਤਰਜਾਮੀ ਜਾਣੀਜਾਨ।
ਮੂਰਖਤਾ ਨਾਲ ਚਾਹਨ, ਹਾਕਮ ਰੱਬ ਤੋਂ ਪਾਣੀ ਭਰਾਨ।

ਅੱਖਾਂ ਮੀਚ, ਹੱਥ ਬੰਨ, ਮੂਰਖਾਂ ਨੇ ਪੀੜੀ ਦਰ ਪੀੜੀ ਡੋਬੀ।
ਸਮਝ ਬਿਨ, ਘਰ ਦੇ ਰਹੇ ਨਾ ਘਾਟ ਦੇ, ਜਿਓਂ ਕੁੱਤਾ ਧੋਬੀ।
ਅਗਿਆਨੀ ਛਿੱਲ ਪਟਾ ਲਈ ਅਪਨੀ, ਲੜ ਫੜਕੇ ਲੋਭੀ।
ਮੱਤ ਅਗਿਆਨ ਮਾਰ ਦਿੱਤੀ ਹਾਕਮ ਪੱਲੇ ਰਹੀ ਨਾ ਕੌਡੀ।

ਇਮਾਨ ਵੇਚਨ ਧੰਨ ਦੇ ਭੁਖੇ ਟੌਰ ਦਿਖਾਲਨ ਵਾਸਤੇ।
ਧਰਮ ਵੇਚਨ ਅਪਨਾ, ਮਤਲਬ ਨਿਕਾਲਨ ਵਾਸਤੇ।
ਲਾਜ ਤਜ ਤਨ ਵੇਚਨ ਲੋਕੀਂ, ਤਨ ਦੇ ਬਾਲਨ ਵਾਸਤੇ।
ਸੌ ਸੌ ਪਾਪੜ ਵੇਲਨ ਹਾਕਮ ਚੌਧਰ ਭਾਲਨ ਵਾਸਤੇ।

ਆਪੋ ਆਪਣੇ ਰੱਬ ਬਣਾ ਲੋਕੀਂ, ਕੋਈ ਬਲਦ ਤੇ ਚੜ੍ਹਾਵੇ।
ਪੂਜਨ ਲਈ, ਬੰਦੇ ਦੇ ਧੜ ਤੇ, ਕੋਈ ਹਾਥੀ ਦਾ ਸਿਰ ਲਾਵੇ।
ਜੰਡ ਬੇਰੀ ਬਾਂਦਰ ਬੁੱਕਾਂ ਪੂਜਨ, ਕੋਈ ਟੱਲ ਖੜਕਾਵੇ।
ਦਸਵੰਧ ਦੇ ਦਾਨ ਹਾਕਮ ਰੱਬ ਨਾਲ ਕਰਨ ਛਲਾਵੇ।

ਆਪਣੇ ਹੱਥੀਂ ਬੁੱਤ ਬਣਾ, ਟਿੱਕੇ ਲਾ, ਬੁੱਤਖਾਨੇ' ਚ ਟਕਾਏ।
ਆਪੇ ਲੰਮੇ ਪੈ ਮੱਥੇ ਰਗੜਦੇ, ਆਪੇ ਭਗਵਾਨ ਬਣਾਏ।
ਆਪੇ ਹੱਥ ਜੋੜ ਲਿਲੜਾਂ ਕੱਡਦੇ, ਆਪੇ ਪਾਪ ਬਖਸ਼ਾਏ।
ਆਪੇ ਫਸੇ ਲਾਲਚੀ ਹਾਕਮ ਆਪਣੇ ਹੱਥੀਂ ਜਾਲ ਵਛਾਏ।

ਕਰਮ ਹੱਠ ਅਗਿਆਨ ਵਧੇ, ਗਿਆਨ ਨਾ ਪਾਇਆ ਜਾਏ।
ਧੰਨ ਕਾਰਨ ਭੇਖ ਕਰੇ, ਦੁੱਖ ਭੋਗੇ, ਤਨ ਮਨ ਤਪਾਏ।
ਅੰਧਵਿਸ਼ਵਾਸ਼ ਵਿੱਚ ਫਸਕੇ, ਅਹਿਲਾ ਜਨਮ ਗਵਾਏ।
ਰਹਿਬਰ ਰਹਿਤ ਹਾਕਮ ਪੁੰਨਾਂ ਪਾਪਾਂ ਵਿੱਚ ਗੋਤੇ ਖਾਏ।

ਰਸਨਾ ਨਾਲ ਰਟੇ ਦਵੈਸ਼ ਵਧੇ, ਹਉਮੈ ਦੇਹੀ ਪਕਾਏ।
ਸਮਝੇ ਨਾ ਸਵੈ-ਸਰੂਪ, ਬੈਗ਼ਾਨਾ ਭਾਲਨ ਬਾਹਰ ਜਾਏ।
ਪਾਣੀ ਪਾਣੀ ਜਪੇ ਪਿਆਸ ਨਾ ਉੱਤਰੇ, ਬਿਨ ਪਾਣੀ ਪਿਆਏ।
ਲੱਖ ਵਾਰੀ ਖੰਡ ਸਿਮਰੇ ਹਾਕਮ ਮਿਠਾਸ ਨਾ ਜੀਭਾ ਪਾਏ।

ਆਪ ਪਛਾਣੇ ਹਰ ਮਿਲੇ, ਹਰ ਹੋਏ ਹੀ ਆਤਮਕ ਸੁੱਖ।
ਹਰ ਹਰ ਵਿੱਚ ਹਰ ਹੋ ਰਹੇ, ਰੋਗ ਸੋਗ ਮਿਟਨ ਦੁੱਖ।
ਸਹਿਜ ਵਸੇ ਮਨ ਆਏ ਮੈਂ, ਓਤਰੇ ਵਿਸ਼ੈ ਵਾਸ਼ਨਾ ਭੁੱਖ।
ਅਗਿਆਨ ਅੰਧੇਰ ਬਿਨਸੇ ਹਾਕਮ ਹੋਏ ਉਜੱਲ ਮੁੱਖ।

ਹਰ ਹਰ ਕਰਦੇ ਹਰ ਹੋਏ, ਭੇਦ ਭਰਮ ਸੱਭ ਜਾਏ।
ਏਕਸ ਸਿਉ ਮਿਲ ਏਕ ਹੋਏ, ਨਹੀਂ ਜਾਏ ਨਾ ਆਏ।
ਦੂਈ ਦਵੈਸ਼ ਦੁੱਖ ਪੋਹ ਨਾ ਸਕੇ, ਹਰ ਮੇਂ ਰਹੇ ਸਮਾਏ।
ਸ੍ਵੈਅਨੁਭਵ ਹੋਏ ਹਰ ਹਾਕਮ ਨਿਕਟ ਨਾ ਢੁੱਕੇ ਮਾਏ।

ਰੱਬ ਇੱਕ ਅਪਨੀ ਕਹਾਨੀ, ਸੋ ਰੱਬ ਅਪਨਾ ਨਿੱਜੀ ਧੰਦਾ।
ਉਤਾਰਨ ਲੱਗਿਆਂ ਮਾਇਆ ਪਰਦੇ, ਰੱਬ ਹੋ ਜਾਇ ਨੰਗਾ।
ਵੱਖ ਸੀ ਜਿਸ ਨੂੰ ਲੱਭਦਾ, ਜਾਨ ਆਪਾ ਰੱਬ ਹੋ ਜਾਏ ਬੰਦਾ।
ਲੱਖਾਂ ਥੋਤੇ ਭੇਖੀਆਂ ਨਾਲੋਂ ਹਾਕਮ ਸਵੈ-ਅਨੁਭਵੀ ਚੰਗਾ।

ਬ੍ਰਹਮੰਡੀ ਕਿਰਤਾਂ ਵਿੱਚੋਂ, ਸੱਭ ਤੋਂ ਉਤੱਮ ਮਨੁੱਖਾ ਦੇਹੀ।
'ਜੋ ਬ੍ਰਹਮੰਡੇ ਸੋਈ ਪਿੰਡੇ' ਜੋ ਖੋਜੇ ਦੇਹੀ ਮਾਹੇ ਸੋਹੀ ਲੇਹੀ।
ਨਾ ਜਾਨਣ ਕਰਮੀ ਅਗਿਆਨੀ, ਅੰਦਰ ਸੋ ਜੋਤੁ ਜਗੇਹੀ।
ਨਿਗੁਰਾ ਨਿਰਧਨ ਦੁੱਖੀ ਹਾਕਮ ਅੰਦਰੋਂ ਲਾਲ ਮਿਲੇਹੀ।

ਜਿਸ ਦੇਹੀ ਨੂੰ ਤਰਸਨ ਦੇਵੀ ਦੇਵ, ਸੋ ਦੇਹੀ ਬੁੱਤ ਪੂਜੇ।
ਦੇਹੀ ਵਿੱਚ ਮਾਨਕ ਮੋਤੀ, ਇੱਕ ਭੁੱਲ ਗਿਆ ਲੱਗ ਦੂਜੇ।
ਹਨ੍ਹੇਰੇ ਵਿੱਚ ਟੱਕਰਾਂ ਮਾਰੇ, ਸੋ ਗਿਆਨ ਨਹੀਂ ਕੁੱਝ ਸੂਝੇ।
ਕਾਇਆ ਆਵਨ ਜਾਵਨੀ ਹਾਕਮ ਥਿਰ ਆਪਾ ਰੱਬ ਬੂਝੇ।

ਨਾ ਕੁੱਝ ਆਏ, ਨਾ ਜਾਏ, ਸਰਬ ਰਾਮ ਰਿਹਾ ਸਮਾਈ।
ਹਰਜਾਈ, ਹਰ ਨਦਰੀਂ ਆਇਆ, ਕਸ਼ਟ ਰਹੇ ਨਾ ਕਾਈ।
ਇੱਕ ਨਾਲ ਇੱਕ ਹੋਕੇ ਦੇਖਿਆਂ, ਪੰਡਤ ਰਹੇ ਮੈਂ ਨਾ ਭਾਈ।
ਸਰਵ ਵਿਆਪੀ ਮੈਂ ਸ਼ਾਖਸ਼ੀ ਹਾਕਮ ਮੇਰ ਰਹੇ ਨਾ ਰਾਈ।

ਪਹਿਲਾਂ ਮੌਤ ਮਨਜ਼ੂਰ ਕਰ, ਜੀਵਨ ਤੋਂ ਹੋਏ ਨਿਰਾਸ।
ਦੇਹ ਅਭਿਮਾਨ ਤਜ, ਰੇਨ ਹੋਏ ਜਾਏ, ਬਹੇ ਸੰਤਾਂ ਪਾਸ।
ਸੱਤ ਸੁਣੇ ਸਤ ਸਮਝੇ, ਸਤ ਮੰਨੇ ਮੈਂ ਸੋ ਹੰ ਸ੍ਵਾਸ ਸ੍ਵਾਸ।
ਝੂਠੀ ਦੇਹ ਸਮਗਰੀ ਛੱਡਕੇ ਹਾਕਮ ਸੱਚੀ ਰਹਿਰਾਸ।

ਧਰਮ ਸਥਾਨ ਬਣਾਏ, ਲੜਾਏਂ, ਵਧਾਏਂ ਭੇਦ ਹਉਮੇਂ।
ਭਿੱਟ ਸੁੱਚ ਪਿੱਛੇ ਮਰ ਮਿਟਨ, ਮੇਰ ਨਾ ਛੱਡਨ ਮੋਹ ਮੇਂ।
ਬਾਹਰੋਂ ਭੇਖ ਸਾਧਾਂ, ਮਨ ਰਖੇਂ ਗੋਲਕ ਲੰਘਰ ਲੋਹ ਮੇਂ।
ਹੋਰਾਂ ਨਾਮ ਜਪਾਏਂ ਹਾਕਮ ਆਪ ਰਹੇਂ ਮਾਇਆ ਖੋਹ ਮੇਂ।

ਨਾਮ ਜਪਾਏਂ ਮੂਰਖ ਬਣਾ, ਅਪਣਾ ਮਨ ਮਾਇਆ ਖੱਟੇ।
ਸਿਖਿਆ ਦੇ ਦਸਾਂ ਨੌਹਾਂ ਦੀ, ਆਪ ਵਿਹਲਾ ਬੈਠ ਦੇਗਾਂ ਚੱਟੇ।
ਭੁੱਖੇ ਕਿਰਤੀਆਂ ਦੀ ਮਿਹਨਤ ਖਾ, ਆਪ ਬਣੇ ਹੱਟੇ ਕੱਟੇ।
ਮੰਗਣ ਵਾਸਤੇ ਹਾਕਮ ਬਾਨੀ ਦੀਆਂ ਤੁਕਾਂ ਨੂੰ ਲਾਏ ਰੱਟੇ।

ਸਜਨ ਢੂਢੇਂਦੀ ਮੰਦਰੀਂ, ਸੁਹਾਗ ਸੱਜਨੀ ਲਭਨਾ ਨਾਈ।
ਸੰਤ ਭੇਟੀਏ ਸਹੁ ਮਿਲੇ, ਸੋ ਹੰ ਮੈਂ ਅਲਖ ਦੇਣ ਮਿਲਾਈ।
ਢੂੰਡਨ ਕਿੱਥੇ ਜਾਈਏ, ਜਾਂ ਸਰਬ ਹਰ ਮੈਂ ਰਿਹਾ ਸਮਾਈ।
ਅੰਦਰੋਂ ਸਹੁ ਮੈਂ ਇੱਕ ਹੋਈ ਹਾਕਮ ਮਿਟ ਜਾਏ ਜੁਦਾਈ।

ਛੱਡ ਪਖੰਡ ਸਿਧੇ ਸਾਧੇ ਰਹੀਏ, ਨਾ ਲਈਏ ਪੁੱਠੇ ਪੰਗੇ।
ਨਾ ਕੁਝ ਮਾਲ ਆਇਆ ਨਾਲ, ਨਾ ਮਾਇਆ ਮੱਤ ਚੱਲੇ ਸੰਗੇ।
ਤਜ ਹਰ ਬਹਾਰਾਂ, ਅੰਮ੍ਰਿਤ ਫੁਹਾਰਾਂ, ਵਿਸ਼ਿਆਂ ਫਾਹੇ ਟੰਗੇ।
ਕਰੇ ਭੇਖ ਰੰਗ ਬਰੰਗੇ ਹਾਕਮ ਅੰਦਰੋਂ ਨੰਗ ਧੜੰਗੇ।

ਮੜੀ ਮਸਾਨੀ ਪੂਜਾ ਥਾਨੀਂ, ਸਰਬ ਬਣੇ ਸੇਹ ਦੇ ਤੱਕਲੇ।
ਨਿਰਮਾਨ ਹੋ ਨੱਕ ਰਗੜੇ, ਮਾਨ ਅਭਿਮਾਨ ਨਾ ਪਿਗਲੇ।
ਕੀਤੇ ਪਾਪ ਬਖ਼ਸ਼ਾਕੇ, ਹੋਰ ਕਰਨ ਨੂੰ ਸ਼ੇਰ ਹੋ ਨਿਕਲੇ।
ਮੂਰਖ ਬਣਕੇ ਲੁੱਟੇ ਗਏ ਹਾਕਮ ਮੱਤ ਨਾ ਰਹੀ ਪਲੇ।

ਦਾਸ ਬਣ ਪੂਜਾ ਥਾਨ ਗਿਆ, ਲਿਟਦਾ ਲਿਟਦਾ ਥੱਲੇ ਥੱਲੇ।
ਦੇ ਥਾਪੀ ਆਖੇ ਪੂਜਾਰੀ, ਅੰਧਵਿਸ਼ਵਾਸ਼ੀ ਸ਼ੇਰਾ ਬੱਲੇ ਬੱਲੇ।
ਪਖੰਡੀ ਦੇ ਪੈਰੀਂ ਲੱਗ, ਸੇਵਕ ਹਲਾਇਆ ਨਾ ਹਿੱਲੇ ਹੱਲੇ।
ਮਾਰੀ ਮੱਤ ਗ਼ਰੀਬੀ ਹਾਕਮ ਛੱਡਿਆ ਕੁੱਝ ਨਾ ਪੱਲੇ ਪੱਲੇ।

ਮਾਇਆਧਾਰੀ ਅੰਨਾ ਬੋਲਾ, ਘੋਗੜ ਗੰਦਗੀ ਨੂੰ ਲਪਟਾਏ।
ਧੰਨ ਕਾਰਨ ਨੱਚੇ ਰੰਨ ਬਣ, ਦਿਨ ਰਾਤ ਫਸੇ ਫਸਾਏ।
ਅਪਨਾ ਆਪ ਨਾ ਬੂਝੇ ਸੂਝੇ, ਸਾਰੀ ਉਮਰ ਛਿੱਲ ਪਟਾਏ।
ਮਨ ਕਾਲਾ ਤਨ ਰੋਗੀ ਹਾਕਮ ਨਾ ਮਾਇਆ ਸਾਥ ਨਿਭਾਏ।

ਮਾਇਆ ਕਾਰਨ ਧੰਦ ਪਿੱਟੇ ਬਥੇਰੇ, ਸਾਥ ਨਾ ਇਹ ਜਾਏ।
ਛੱਡ ਖਲੋਏ ਸੁਪਨ ਵਾਂਗਰ, ਜਾਂਦੀ ਨਦਰ ਨਹੀਂ ਆਏ।
ਜੋ ਇਸਦੀ ਸੇਵਾ ਕਰੇ, ਓਸੇ ਨੂੰ ਹੀ ਫਿਰ ਬਿਨ ਦੰਦਾਂ ਖਾਏ।
ਮੱਤ ਮਾਰੇ ਪਾਗ਼ਲ ਕਰੇ ਹਾਕਮ ਅੰਨ੍ਹੇ ਖੂਹ ਵਿੱਚ ਪਾਏ।

ਮਾਇਆ ਕਾਰਨ ਮੜ੍ਹੀ ਡੇਰੇ ਪੂਜੇ, ਅਕਲ ਈਮਾਨ ਰੋੜੇ।
ਮੱਥੇ ਨਾ ਲੱਗਨ ਯੋਗ ਘੋਗੜ ਲੋਭੀ, ਜਾਏ ਝਾੜਨ ਜੋੜੇ।
ਭੇਡਾਂ ਚਾਲੀ ਡਾਰਾਂ ਬੰਨੀ, ਅਨੇਕਾਂ ਇੱਜੜ ਬਣ ਜਾਂਦੇ ਦੌੜੇ।
ਖੂਹ ਖ਼ਾਤੇ ਡਿਗਨ ਹਾਕਮ ਮੁੜਨ ਨਹੀਂ ਕਿਸੇ ਦੇ ਮੋੜੇ।

ਡੇਰੇ ਦੇ ਬੁੱਧੂ ਨੂੰ ਦਸਵੰਦ ਦੇ, ਮੂਰਖ ਕਰਨ ਪ੍ਰਸ਼ਨ।
ਪੈਰੀਂ ਪੈਸੇ ਰੱਖ, ਹੱਥ ਜੋੜਕੇ, ਮੂਹੋਂ ਕਹਿਨ ਧੰਨ ਧੰਨ।
ਮਾਲ ਚੁੱਕ ਖ਼ੁਸ਼ ਹੌਕੇ, ਲੋਭੜ ਬਣੇ ਜਣੇ ਖਣੇ ਦੀ ਰੰਨ।
ਚੋਰ ਕਹੇ ਹਾਕਮ ਪਾਣੀ ਪਿਲਾ ਘੋਗੜਾ ਕੱਡੀ ਬੈਠੈਂ ਕੰਨ।

ਜੀਵਨ ਜੀਉਣਾ ਸਵੈਮਾਨ ਲਈ, ਸਵੈਸਤਿਕਾਰ ਲਈ।
ਮਨੁੱਖ ਸਫਲ ਜੋ ਸ੍ਵੈਕਾਬੂ ਰੱਖੇ, ਅਪਨੇ ਸੁਧਾਰ ਲਈ।
ਸੁਚੱਜੀ ਜਿੰਦਗੀ, ਸੋਚ ਪੈਦਾ ਕਰੇ ਪਰਉਪਕਾਰ ਲਈ।
ਤੰਨ ਨਿਰੋਗ ਰਹੇ ਹਾਕਮ ਜੀਵੇ ਨੌਂ-ਦਸਾਂ ਦੀ ਕਾਰ ਲਈ।

ਕਠਨ ਹੈ ਅਸੰਭਵ ਨਾ, ਧਰਤੀ ਸੁਰਗ ਬਣਾ ਸਕਨਾ।
ਜੇ ਕਰ ਹੋਵੇ ਧਰਮ ਕੰਡੀਲੀਆਂ ਵਾੜਾਂ ਨੂੰ ਹਟਾ ਸਕਨਾ।
'ਮਾਨਸ ਜਾਤ ਏਕੋ' ਜੇ ਚਾਹਨ ਸੱਭ, ਇੱਕ ਕਹਾ ਸਕਨਾ।
ਏਕੇ' ਚ ਜਾਗੀ ਜੰਤਾ, ਹਾਕਮ ਥਾਂ ਥਾਂ ਸੁਰਗ ਵਸਾ ਸਕਨਾ।

ਧਰਮਾਂ ਕਰਮਾਂ ਜਾਤਾਂ ਦੇ ਤਾਵੀਜ਼, ਜੇ ਗਲੋਂ ਲਾ ਸਕੀਏ।
ਸ਼ੁਰਗ ਹੈ ਧਰਤੀ, ਜੇ ਵਿਤਕਰੇ ਦਾ ਵੱਡ ਫਾਹ ਸਕੀਏ।
ਅਣਪੜਤਾ ਅੰਧਵਿਸ਼ਵਾਸ਼, ਜੇ ਦੂਰ ਭਜਾਹ ਸਕੀਏ।
ਸੁਰਗ ਪੈਰਾਂ ਥੱਲੇ ਹਾਕਮ ਜੇ ਨਫਰਤਾਂ ਹਟਾ ਸਕੀਏ।

ਅੰਦਰ ਬਹਾਰ ਖਿਜ਼ਾਂ ਬਾਹਰ, ਦੋਵੋਂ ਹੀ ਵਾਂਗ ਪਰਛਾਈਂ।
ਭੀਤਰ ਹਰਿਆਵਲ, ਚੋਫੇਰੇ ਮਾਇਆ ਅਗਨ ਧੁਖਾਈ।
ਸੁੱਖ ਦਾ ਖੇੜ੍ਹਾ ਹਿਰਦੈ ਵਸੇ, ਓਪਰ ਚਿੰਤਾ ਚਿਤਾ ਮਚਾਈ।
ਸੁੱਖ ਦੀ ਨੀਂਦ ਸਉਂਦੇ, ਹਾਕਮ ਜਿਨ੍ਹਾਂ ਅਪਨੀ ਸੋਝੀ ਪਾਈ।

ਬੀਤ ਗਿਆ ਸੋ ਮਰ ਗਿਆ, ਹੱਥ ਨਹੀਂ ਭਵਿੱਖ ਚੰਗਾ ਮੰਦਾ।
ਵਰਤਮਾਨ ਸਰਵ ਸ੍ਰੇਸ਼ਟ, ਇਸ ਵਿੱਚ ਰਹਿਨਾ ਚੰਗਾ।
ਮਰ ਗਿਆਂ ਨੂੰ ਪੂਜਨਾ ਮੰਨਣਾ ਰੋਣਾ, ਸੱਭ ਤੋਂ ਭੈੜਾ ਧੰਦਾ।
ਜੀਊਂਦਾ ਸੱਚਾ ਅਨੁਭਵੀ, ਹਾਕਮ ਸੌ ਕਾਜ਼ ਸਵਾਰੇ ਬੰਦਾ।

ਰੌਸ਼ਨੀ ਦਮਕ ਰਹੀ ਹੈ, ਅੰਦਰ ਹਿਰਦੈ ਦੁਆਰ ਤੇ।
ਘੁੱਪ ਅੰਧੇਰਾ ਛਾਇਆ ਹੈ, ਬਾਹਰ ਮੁਖੜੇ ਦੀ ਨੁਹਾਰ ਤੇ।
ਸੱਚ ਛੱਡੇ ਜਿਉਂਦਾ ਸੜੇ, ਟੇਕ ਰੱਖੇ ਮਾਇਆ ਅੰਗਾਰ ਤੇ।
ਬਿਨ ਸਹੁ ਸੁਹਾਗ ਨਾ ਹਾਕਮ ਪਤਝੜ ਹੈ ਬਹਾਰ ਤੇ।

ਅਕਲੋਂ ਅੰਨੀ ਕੰਨੋ ਕੱਚੀ, ਲੁੱਟੇ ਜਾਣ ਨੂੰ ਫਿਰੇ ਬਹੁਤੇਰੀ।
ਕਉਣ ਬਚਾਏ ਹੱਥੋਂ, ਪਖੰਡੀ ਵਿਹਲੜ ਧਾੜ ਲਟੇਰੀ।
ਸੱਚੇ ਵਿਚਾਰ, ਸਾਂਝੀਵਾਲਤਾ, ਵੰਡੇ ਲੋਕਾਂ' ਚ ਨਾਲ ਦਲੇਰੀ।
ਕੱਡੇ ਭੋਲਿਆਂ ਨੂੰ ਹਾਕਮ ਸੋ ਵਿੱਚੋਂ ਦੰਭੀਆਂ ਦੀ ਹੇਰਾਫੇਰੀ।

ਗ਼ਲਤ ਹੈ ਤੇਰੀ ਬਣਾਈ ਸਕੀਮ, ਕਰਮਾਂ ਨੂੰ ਨਾ ਦੇ ਦੋਸ਼।
ਅੰਧਵਿਸ਼ਵਾਸ਼ ਵਿੱਚ ਫੱਸਕੇ, ਗਵਾ ਬੈਠੈਂ ਅਪਨੀ ਹੋਸ਼।
ਬਿਨ ਉਦੱਮ, ਉਚਤਮ ਆਸ ਨੇ, ਤੂੰ ਕਰ ਦਿਤੈਂ ਬੇਹੋਸ਼।
ਅਪਨੀ ਹੀ ਮ੍ਰਿਗਤ੍ਰਿਸ਼ਨਾ' ਚ, ਹਾਕਮ ਫੱਸ ਗਿਐਂ ਬੇਦੋਸ਼।

ਅਪਨੀ ਅਗਿਆਨਤਾ ਸਰਾਪ, ਨਰਕ ਦੇਹੀ ਵਿੱਚ ਸੁੱਟੇ।
ਵਿਸ਼ੈ ਸੁੱਖ ਵਿੱਚ ਫਸਾਕੇ, ਤਰਿਸ਼ਨਾ ਅੰਨ੍ਹਾਂ ਕਰਕੇ ਕੁੱਟੇ।
ਸਤ ਚਿਤ ਨੰਦ ਭੁਲਾਕੇ, ਜੜ ਅਪਨੀ ਹੱਥੀਂ ਆਪ ਪੁੱਟੇ।
ਸੋ ਮੈਂ ਪਰਤੱਖ ਪਛਾਨੇ ਹਾਕਮ ਬੇਫਿਕਰ ਬੁੱਲੇ ਲੁੱਟੇ।

ਹੈ ਖਾਲਸ ਅਵਸਥਾ ਮੈਂ ਹੰ ਹੀ, ਨਾ ਸਮਝੇ ਮਿਥਿਆ ਦੇਹੀ।
ਸ਼ਾਖਸ਼ੀ ਦ੍ਰਿਸ਼ਟਾ ਬ੍ਰਹਮ ਸੋ ਮੈਂ ਹੀ, ਨਿਸ਼ਚਾ ਛੱਡੇ ਨਾ ਏਹੀ।
ਸੱਚ ਲੱਗ ਕੂੜ ਤੱਜ, ਫਸੇ ਨਹੀਂ ਵਿੱਚ ਮ੍ਰਿਗਤ੍ਰਿਸ਼ਨੇਹੀ।
ਖਾਲਸਾ ਨਹੀਂ ਹਾਕਮ ਜੇ ਤਜੇ ਨਹੀਂ ਮਾਇਆ ਮਿਥਿਆ ਹੀ।

ਚੜੇ ਤਾਪ ਝੂਠੇ ਵਿਸ਼ਿਆਂ ਦਾ, ਸੱਚ ਦੀ ਮਿਠਾਸ ਲੱਗੇ ਕੌੜੀ।
ਲੱਗਨ ਰੋਗ ਸੋਗ ਅਨੇਕਾਂ, ਭੋਗਨ ਤੋਂ ਨਹੀਂ ਕਰੇ ਬੌੜੀ।
ਉਲਝ ਗਿਆ ਵਿੱਚ ਚਮਕ ਦਮਕ ਦੀ ਤਾਣੀ ਲੰਮੀ ਚੌੜੀ।
ਗੁਰ ਬਿਨ ਹਾਕਮ ਕਉਨ ਚੜਾਏ ਸੋ ਹੰ ਸੋ ਮੈਂ ਦੀ ਪੌੜੀ।

ਜਿੰਦ ਰੁਲ ਗਈ ਭੰਗ ਦੇ ਭਾਣੇ, ਹੱਥ ਆਈ ਨੀਮ ਤਬੀਬਾਂ।
ਨਿਗਲ ਲਈ ਵਿਸ਼ਿਆਂ ਸੋ ਮੈਂ, ਹੋਸ਼ ਰਹੀ ਨਾ ਅਪਨੀ ਬੀਬਾ।
ਲੁੱਟ ਲਈ ਮੋਇਆਂ ਰਹਿਬਰਾਂ, ਫਸਾਤੀ ਭੈੜਿਆਂ ਨਸੀਬਾਂ।
ਅਰਸੌਂ ਡੇਗੀ ਹਾਕਮ ਭੁੱਖੇ ਮਾਇਆ ਭੇਖੀ ਗੁਰੂ ਗਰੀਬਾਂ।

ਕਰਮ ਕਰੇ ਕਿਸਮਤ ਬਣੇ, ਕਰ ਨਾ ਆਲਸ ਭਰਮ।
ਨਿੱਜ ਭੇਦ ਲਏ ਮੈਂ ਆਪੇ ਦਾ, ਜੀਵਨ ਦਾ ਹੈ ਇਹ ਮਰਮ।
ਜੋਤ ਜਗ੍ਹੇ, ਹਨ੍ਹੇਰਾ ਜਾਏ, ਨਿੱਜ ਗਿਆਨ ਪਰਮ ਧਰਮ।
ਸ਼ਾਖਸ਼ੀ ਬਣ! ਹਾਕਮ ਤੇਰੇ ਹੱਥ ਤੇਰਾ ਆਪਾ ਕਰਮ।

ਮਾਰੇ ਮਰੇ ਮੂਰਖ ਹੱਥ ਜਿਵੇਂਤਲਵਾਰ ਮਿਆਨ ਬਿਨਾ।
ਕਰਾਏ ਸਰਵ ਨਾਸ਼ ਵਿਗਿਆਨੀ, ਆਤਮ ਗਿਆਨ ਬਿਨਾ।
ਸਤ' ਚ ਲੀਨ ਨਾ ਹੋਏ ਸੁਰਤ, ਅਨੁਭਵੀ ਧਿਆਨ ਬਿਨਾ।
ਮੁਕਤ ਨਾ ਹੋਏ ਕਦੀ ਹਾਕਮ ਆਪੇ ਮੈਂ ਦੀ ਪਛਾਨ ਬਿਨਾ।

ਚੰਗਾ ਭੇਖ ਧਾਰਨ ਕੀਤੇ, ਜੇ ਅਗਿਆਨੀ ਬਣਨ ਗਿਆਨੀ।
ਬੱਗ ਮੋਰ ਉੱਲੂ ਭਾਲੂ ਭੇਡ਼ ਨੂੰ ਕਹੀਏ ਚਿੰਤਕ ਧਿਆਨੀ।
ਭੁੱਖੇ ਭੇਖੀ ਪਖੰਡੀਆਂ, ਭੇਖ ਬਣਾ ਲਏ ਧਰਮ ਨਿਸ਼ਾਨੀ।
ਧਰਮ ਬਣੇ ਲੜਾਈਆਂ, ਹਾਕਮ ਧਰਮੀ ਕਰਨ ਸ਼ੈਤਾਨੀ।

ਮਨੁੱਖ ਹਨ ਸਾਧਕ, ਵਸਤੂਆਂ ਹਨ ਸਾਧਨ ਸਾਰੀਆਂ।
ਵਸਤਾਂ ਅਧੀਨ ਹੋ ਗਿਆ, ਭੁਲਕੇ ਮਾਲਕੀ ਸਰਦਾਰੀਆਂ।
ਪਾਤਸ਼ਾਹ ਅਰਸ਼ਾਂ ਦਾ, ਰੁਲ ਗਿਆ ਵਿੱਚ ਭੀੜ ਭੀਖਾਰੀਆਂ।
ਠੂਠਾ ਨਹੀਂ ਛੁੱਟੇ ਹਾਕਮ ਲਾਕੇ ਮੰਗਤਿਆਂ ਨਾਲ ਯਾਰੀਆਂ।

ਔਕੜ ਵਿੱਚ ਉੱਦਮ ਛੱਡਨਾ, ਕਮਜ਼ੋਰੀ ਹੈ ਡਰਨਾ ਹੈ।
ਡਰਪੋਕਲ ਦਾ, ਮਰਨ ਤੋਂ ਪਹਿਲਾਂ ਹੀ ਹੁੰਦਾ ਮਰਨਾ ਹੈ।
ਸਾਰਾ ਮੰਡਲ ਟਲ ਜਾਏ, ਧਰੂ ਦਾ ਨਹੀਂ ਹੁੰਦਾ ਟਰਨਾ ਹੈ।
ਅਨੁਭਵ ਲਈ ਹਾਕਮ ਪੈਂਦਾ ਸੀਸ ਤਲੀ ਤੇ ਧਰਨਾ ਹੈ।

ਕਾਮ ਕਰੋਧ ਲੋਭ ਮੋਹ ਹੰਕਾਰ ਤਿਆਗਨੋ ਡਰ ਗਏ।
ਸ਼ਾਖਸ਼ੀ ਮੈਂ ਸਵੈਸਰੂਪ ਦੀ ਪ੍ਰਾਪਤੀ ਦੀ ਬਾਜ਼ੀ ਹਰ ਗਏ।
ਜਗਿਆਸਾ ਹੰਬ੍ਰਹਮਅਸਮੀ ਗਿਆਨ ਦੀ ਜੋ ਕਰ ਗਏ।
ਲੈ ਕੇ ਸ਼ਿਖਸ਼ਾ ਗੁਰੂ ਤੋਂ ਹਾਕਮ ਭਵਸਾਗਰ ਤਰ ਗਏ।

ਵਲ ਛਲ ਜਲੌਂ ਕਰ, ਲੁੱਟ ਲੈਣ ਮਜ਼ਦੂਰ ਦੀ ਕਮਾਈ।
ਭੇਖੀ ਠੱਗੀ ਠੋਰੀ ਦਾ ਧਰਮ, ਫਿਰੇ ਭੁਲੇਖਿਆਂ ਵਿੱਚ ਪਾਈ।
ਜਗਾ ਜੋਤਾਂ ਸਜਾ ਦੁਕਾਨਦਾਰੀ, ਜੰਤਾ ਭੋਲੀ ਜਾਣ ਫਸਾਈ।
ਬਗ਼ਲ ਛੁਰੀ ਮੂਹੋਂ ਰਾਮ ਹਾਕਮ ਇਹੀ ਜਗਤ ਕਸਾਈ।

ਕੋਈ ਧਰਮ ਲਈ ਮਰਿਆ, ਕੋਈ ਧਰਮ ਚਲਾ ਮਰਿਆ।
ਕੋਈ ਭੇਖੀ ਗੁਰੁ ਬਣ ਮਰਿਆ, ਕੋਈ ਚੇਲੇ ਬਣਾ ਮਰਿਆ।
ਕੋਈ ਆਪ ਵੀ ਲੜ ਮਰਿਆ, ਕੋਈ ਚੇਲੇ ਵੀ ਮਰਾ ਮਰਿਆ।
ਸਗਲ ਮਰੇ ਹਾਕਮ ਕੋਈ ਨਾ ਅਪਨਾ ਆਪ ਪਾ ਮਰਿਆ।

ਅਗਿਆਨੀ ਹੈ, ਤਾਂ ਸੰਜਮ ਨਾਲ ਵਰਤੇ, ਮਨ ਸਮਝਾਏ।
ਪਹਿਲਾਂ ਤੋਲੇ ਫਿਰ ਬੋਲੇ, ਨਾਹੀ ਫਜ਼ੂਲ ਕਿਸੇ ਨੂੰ ਸਤਾਏ।
ਕਮਲਿਆਂ ਤੋਂ ਸਿਆਣੇ ਕਰਦੀ, ਸੰਗਤ ਸਾਊਆਂ ਦੀ ਜਾਏ।
ਜੋ ਬੀਜੇ ਸੋਈ ਵੱਡੇ ਹਾਕਮ ਅਪਨਾ ਕੀਤਾ ਆਪੇ ਹੀ ਪਾਏ।

ਪਹਿਲਾ ਨਿਸ਼ਕਾਮ ਗੁਰੂ ਸੇਵਾ, ਸੁਣਕੇ ਮੰਨਣਾ ਜਾਣਨਾ।
ਦੂਜਾ ਚੋਰੀ ਨਾ ਕਰਨਾ, ਉਪਕਾਰੀ ਸਾਊ ਬਣ ਵਿਚਰਨਾ।
ਅਪਮਾਨ ਨਾ ਕਰਨਾ ਬਾਲ ਬੁੱਡੇ ਨਾਰੀ ਦਾ ਭਲਾ ਕਰਨਾ।
ਸੱਤ ਬਚਨ ਹਨ ਹਾਕਮ ਸੱਚੇ ਰਹਿ ਸੱਚ ਉਚਰਨਾ।

ਨਿਰਭੈ, ਸ਼ਾਂਤ, ਉੱਦਮੀ, ਇਕਾਂਤ' ਚ ਅਡੋਲ ਬਹਿ ਲਹਿਨਾ।
ਮਿਹਨਤੀ, ਬੇਫਿਕਰ ਹੋਕੇ, ਸੱਚ ਕਮਾਨਾ, ਸੱਚ ਕਹਿਨਾ।
ਕਾਇਆ ਕਿਰਿਆ ਸ਼ਲਿ, ਤਿੰਨ ਕਾਲ, ਆਪ ਅਕਰੇ ਰਹਿਨਾ।
ਸ਼ਾਖਸ਼ੀ ਹੋਕੇ ਰਹਿਨਾ ਹਾਕਮ ਇਹ ਹੈ ਨੌਲੱਖਾ ਗਹਿਨਾ।

ਕੋਈ ਝਾੜੂ ਮਾਰ ਮਰਿਆ, ਕੋਈ ਉਤਾਰਦਾ ਖੱਲ ਮਰਿਆ।
ਕੋਈ ਭਾਂਡੇ ਮਾਂਝਦਾ ਮਰਿਆ, ਕੋਈ ਮਾਂਝਦਾ ਟੱਲ ਮਰਿਆ।
ਕੋਈ ਪਖੰਡੀ ਹੋਏ ਮਰਿਆ, ਕੋਈ ਮਾਰਦਾ ਝੱਲ ਮਰਿਆ।
ਗਿਆਨ ਪਾ ਹਾਕਮ ਕੋਈ ਨਾ ਮਾਰ ਆਪੇ ਦੀ ਮੱਲ ਮਰਿਆ।

ਪਦਾਰਥ ਭੋਗਨ ਨਾਲ, ਜੀਵ ਚਲਦੇ ਉਪੱਰ ਧਰਤੀ।
ਧੰਨਮਾਲ ਜੋੜਕੇ ਰੱਖਣ ਦੀ, ਬਹੁਤੇ ਕਰਦੇ ਗ਼ਲਤੀ।
ਮਾਇਆ ਜੋੜਨ ਦੀ ਹੋੜ, ਵੱਡੀ ਉਲਝਨ ਖੜੀ ਕਰਤੀ।
ਧੰਨ ਹੁੰਦਿਆਂ ਹਾਕਮ ਦੁਨੀਆਂ ਭੁੱਖੀ ਰੁਲ ਰੁਲ ਮਰਤੀ।

ਆਤਮ ਗਿਆਨ ਪਾਏ, ਹੋਏ ਮੁਕਤ ਸਰਵ ਬੰਧਨਾਂ ਤੋਂ।
ਜਾਏ ਤ੍ਰਿਸ਼ਨਾ' ਚ ਭਟਕਨਾ, ਹੋਏ ਸ਼ਾਂਤ ਵਧ ਚੰਦਨਾਂ ਤੋਂ।
ਵਹਿਮ ਭਰਮ ਜਾਏ, ਹੋਏ ਅਜ਼ਾਦ ਧਰਮ ਫੰਧਨਾਂ ਤੋਂ।
ਹਰਜਾਈ ਹਰ ਹੋ ਹਾਕਮ ਜਾਨ ਛੁੱਟੇ ਥੋਥੀ ਬੰਦਨਾਂ ਤੋਂ।

ਅਨਾਦਿ ਅਨੰਤ ਸਰਵਵਿਆਪੀ, ਦ੍ਰਿਸ਼ਟਾ ਅੰਤਰਜਾਮੀ।
ਹਾਜ਼ਰ ਨਾਜ਼ਰ ਹਰ ਸਮੇਂ, ਘਟ ਘਟ ਦਾ ਹਰ ਸੁਆਮੀ।
ਦਿਲ ਦਰਿਯਾ ਸਮੁੰਦਰੋਂ ਡੂੰਗੇ, ਸਰਬ ਦਿਲ ਹਰ ਜਾਨੀ।
ਹਰ ਲਭਦੀ ਰੁੜਗੀ ਹਾਕਮ ਆਪ ਮੈਂ ਹਰ ਨਾ ਪਛਾਨੀ।

ਝੂਠੀ ਦੇਹੀ ਮੈਂ ਕਹਿੰਦੇ, ਮੈਂ' ਚ ਉਲਝੇ, ਮੈਂ ਦਾ ਭੇਦ ਨਾ ਜਾਨਾ।
ਮੈਂ ਪੰਡਤ ਖਲਧਾਰੀ ਮੂਰਖ ਮੈਂ ਭਲਮਾਨਸ ਮੈਂ ਦਾਨਾ।
ਮੈਂ ਮੜੀ ਮਸਾਨੀ ਪੂਜਾਰੀ, ਮੈਂ ਜੜ ਬੁੱਕ ਬੁੱਤ ਗੁਰੂ ਮਾਨਾ।
ਜੜ ਪੂਜ ਜੜ ਹੋਏ ਹਾਕਮ ਛੱਡੇ ਨਾ ਮੈਂ ਜੜ ਗੁਮਾਨਾ।

ਦਰਿਯਾ ਦੇ ਵਹਿਨ' ਚ ਕੋਈ ਸਿਧਾ ਰਹਿ ਸਕਦਾ ਹੈ ਖੜਾ।
ਸੰਸਾਰੀ ਭੇਖੀ ਭੀੜ' ਚ ਸਿਧਾ ਖੜੇ ਰਹਿਨਾ ਔਖਾ ਹੈ ਬੜਾ।
ਧੜੇ' ਚੋਂ ਧੜਾ ਪੈਦਾ ਹੋਕੇ, ਸਭ ਜਗਤ ਬਨਿਆ ਹੈ ਧੜਾ।
ਧੜੇਦਾਰਾਂ ਹਾਕਮ ਆਪਸ ਵਿੱਚ, ਭਰਾ ਮਰਾ ਦਿੱਤੇ ਲੜਾ।

ਗਿਆਨ ਪ੍ਰਾਪਤੀ ਲਈ ਜ਼ਰੂਰੀ, ਸਾਧਨ ਸੰਪਨ ਰਹਿਨਾ।
ਅਵਸ਼ਕ ਹੈ, ਰੋਜ਼ੀ ਰੋਟੀ ਦਾ ਪੱਕਾ ਪ੍ਰਬੰਧ ਕਰ ਲਹਿਨਾ।
ਸੁਪਨੇ ਸੁੱਖ ਨਹੀਂ ਪਰਅਧੀਨ, ਪੈਂਦਾ ਕਸ਼ਟ ਸਹਿਨਾ।
ਸੁਣੇ ਮੰਨੇ ਜਾਣੇ ਸੋ ਮੈਂ ਹਾਕਮ ਹੈ ਸੁਤੰਤਰਤਾ ਗਹਿਨਾ।

ਸੱਚ ਕੋੜਾ ਹੈ, ਭਾਂਬੜ ਬਣ ਪਾਪ ਕੱਟੇ ਸੁਣਨ ਵਾਲੇ ਦਾ।
ਗਿਆਨ ਪਾਏ ਮੁੱਖ ਉਜੱਲ ਹੋਏ, ਝੂਠ' ਚ ਹੋਏ ਕਾਲੇ ਦਾ।
ਥੋੜਾ ਚਿਰ ਜੈ ਜੈ ਝੂੱਠੇ ਦੀ, ਜੱਸ ਰਹੇ ਸੱਚ ਰੱਖਵਾਲੇ ਦਾ।
ਸੱਚ ਸਦਾ ਸਾਫ ਹਾਕਮ ਮੂੰਹ ਕਾਲਾ ਅੰਤ ਝੂਠ ਵਾਲੇ ਦਾ।

ਜੀਵਨ ਬਰਬਾਦ ਨਾ ਕਰ, ਝੂਠੇ ਭਰਮਾਂ ਵਹਿਮਾਂ ਵਿੱਚ।
ਸਮੇਂ ਦੀ ਸਦ ਵਰਤੋਂ ਕਰ, ਨਾ ਰੋੜ ਫੋਕੇ ਸਹਿਮਾਂ ਵਿੱਚ।
ਅਪਨੇ ਪੈਰੀਂ ਆਪ ਖੜ, ਨਾ ਰਹਿ ਪਰਾਏ ਰਹਿਮਾਂ ਵਿੱਚ।
ਸਾਫ ਆਏ ਸਾਫ ਰਹੇ, ਹਾਕਮ ਨਾ ਫਸੇ ਥੋਥੇ ਨੇਮਾਂ ਵਿੱਚ।

ਅਵਸਥਾ ਨੀਵੀਉਂ ਹੋਏ ਉੱਚੀ ਅਪਨੀ ਹਸਤੀ ਪਛਾਨ।
ਪਤਝੱੜ ਜਾਏ ਹਰਿਆਵਲ ਆਏ, ਰੰਗ ਰਲੀਆਂ ਮਾਨ।
ਮੌਤ ਸਦਾ ਸੁੱਖ ਰੂਪ, ਇਹ ਸਮਝਾਏ ਆਤਮ ਗਿਆਨ।
ਮਰੇ ਮੌਤ ਤੋਂ ਪਹਿਲਾਂ ਹਾਕਮ ਬਣੇ ਇਨਸਾਨ ਮਹਾਨ।

ਸੌਂ ਗਏ ਮਾਲੀ ਅੱਖਾਂ ਮੀਟ, ਸੇਵਕ ਅੰਨੇ ਵਿਸ਼ਵਾਸ਼ ਨਾਲ।
ਥਾਂ ਥਾਂ ਉਲੂਆਂ ਪਾਏ ਆਲਨੇ, ਹੋਇਆ ਬਾਗਾਂ ਦਾ ਬੁਰਾ ਹਾਲ।
ਪਿਆਰ ਦਾ ਸੋਮਾਂ, ਏਕਤਾ ਦਾ ਫਲ, ਛੱਕ ਗਏ ਡੰਗਰ ਮਾਲ।
ਕਾਵਾਂ ਹੱਥ ਚੜਕੇ ਹਾਕਮ ਕਾਲਾ ਹੋ ਗਿਆ ਧਰਮ ਲਾਲ।

ਹਰ ਬੰਦਾ, ਬੰਦੇ ਦਾ ਦਾਰੂ ਬਣ, ਕਰੇ ਸਹਾਇਤਾ ਦਾ ਕੰਮ।
ਪਿਆਰ ਮਾਨ ਸਤਿਕਾਰ, ਇੱਕ ਦੂਜੇ ਨੂੰ ਦੇਵੇ ਹਰਦੱਮ।
ਸੱਚ ਹੱਕ ਦੀ ਕਾਰ ਕਮਾਏ, ਨਾ ਲਾਹੇ ਇੱਕ ਦੂਜੇ ਦਾ ਚੱਮ।
ਧਰਤੀ ਤੇ ਸੁਰਗ ਬਣੇ ਹਾਕਮ ਨੇੜੇ ਨਾ ਢੁੱਕਨ ਜੱਮ।

ਜੀਵਨ ਸਚਿਆਰਾ ਬਣਾਨ ਲਈ ਸੱਚ ਖੋਜਨਾ ਚਾਹੀਦਾ।
ਸਰਬ ਸੱਚ ਅੰਦਰ ਸੱਭ ਦੇ, ਅੰਦਰੋਂ ਹੀ ਖੋਜ ਪਾਈਦਾ।
ਖੋਜਨ ਵਾਸਤੇ ਕੇਵਲ ਸ਼ਾਖਸ਼ੀ ਮੈਂ ਨੂੰ ਵਿਸ਼ਾ ਬਣਾਈਦਾ।
ਸੱਚ ਸੋ ਹੰ ਪਾਕੇ ਹਾਕਮ ਸਰੀਰੋਂ ਸ੍ਰਿਸ਼ਟਾ ਬਣ ਜਾਈਦਾ।

ਅਗਿਆਨੀ ਅਪਨੀ ਕਿਸ਼ਤੀ, ਅਪਨੇ ਹੱਥੀਂ ਡਬੋਈ ਜਾਂਦਾ।
ਪਿੱਛੇ ਲੱਗਕੇ ਬੰਦਾ ਜੜ ਗੁਰੂ ਦੇ, ਹਨ੍ਹੇਰਾ ਹੀ ਢੋਈ ਜਾਂਦਾ।
ਪੁੰਨੀਂ ਪਾਪੀ ਬਣ, ਕੁਰਾਹੇ ਪੈ, ਸਾਰੀ ਉਮਰ ਹੀ ਰੋਈ ਜਾਂਦਾ।
ਭੇਖੀ ਮ੍ਰਿਗਤ੍ਰਿਸ਼ਨਾ ਨਦੀ' ਚ ਹਾਕਮ ਪਾਪ ਹੀ ਧੋਈ ਜਾਂਦਾ।

ਤੁਹਾਡੇ ਪਾਸ ਹੈ ਜੋ ਕੁੱਝ, ਉਸ ਨਾਲ ਥੋੜਾ ਬਹੁਤ ਕਰੋ।
ਕੁੱਝ ਵਿਹਾਰ, ਜਿੱਥੇ ਜਦੋਂ ਵੀ ਹੋਏ, ਓੱਥੇ ਕਰਦੇ ਨਾ ਡਰੇ।
ਕੁੱਝ ਕਰਦੇ ਹੀ ਜੰਮੇ ਹੋ, ਕੁਝ ਕਰਦੇ ਕਰਦੇ ਹੀ ਮਰੋ।
ਸੱਚ ਹੀ ਸੁਣੋ ਬੋਲੋ ਹਾਕਮ ਸਤ ਕਰ ਤਾਰ ਆਪ ਤਰੋ।

ਭੇਡਾਂ ਬਾਬੇ ਇਜਾਲੀ, ਧਰਮ ਕੈਂਚੀ ਨਾਲ ਮੁੰਨਣ ਬਥੇਰੇ।
ਗਿਦੜਾਂ ਘੁਰਨੇ ਹੁੰਦੇ ਬਣਾਏ, ਸ਼ੇਰਾਂ ਦੇ ਨਹੀਂ ਹੁੰਦੇ ਡੇਰੇ।
ਭੇਖੀਆਂ ਦੇ ਵੱਗ ਫਿਰਦੇ, ਕੋਈ ਵਿਰੱਕਤ ਹੁੰਦੇ ਚੰਗੇਰੇ।
ਦਾਤਾ ਇੱਕ ਅਧ ਹੀ ਹੁੰਦਾ ਹਾਕਮ ਲੱਖਾਂ ਫਿਰਨ ਲੁਟੇਰੇ।

ਅੱਖਾਂ ਮੀਟ ਚੌਂਕੜੀ ਮਾਰ ਬਾਬਾ ਬਹਿ ਗਿਆ ਵਛਾਕੇ ਭੂਰੇ।
ਹੱਥ ਜੋੜ ਮੱਥਾ ਟੇਕਨ, ਅਕਲ ਦੇ ਅੰਨ੍ਹੇ, ਗੰਡ ਦੇ ਪੂਰੇ।
ਕਤਾਰ ਤੋੜ ਕੂਹਨੀ ਮਾਰ, ਇੱਕ ਦੂਜੇ ਤੋਂ ਲੰਘਨ ਮੂਰੇ।
ਬਾਬਾ ਦੇਖਕੇ ਭੇਡਚਾਲ, ਹਾਕਮ ਮੁਸਕਰਾਕੇ ਖੰਘੂਰੇ।

ਬਗਲਿਆਂ ਦੀਆਂ ਚਾਲਾਂ' ਚ ਫਸਦਿਆਂ ਨੂੰ ਨਾ ਕੋਈ ਬਚਾਏ।
ਹੱਲ੍ਹਾ ਸ਼ੇਰੀ ਦੇਕੇ ਸਗੋਂ ਹਰ ਕੋਈ, ਬੱਗ ਫਾਸ' ਚ ਫਸਾਏ।
ਰੁੜਦੀ ਡੁਬਦੀ ਮਰੀ ਜਾਏ ਜੰਤਾ ਕੋਈ ਨਾ ਫੜਦਾ ਬਾਹੇ।
ਲੋਕਾਂ ਨੂੰ ਕਉਣ ਬਚਾਏ ਹਾਕਮ ਜਦ ਧਰਮ ਹੀ ਖਾਏ।

ਸੱਚ ਬੋਲਿਆਂ ਦੁੱਖ ਮਿਟਨ, ਔਖਾ ਸੱਚ ਬੋਲਨਾ ਧੰਦਾ ਹੈ।
ਝੂੱਠ ਅੱਧਵਿਚਕਾਰ ਹੀ ਡੋਬੇ, ਜਦ ਕਦ ਹੁੰਦਾ ਮੰਦਾ ਹੈ।
ਪਰਉਪਕਾਰ ਲਈ ਸੱਚ ਬੋਲੇ, ਸੱਭ ਤੋਂ ਚੰਗਾ ਬੰਦਾ ਹੈ।
ਕਰ ਭਲਾ ਹੋਤ ਭਲਾ ਹਾਕਮ ਅੰਤ ਚੰਗੇ ਦਾ ਹੀ ਚੰਗਾ ਹੈ।

ਸੱਚ ਬੋਲਨਾ ਕਰੜਾ ਔਖਾ ਹੈ, ਖੰਡੇ ਦੀ ਧਾਰ ਤੇ ਚਲਨਾ।
ਸੱਚ ਸੱਚਖੰਡ ਹੈ, ਭਲੇ ਲਈ ਸੱਚ ਬੋਲਨੋ ਨਾ ਟਲਨਾ।
ਸੱਚ ਨਹੀਂ ਬੋਲੇ ਅਜੇਹਾ, ਸੁਨਣ ਵਾਲੇ ਨੂੰ ਪਏ ਬਲਨਾ।
ਪਹਿਲਾਂ ਤੋਲੋ ਫਿਰ ਬੋਲੋ, ਹਾਕਮ ਪਊ ਨਾ ਹੱਥ ਮਲਨਾ।

ਸੱਚ ਹੱਕ' ਚ ਰਹਿ, ਨੌਂਹਾਂ ਦਸਾਂ ਨਾਲ ਰਿਜ਼ਕ ਕਮਾਉਣਾ।
ਬਚਨ ਦੇ ਪੱਕੇ ਰਹਿ, ਪਿੱਛੇ ਪੈਰ ਨਾ ਕਦੀ ਖਿਸਕਉਣਾ।
ਕਾਹਲ ਛੱਡ ਸਹਿਜ ਰੱਖ, ਪਊ ਨਾ ਕਦੀ ਪਛਤਉਣਾ।
ਛੱਡ ਦੇਹੀ ਮਾਨ ਹਾਕਮ ਆਪਾ ਪਛਾਨ ਜੇ ਸੁੱਖ ਪਉਣਾ।

ਜੀਵਨ ਹੈ ਸਾਰਥਕ, ਜੇ ਕਰੇ ਪ੍ਰਾਪਤ ਬ੍ਰਹਮ ਗਿਆਨ।
ਦੇਹੀ ਬਣਕੇ ਜੀਊਨਾ ਹੈ, ਰਹਿਨਾ ਬਣਕੇ ਭੂਤ ਸਮਾਨ।
ਦੇਵਤੇ ਨਾਲੋਂ ਚੰਗਾ ਹੈ ਜੀਵਨ ਜੇ ਬਣ ਜੀਵੇ ਇਨਸਾਨ।
ਨਿਰਮਲ ਕਰਨੀ ਹਾਕਮ ਸਦਾ ਪ੍ਰਗਟ ਹੈ ਭਗਵਾਨ।

ਅਪਣੇ ਆਪੇ ਦੇ ਅਨੁਭਵ ਉਪਰ ਜੋ ਰੱਖੇ ਵਿਸ਼ਵਾਸ਼।
ਫੋਕੇ ਸੰਕੇ ਸਹਿਮਾਂ ਵਹਿਮਾਂ ਭਰਮਾਂ' ਚ ਨਾ ਹੋਏ ਨਿਵਾਸ।
ਸਰਵ ਸੁੱਖ ਚਰਨੀ ਲਗਨ, ਹੱਕ ਸੱਚ ਤੇ ਰੱਖੇ ਆਸ।
ਹੋਏ ਬੱਲੇ ਬੱਲੇ ਹਾਕਮ ਕਦੀ ਨਹੀਂ ਬਹੇ ਹੋਕੇ ਨਿਰਾਸ।

ਸੰਸਾਰੀ ਸਰਵ ਵਿਸ਼ੈ ਸੁੱਖ ਮਿਲ ਜਾਂਦਾ ਹੈ ਪਉਣਾ ਸੌਖਾ।
ਅਸੰਭਵ ਵੀ ਸੰਭਵ ਸਾਧਨ ਕਰਦੇ ਜੇ ਮਿਲਜੇ ਮੌਕਾ।
ਬਿਨ ਸਾਧਨ ਸੰਪਨ ਹੋਏ ਝੂਠਾ ਮੂੰਹ ਨਾਲ ਦੇਣਾ ਹੋਕਾ।
ਸੱਭ ਸੰਭਵ ਹੈ ਹਾਕਮ ਪਉਣਾ ਗੁਰ ਬਿਨ ਆਪਾ ਔਖਾ।

ਪਿਆਰ ਦਾ ਸਾਗਰ ਇੱਕੋ, ਭਿੰਨ ਭਿੰਨ ਰਾਹ ਸਾਧਨ ਸੌਮੇਂ।
ਦਰਿਆ ਨਦੀਆਂ ਨਾਲਿਆਂ ਦੇ ਨਾਵਾਂ ਦੀ ਕਰ ਲਈ ਹਉਮੇਂ।
ਚਿੱਕੜ ਸ਼ਰ੍ਹਾ' ਚ ਫੱਸ ਗਿਆ, ਮੈਂ ਫਸਾਈ ਮਮਤਾ ਮੋਹਮੇਂ।
ਸਾਗਰ ਅਥਾਹ ਭੁੱਲ ਹਾਕਮ ਰੁਲ ਗਿਆ ਲੁੱਟ ਖੋਹਮੇਂ।

ਅੱਖਾਂ ਮੀਟ ਹੱਥ ਮਾਲਾ ਮਨ ਕਾਲਾ,ਬਹਿਠਾ ਲਾਕੇ ਆਸਨ।
ਬਾਹਰੋਂ ਬੱਗ ਚਿੱਟਾ ਦੇਖ ਦੇਖ ਭੱਜ ਭੱਜ ਡਡੂ ਫਾਸਨ।
ਹੱਥ ਜੋੜ ਨੀਵੀਂ ਪਾ, ਮਾਇਆ ਧੰਨ ਮਾਲ ਪੈਰਾਂ ਤੇ ਰਾਖਨ।
ਫਿਰ ਘੋਗੇ ਤੋਂ ਮੰਗਨ ਹਾਕਮ ਬਣਕੇ ਗ਼ਰੀਬ ਦਾਸਨ।

ਬਾਹਰ ਭੇਖ ਕੀਤਾ ਚਿੱਟਾ ਅੰਦਰੋਂ ਚਿਤ ਅੰਧਿਆਰੀ ਰਾਤ।
ਅਪਣੇ ਹੱਥੀਂ ਅਪਣਾ ਬੱਗ ਬਪੜੇ, ਆਪ ਪੁੱਟਿਆ ਖ਼ਾਤ।
ਮਾਇਆ ਜਾਲ' ਚ ਫਸਿਆ, ਪਾ ਉਤੱਮ ਦੇਹੀ ਅਮੁੱਲੀ ਦਾਤ।
ਆਪ ਡੁੱਬਾ ਪਿੱਛ ਲੱਗ ਡੋਬੇ ਹਾਕਮ ਜੰਮ ਨੂੰ ਕੀਤਾ ਮਾਤ।

ਮ੍ਰਿਗਤ੍ਰਿਸ਼ਨਾ ਦੇ ਪਾਣੀ ਪਿੱਛੇ, ਭੱਜੇ ਭੇਖੀ ਲਾਕੇ ਪੂਰਾ ਤਾਨ।
ਢਿੱਡ ਕੁੱਪੇ, ਪੱਟ ਸੁੱਕੇ, ਰਾਤ ਦੇ ਭੁੱਖੇ ਰੋਟੀ ਨੂੰ ਤੜਫਾਨ।
ਮਾਇਆ ਇੱਕਠੀ ਕਰਨ ਵਾਸਤੇ, ਘਰ ਘਰ ਫੇਰੀ ਪਾਨ।
ਦਾਨ ਪੂਜਾ ਖਾਣੇ ਹਾਕਮ ਜਿਊਂਦੇ ਚੰਡਾਲ, ਭੂਤ ਸਮਾਨ।

ਮਾਇਆ ਮੋਹ ਮੌਤ ਹੈ, ਲਾਲਚ ਨਰਕ ਦਾ ਜਨਮ ਹੋਏ।
ਗਿਆਨ ਅੱਖ ਖੁਲ੍ਹੇ ਮਾਇਆ ਲੋਭ ਮੌਤ ਦਾ ਮਰਨ ਹੌਏ।
ਅਗਿਆਨ ਹਨ੍ਹੇਰੇ ਦੇ ਕਸ਼ਟਾਂ, ਠੋਕਰਾਂ ਦਾ ਹਰਨ ਹੋਏ।
ਗਿਆਨ ਪ੍ਰਕਾਸ਼ ਹਾਕਮ ਬੰਦੇ ਦਾ ਅਸਲੀ ਧਰਮ ਹੋਏ।

ਮਾਇਆ ਕਾਰਨ ਭੇਖ ਬਣਾ, ਅਪਨੇ ਆਪੇ ਤੋਂ ਹੋਏ ਜੁਦਾ।
ਸਤ ਸੰਤੋਖ ਸਹਿਜ ਨਿੱਜ ਗਿਆਨ ਪਾਕੇ, ਹੋ ਜਾਏ ਖ਼ੁਦਾ।
ਸਤ ਵਿੱਚ ਰਹੇ ਜਾਗਦਾ, ਸੁਪਨਾ ਮਨ ਨਹੀਂ ਰੱਖੇ ਵਸਾ।
ਭੋਲੇ ਭਾਏ ਮਿਲੇ ਰਘੂਰਾਏ ਹਾਕਮ ਚਿੱਤ' ਚ ਰੱਖੇ ਟਕਾ।

ਰੰਗ ਬਰੰਗੇ ਭੇਖ ਬਣਾਕੇ, ਰੱਬ ਨਾ ਕਦੀ ਜਾਣਿਆ ਜਾਏ।
ਥੋਥੇ ਧਰਮਾਂ ਕਰਮਾਂ' ਚ ਫਸਕੇ, ਜਨਮ ਦਿੱਤਾ ਰੁਡਾਏ।
ਸਰਵ ਜੂਨੀ ਸਰਦਾਰ ਹੋਕੇ, ਬੁੱਤਾਂ ਅੱਗੇ ਸਿਰ ਨਵਾਏ।
ਪਾਣੀਆਂ ਵਿੱਚ ਚੁੱਭੀਆਂ ਲਾਕੇ ਹਾਕਮ ਕੁੱਝ ਨਾ ਪੱਲੇ ਪਾਏ।

ਅਗਿਆਨੀ ਪੱਲੇ ਇੱਛਾ ਬੱਧੀ, ਅਨੁਭਵੀ ਸਤ ਚਿੱਤ ਵਾਸੀ।
ਸਿੱਧੇ ਅਪਣੇ ਆਪ ਨਾਲ ਜੁੜਦੇ, ਘੁਮਨ ਨਾ ਆਸੀ ਪਾਸੀ।
ਸਤ ਵਿੱਚ ਚੁੱਭੀ ਮਾਰਨ, ਪੈਨ ਨਹੀਂ ਜੂਨ ਲੱਖ ਚੋਰਾਸੀ।
ਅਕਲ ਦੇ ਅੰਨੇ ਦੇਹੀ ਬੰਨੇ ਹਾਕਮ ਗਲ ਪਾ ਲਈ ਫਾਸੀ।

ਗੁੱਸੇ ਦੀ ਮਾਂ ਮੂਰਖਤਾ, ਮਨ ਪਛਤਾਵਾ ਇਸਦਾ ਮਰਨ।
ਸਹਿਜ ਹੈ ਅਕਲ ਦਾ ਬਾਪ, ਕਰੇ ਰੁੱਖਾਂ ਵਰਗਾ ਕਰਮ।
ਔਕੜਾਂ ਆਉਣ ਤੇ ਹਿੱਲੇ ਨਾ, ਅਟੱਲ ਰਹੇ ਨਿੱਜ ਧਰਮ।
ਸੁਖੀ ਰਹਿਨ ਹਾਕਮ ਜੋ ਮਾੜੇ ਕੰਮਾਂ ਤੋਂ ਕਰਨ ਸ਼ਰਮ।

ਦਿਨ ਕਟੀ ਕਰੇ ਆਸਾਂ ਸਹਾਰੇ, ਬਹਿ ਜਾਏ ਹਿੰਮਤ ਹਾਰੇ।
ਘੜੇ ਸਕੀਮਾਂ ਕੰਮ ਨਾ ਕਰੇ, ਆਪਣੇ ਹੱਥੀਂ ਆਪ ਨੂੰ ਮਾਰੇ।
ਕਰਮ ਕਰੇ ਆਪ ਸਵਾਰੇ, ਪਰਾਪਤ ਹੋਣ ਸੁੱਖ ਸਾਰੇ।
ਸੋ ਅਵਤਾਰ ਕਹਾਏ ਹਾਕਮ ਆਪ ਤਰੇ ਅਵਰਾਂ ਤਾਰੇ।

ਬੁਰੇ ਦਾ ਭਲਾ ਕਰੇ, ਗੁੱਸਾ ਮਨ ਨਾ ਕਰੇ, ਸਗੋਂ ਸੋਚੇ ਚੰਗਾ।
ਮੂਰਖ ਨਾਲ ਨਾ ਬਹਿਸੇ ਝਗੜੇ, ਚੁੱਪ' ਚ ਪਏ ਨਾ ਪੰਗਾ।
ਕੁਸੰਗ ਛੋਡ ਕਰੇ ਸੰਗਤ, ਰਹੇ ਆਪਣੇ ਰੰਗ' ਚ ਰੰਗਾ।
ਦੇਹੀ ਰੋਗ ਨਾ ਲੱਗੇ, ਹਾਕਮ ਉਸਦਾ ਵਾਲ ਨਾ ਹੋਏ ਵਿੰਗਾ।

ਮੰਦਹਾਲੀ' ਚ ਸਬਰ ਸੰਤੋਖ ਰੱਖੇ, ਰਹੇ ਆਪੇ ਦੀ ਮੌਜ।
ਜ਼ਿੰਦਗੀ ਕੁਦਰਤੀ ਵਰਦਾਨ, ਸਮਝੋ ਨਾ ਇਸਨੂੰ ਬੋਝ।
ਖ਼ੁਸ਼ਹਾਲੀ' ਚ ਖ਼ੁਸ਼ੀ, ਚਾਹ, ਨਰਮੀ ਰੱਖੇ ਸਾਂਭ ਸਾਂਭ ਰੋਜ਼।
ਹਸਦਾ ਵਿਹੜਾ ਵਸਦਾ ਹਾਕਮ ਹਾਸਾ ਸੁੱਖਾਂ ਦੀ ਫੌਜ।

ਤੇਜ ਮਨੋ ਵੇਗ ਵਧੇ ਕਰੋਧ, ਸੇਕ ਕਰੋਧੀ ਹੀ ਸਹਿੰਦਾ।
ਇਸਨੂੰ ਜੋ ਪਾਲਦਾ ਉਸਨੂੰ ਹੀ ਗ਼ਾਲਦਾ ਸਾੜਦਾ ਰਹਿੰਦਾ।
ਕਰਦਾ ਜੋ ਇਸਦੀ ਵਰਤੋਂ, ਉਸੇ ਨੂੰ ਹੀ ਮਾਰਨ ਪਹਿੰਦਾ।
ਮੂਰਖ ਦਾ ਗੁਸਾ ਹਾਕਮ ਮਰੇ ਮਾਰੇ ਬਿਨਾ ਨਹੀਂ ਲਹਿੰਦਾ।

ਬਿਨ ਆਰਥਕ ਸੰਤੋਖ ਸੰਜਮ ਦੇ, ਕੋਈ ਅਮੀਰ ਨਹੀਂ।
ਵਰਤੇ ਧੰਨ ਲੋੜ ਅਨੁਸਾਰ, ਉਹ ਹੋਏ ਗ਼ਰੀਬ ਨਹੀਂ।
ਮਾਇਆ ਵਿੱਚ ਖ਼ਚੱਤ ਪ੍ਰਾਨੀ ਦੀ, ਹੋਏ ਉੱਚੀ ਜ਼ਮੀਰ ਨਹੀਂ।
ਧੰਨ ਮਗ਼ਨ ਹਾਕਮ ਹੋਏ ਆਤਮ ਸੁੱਖ ਨਸੀਬ ਨਹੀਂ।

ਜਾਗਨ ਜੋ ਸੋ ਹੰ ਵਿੱਚ, ਜੀਵਨ ਦਾ ਸੋ ਸੋਮਰਸ ਭੋਗਨ।
ਕਾਇਆ ਵਿੱਚ ਰਹਿਨ ਸੁੱਤੇ, ਸਦਾ ਵਿੱਚ ਰਹਿਨ ਸੋਗਨ।
ਆਪਾ ਨਾ ਸਵਾਰਨ, ਸਦਾ ਕਰਨ ਬਾਹਰੀ ਰੰਗ ਰੋਗਨ।
ਮਨ ਉਦਾਸ ਚਿੱਤ ਉਚਾਟ ਹਾਕਮ ਰਹੇ ਬੁੱਧੀ ਸੋਗਨ।

ਜਾਗ ਸ਼ਾਖਸ਼ੀ ਦੀ, ਸੁਭਾਗ ਜਗ੍ਹਾ, ਸੰਤੋਖੀ ਧੰਨੀ ਬਣਉਂਦੀ।
ਗੁਣਵਾਨ ਭਾਗਵਾਨ ਸੁਜਾਨ ਬਣਾ, ਕੰਮ ਚੰਗੇ ਲਾਉਂਦੀ।
ਜਗਾਏ ਸਵੈਮਾਨ ਤਜੇ ਗ਼ੁਮਾਨ, ਸੋਹਝੀ ਮੈਂ ਦੀ ਆਉਂਦੀ।
ਸੱਤ' ਚ ਰੰਗੀ ਸੁਰਤੀ ਹਾਕਮ ਸੱਚਾ ਸੁਰਗ ਵਸਉਂਦੀ।

ਕਾਂ ਪਿੰਜਰੇ ਪਾ ਪੜਾਇਆ, ਗ੍ਰੰਥ ਸ਼ਾਸ਼ਤਰ ਵੇਦ ਕਤੇਬ।
ਪੱਲੇ ਕੁੱਝ ਗਿਆਨ ਨਾ ਬੱਧਾ, ਰਿਹਾ ਢੇਡ ਦਾ ਢੇਡ।
ਮੰਦਰੀਂ ਬਿੱਲੀ ਚੂਹਾ ਲੱਭੇ, ਨੀਵੀਂ ਪਾਏ ਉੱਨ ਲੁਹਾਏ ਭੇਡ।
ਧਰਮ ਬਣਾਏ ਹਾਕਮ ਮੂਰਖਾਂ ਮਾਇਆ ਲੁੱਟ ਦੀ ਖੇਡ।

ਸਾੜੇ ਭਾਗ ਜੱਦੀ ਅਮੀਰੀ, ਮੱਤ ਮਾਰੇ ਵਧਾਏ ਅਗਿਆਨ।
ਚਿੱਤ' ਚੋਂ ਨੇਕੀ, ਸਿਰੋਂ ਬੁੱਧੀ ਜਾਏ, ਵੇਹਲੇ ਬਣਨ ਸ਼ੈਤਾਨ।
ਹੱਥੀਂ ਕਿਰਿਆ ਬਿਨ ਫਿਰਨ, ਜਿਵੇਂ ਭੂਤ ਫਿਰੇ ਸ਼ਮਸ਼ਾਨ।
ਸਿਆਣੀ ਗੱਲ ਨਾ ਔੜੇ ਹਾਕਮ ਊਲ-ਜਲੂਲ ਬੋਲੀ ਜਾਨ।

ਉਦੱਮ ਕਰਦੇ ਬੰਦੇ ਦਾ ਸਦਾ ਕਿਸਮਤ ਭਰਦੀ ਪਾਣੀ।
ਸਦਾ ਕਰਮ ਕੋਸਦੇ ਰਹਿੰਦੇ, ਜਿਨ੍ਹ ਸਿੱਖੀ ਢੇਹਰੀ ਢਾਣੀ।
ਧਸਦਾ ਧਸਦਾ ਧਸ ਜਾਂਦਾ, ਤਕਦੀਰ ਹੈ ਚਿੱਕੜ ਘਾਣੀ।
ਕੰਮ ਕਰ ਹਾਕਮ ਛੱਡਕੇ ਮੁਕੱਦਰ ਪੁਰਾਨੀ ਕਹਾਣੀ।

ਨੁਕਤਾ ਚੀਨੀ ਹੋਵੇ ਜੇ ਸਾਹਮਣੇ, ਜਰਨ ਦਾ ਜੇਰਾ ਰੱਖ।
ਨਿਮਰਤਾ ਸਹਿਨਸ਼ੀਲਤਾ ਰੱਖ, ਕਰੋਧ ਵਿੱਖ ਨਾ ਚੱਖ।
ਝੂਠੀ ਸੰਕੀਰਨ ਹਉਮੈ ਛੱਡ, ਸਰਵ ਸਾਂਝੀ ਹਵਾ ਭੱਖ।
ਫਲ ਨੀਵੇਂ ਰੁੱਖਾਂ ਨੂੰ ਲੱਗਦੇ ਹਾਕਮ ਉਚੇ ਸਰੂ ਨੂੰ ਤੱਕ।

ਅੱਖ ਦੇ ਫੋਰ ਵਿੱਚ ਭੁੱਲੇ, ਸਦੀਆਂ ਤੱਕ ਸਜ਼ਾ ਪਾਈ ਜਾਨ।
ਜੰਤਾ ਨੂੰ ਲੜ ਫੜਾ ਮਰਿਆਂ ਦਾ, ਬੀਤੇ ਵਿੱਚ ਫਸਾਈ ਜਾਨ।
ਬੀਤੇ ਧਰਮ ਦੇ ਨਾਮ ਤੇ, ਭੋਲਿਆਂ ਨੂੰ ਲੁੱਟ ਕੇ ਖਾਈ ਜਾਨ।
ਪੂਜਾ ਆਧਾਰੀ ਹਾਕਮ ਚੜ੍ਹਾਵੇ ਤੋਂ ਮੱਖੀਆਂ ਉਡਾਈ ਜਾਨ।

ਸੁਮੱਤੀ ਪਿੱਛੇ ਸੰਪਤੀ ਲੱਗੀ ਫਿਰੇ, ਆ ਮਿਲੇ ਸੌ ਵਲ ਪਾਏ।
ਕੁਮੱਤੀ ਪਾਸੋਂ ਸੁੱਖ ਸ਼ਾਂਤੀ ਲਛਮੀ, ਮੀਲਾਂ ਦੂਰ ਨੱਠ ਜਾਏ।
ਸੂਰਜ ਵੱਲ ਮੁੱਖ ਪਿੱਛੇ ਛਾਈ, ਪਿੱਠ ਕੀਤੇ ਹੱਥ ਨਾ ਆਏ।
ਆਤਮ ਗਿਆਨ ਸੋ ਧੰਨ ਹਾਕਮ ਸਦਾ ਸੁਮੱਤੀ ਰਹਾਏ।

ਰੁੜਦੇ ਜਾਂਦੇ ਧਨ ਧਨ ਕਰਦੇ, ਮਾਇਆ ਰਹੇ ਨਾ ਤਨ।
ਚਿੰਤਨ ਕਰਦਿਆਂ ਦਿਨ ਰਾਤ ਧਨ, ਕਾਲਾ ਹੋ ਜਾਏ ਮਨ।
ਨਿਕਲ ਜਾਨ ਪ੍ਰਾਨ ਭਾਵੇਂ, ਗਿਆਨ ਨਾ ਸੁਣ ਸਕਨ ਕੰਨ।
ਸਿਮਰਨ ਮਾਇਆ ਦਾ ਹਾਕਮ ਦੇਵੇ ਸਰੀਰ ਨਾਲ ਬੰਨ।

ਭੁੱਲ ਜਾ ਨੇਕੀ ਕਰਕੇ, ਮਾਨ ਅਭਿਮਾਨ ਖੂਹ ਵਿੱਚ ਸੁੱਟ।
ਬਣਾਕੇ ਪਰਉਪਕਾਰੀ ਦਾ ਭੇਖ, ਕਰੀਂ ਨਾ ਲੁੱਟ ਖਸੁੱਟ।
ਆਕੜੀਂ ਉੱਛਲੀ ਨਾ ਸੁੱਖ ਮਿਲੇ, ਚੁੱਪ ਕਰਕੇ ਬੂਲ੍ਹੇ ਲੁੱਟ।
ਮਾਰਕੇ ਮੈਂ ਮੇਰੀ ਨੂੰ ਹਾਕਮ ਈਰਖਾ ਦੁਬਿਧਾ ਵਿੱਚੋਂ ਛੁੱਟ।

ਪੂੰਨਾ ਦੇ ਜਾਲ ਵਛਾਕੇ ਰਾਹਾਂ' ਚ ਲੰਘਰਾਂ ਦੇ ਚੋਗੇ ਸੁੱਟਕੇ।
ਲਾਕੇ ਲ੍ਹਾਰੇ ਸੁਰਗਾਂ ਦੇ, ਖਾ ਗਏ ਭੂੰਡ ਭੌਰਿਆਂ ਨੂੰ ਲੁੱਟਕੇ।
ਟੁਕੜੇ ਖੋਹ ਲਏ ਕਾਲੇ ਕਾਵਾਂ, ਕੋਲੋਂ ਚਿੜੀਆਂ ਦੇ ਕੁੱਟਕੇ।
ਮੁਰਦਾਰ ਨੂੰ ਜਿਵੇਂ ਇੱਲਾਂ ਹਾਕਮ ਪੈਸੇ ਨੂੰ ਪੈਣ ਟੁੱਟਕੇ।

ਬਣ ਉਤੱਮ ਅਧਿਕਾਰੀ, ਜਾ ਸੰਤ ਪਾਸ ਤਜ ਮੇਰ ਤੇਰ।
ਕਰਕੇ ਗਿਆਨ ਪ੍ਰਾਪਤ, ਛੱਡਦੇ ਹੁਓਮੇ ਦੇਹੀ ਦੀ ਮੇਰ।
ਮਿਟਊ ਅਗਿਆਨ ਅੰਧੇਰ, ਚਮਕਊ ਗਿਆਨ ਸਵੇਰ।
ਹੌਏ ਆਤਮ ਪ੍ਰਕਾਸ਼ ਹਾਕਮ ਮਿਟੇ ਅਨਾਤਮ ਹਨ੍ਹੇਰ।

ਕਦੀ ਸ਼ਾਖਸ਼ੀ ਹੋਏ ਨਹੀਂ ਦੇਹੀ, ਦ੍ਰਿਸ਼ਟਾ ਹੋਏ ਨਹੀਂ ਬੰਦਾ।
ਸ਼ਾਖਸ਼ੀ ਹੋਏ ਸੋ ਹੰ ਮੈਂ, ਟੁੱਟੇ ਦੇਹੀ ਜਾਲ ਮਾਇਆ ਦਾ ਫੰਦਾ।
ਕਰ ਥੇਹ ਮਿਥਿਆ ਦੇਹ, ਹੋਏ ਸਦਾ ਮੈਂ ਸਤ ਚਿੱਤ ਨੰਦਾ।
ਬਿਨ ਸਤ ਮੈਂ ਹਾਕਮ ਦੇਹੀ ਹੱਡ ਮਾਸ ਮਿੰਝ ਚੰਮ ਗੰਦਾ।

ਦੇਹ ਅਭਿਮਾਨ ਤੱਜ ਸਤ ਲੱਗ, ਸ਼ਾਖਸ਼ੀ ਮੈਂ ਬਣੇ ਚੰਗਾ।
ਹੋਏ ਸੱਤ ਸਰੂਪ, ਸਤ ਕਾਰ ਕਮਾਏ, ਸੋ ਵਧੀਆ ਧੰਦਾ।
ਅਚੱਲ ਅਜਰ ਅਬਿਨਾਸ਼ੀ ਹੋਕੇ, ਵੱਡਦੇ ਭੂਤਾਂ ਦਾ ਫੰਦਾ।
ਨਾ ਪੁੰਨ ਪਾਪ ਹਾਕਮ ਨਾ ਹੀ ਰਹੇ ਧਰਮਰਾਜ ਦਾ ਡੰਡਾ।

ਸੋ ਹੰ ਸੋ ਹੋ ਰਹੇ ਮੈਂ, ਸੋ ਜੋ ਵਿਆਪ ਰਿਹਾ ਸਰਵ ਸੰਸਾਰਾ।
ਅਨੁਭਵ ਸੋ ਮੈਂ ਸੱਤ ਦਾ, ਮਿਟਾਏ ਅਗਿਆਨ ਅੰਧਕਾਰਾ।
ਸ਼ੱਤ ਪਛਾਣ ਇੱਕ ਹੋ ਰਹੇ, ਸੋ ਜੋ ਸੱਤ ਅਪਰ ਅਪਾਰਾ।
ਹੋ ਸੱਤ ਚਿੱਤ ਅਨੰਦ ਹਾਕਮ ਇਹੀ ਸੱਚ ਹਰਦੁਆਰਾ।

ਧੰਨ ਸੰਪਤੀ ਦੇਖ ਨਾ ਫੁਲੀਏ, ਨਿਰਧਨ ਹੋਏ ਨਾ ਰੋਏ।
ਇਹ ਆਵਨ ਜਾਵਨ, ਜਾਂਦੇ ਖਿਨ ਪੱਲ ਦੇਰ ਨਹੀਂ ਕੋਏ।
ਥਿਰ ਨਾ ਰਹਿ ਸਕਨ ਇਹ, ਅਚੱਲ ਸ਼ਾਖਸ਼ੀ ਆਪ ਹੋਏ।
ਸੋ ਮੈਂ ਸੋ ਆਪ ਜਾਣਕੇ ਹਾਕਮ ਤਨ ਤੋਂ ਹੋ ਵੱਖ ਖਲੋਏ।

ਨੇਤੀ ਧੋਤੀ ਪੂਜਾ ਪੋਥੀ, ਆਪਾ ਪਛਾਣੇ ਬਿਨ ਸੱਭ ਥੋਥੀਆਂ।
ਆਪਾ ਨਾ ਪਾਇਆ ਜਨਮ ਗਵਾਇਆ, ਪੜ੍ਹ ਪੂਜ ਪੋਥੀਆਂ।
ਸ਼ਾਖਸ਼ੀ ਨਾ ਚੀਤਾ ਮਨ ਨਾ ਜੀਤਾ, ਸੌਂਗਿਆ ਵਿੱਚ ਬੇਹੋਸੀਆਂ।
ਬਿਨ ਮੈਂ ਆਪਾ ਚੀਨੇ ਹਾਕਮ ਹਰ ਥਾਂ ਮਿਲਨ ਨਮੋਸ਼ੀਆਂ।

ਸੋ ਮੈਂ ਸਮਝ ਆਈ, ਇਹ ਦੇਹ ਪਰਾਈ, ਥਿਰ ਨਾ ਰਹਾਈ।
ਨਦਰੀਂ ਆਈ ਸਰਵ ਖ਼ੁਦਾਈ, ਮਿਟ ਗਈ ਦਵੈਸ਼ ਪਰਾਈ।
ਹਟੀ ਬੁਰਾਈ ਨਾ ਕੋ ਵੈਰਾਈ, ਸਗਲ ਸੰਗ ਹੀ ਬਣ ਆਈ।
ਹਰ ਹੈ ਹਰਜਾਈ, ਹਾਕਮ ਇਹ ਸਮਝ ਖ਼ੁਸ਼ੀ ਲਿਆਈ।

ਅੰਦਰਵਾਸੀ ਸਰਵ ਨਿਵਾਸੀ, ਬਾਹਰ ਨਾ ਭਾਲਨ ਜਾਈਂ।
ਦੁੱਧ ਵਿੱਚ ਘਿਉ ਜਿਵੇਂ, ਸੂਰਜ ਏਕ ਅਨੇਕ ਪਰਛਾਈਂ।
ਮੈਂ ਨਾ ਦੇਹੀ, ਸੋ ਮੈਂ ਆਪਾ, ਸਰਵ ਵਿਆਪਾ ਇਹ ਨਾ ਭੁਲਾਈਂ।
ਸੋ ਖੇੜ੍ਹਾ ਬਣ ਜਾਈਂ ਹਾਕਮ ਆਪ ਹੱਸੀਂ ਅਵਰਾਂ ਹਸਾਈਂ।

ਪੁਰਸ਼ਕਾਰਾਂ ਨਮਸ਼ਕਾਰਾਂ ਅਧੀਨ ਨਾ ਸੰਤ, ਹੈ ਲਟੋਰ।
ਧੰਨ ਭੁੱਖਾ ਚੇਲੇ ਰੱਖਾ, ਟਕਾਏ ਮੱਥਾ, ਨਹੀਂ ਗੁਰੂ, ਹੈ ਚੋਰ।
ਜੋ ਜੜ ਬੁੱਤਾਂ ਨੂੰ ਡੰਡੋਤ ਕਰੇ, ਸੁੱਖ ਨਾ ਪਾਏ, ਬਣੇ ਢੋਰ।
ਇਹਨਾਂ ਤੋਂ ਬਚ! ਹਾਕਮ ਇਹ ਤਾਂ ਧਰਮ ਨੂੰ ਰਹੇ ਖੋਰ।

ਉਸ ਵਿਚਾਰ ਤੋਂ ਮੌਤ ਚੰਗੀ ਜੋ ਖ਼ਤਮ ਕਰੇ ਸਵੈਮਾਨ।
ਅੰਧੇਰੇ ਵਿੱਚ ਉਲਝਾਕੇ, ਜੋ ਕਰੇ ਆਜ਼ਾਦੀ ਦਾ ਅਪਮਾਨ।
ਸਵੈ ਸੁੱਖ ਦੂਰ ਕਰੇ, ਬਣਾਏ ਵਿਸ਼ੈ ਸੁੱਖ ਪਿੱਛੇ ਹੈਵਾਨ।
ਸੋਚ ਨਾ ਰੱਖੀਂ ਹਾਕਮ ਜੋ ਭੁਲਾਏ ਆਪਾ ਸੱਚਾ ਭਗਵਾਨ।

ਵਰਨਣ ਅਰਧ ਸਲੋਕ, ਵਿੱਚ ਭੇਦ ਧਰਮ ਗਰੰਥਾਂ।
ਬ੍ਰਹਮ ਸੱਤੁਮ ਜੱਗ ਮਿਥਯਮ, ਜੀਵ ਬ੍ਰਹਮ ਅਭਿੰਨਾ।
ਛਡਾਕੇ ਸਰਵ ਸਾਂਝੀ ਸਚਾਈ, ਜੰਤਾ ਵਿੱਚ ਪਾਈਆਂ ਵਿੱਥਾਂ।
ਅਕਲੋਂ ਖੁੰਝੇ, ਹਾਕਮ ਸੋ ਫਸ ਮੋਏ ਵਿੱਚ ਚਿਕੜ ਪੰਥਾਂ।

ਸ੍ਵੈਰੂਪ ਦੇ ਗਿਆਨ ਬਾਝੋਂ, ਰੜਕੇ ਭੇਦ ਭਰਮ ਦੀ ਗੰਡ।
ਆਤਮ ਗਿਆਨ ਦੇਕੇ ਗੁਰੂ, ਦੂਈ ਦੀ ਸਿਰੋਂ ਉਤਾਰੇ ਪੰਡ।
ਮੈਂ ਨਿਸ਼ਚੇ ਕਰਾਕੇ, ਪਰਦੇ ਪੰਜ ਕੋਸ਼ ਕੀਤੇ ਖੰਡ ਖੰਡ।
ਭੇਦ ਮਿਟਾਕੇ ਹਾਕਮ ਕੀਤੀ ਗਿਆਨ ਅਗਨੀ ਪਰਚੰਡ।

ਹਰ ਪ੍ਰਾਨੀ ਹਰ ਰੂਪ ਹੈ, ਹਰ ਸਮੇਂ ਹਰ ਤੋਂ ਅਣਜਾਨ।
ਦੂਜਾ ਹੋ ਗਿਆ ਇੱਕ ਤੋਂ, ਰੁੜ ਗਿਆ ਵਿੱਚ ਦੇਹ ਅਭਿਮਾਨ।
ਵਿਸ਼ਵ ਹਰ ਦਾ ਰੂਪ, ਹਰ ਰੂਪ ਦੀ ਨਾ ਕਰੇ ਪਛਾਨ।
ਛੱਡ ਸਵੈਰੂਪ ਨੂੰ ਹਾਕਮ ਡੇਰੇ ਲਾਏ ਵਿੱਚ ਸ਼ਮਸ਼ਾਨ।

ਪਾਣੀ ਵਿੱਚ ਮਧਾਣੀ ਕੁੱਝ ਹੱਥ ਨਾ ਆਏ ਸੌ ਵਾਰ ਰਿੜਕੇ।
ਸਾਰੀ ਉਮਰ ਪਾਠ ਕਰਦੇ ਹੀ ਮਨ ਵਿਸ਼ਿਆਂ ਨੂੰ ਵਿਲਕੇ।
ਸ਼ਕਾਰੀ ਜਾਲ ਲਾਏ, ਚੋਗ ਪਾਏ, ਦੇਖ ਫਸਿਉ ਨਾ ਮਿਲਕੇ।
ਰੱਟਾ ਲਾਂਦੇ ਫੱਸ ਗਏ ਹਾਕਮ ਤੋਤੇ ਚੋਗ ਦੇਖ ਤਿਲਕੇ।

ਬਹੁਤੀ ਦੇਰ ਕੋਈ ਵਸਤੂ ਨਹੀਂ ਟਿੱਕੀ ਰਹਿੰਦੀ ਇੱਕ ਥਾਂ।
ਜਿਵੇਂ ਸਥਿਰ ਨਹੀਂ ਰਹਿੰਦੀ, ਢਲ ਜਾਂਦੀ ਦਰਖਤਾਂ ਦੀ ਛਾਂ।
ਵੈਰੀ ਵੀ ਮਿਤਰ ਬਣ ਜਾਵਨ, ਜੇ ਦਵੈਸ਼ ਨਾਲ ਦੇਖੋ ਨਾਂ।
ਪਾਲੀ ਤੋਂ ਪਿਆਰ ਪਾਕੇ ਹਾਕਮ ਸੋ ਮਾਰੇ ਨਾ ਮਾਰਖੁੰਡ ਗਾਂ।

ਨਾ ਆਕੜ, ਨਾ ਅਪਮਾਨ ਕਰਨ, ਕੌੜਾ ਬੋਲ ਨਾ ਬੋਲਨ।
ਨਾ ਜਦਾਈ ਕਰਨ, ਈਰਖਾ ਨਿੰਦਾ ਲਈ ਮੂੰਹ ਨਾ ਖੋਲਨ।
ਨਾ ਚਤੁਰਾਈ ਕਰਨ, ਦਰਬ ਲਾਲਚ ਵਿੱਚ ਨਾ ਡੋਲਨ।
ਸੇ ਸਾਊ ਕਠਨ ਮਿਲਨ ਹਾਕਮ ਲੱਖ ਜਾਈਏ ਟੋਲਨ।

ਗ਼ਰੀਬ ਅਮੀਰ ਵਿੱਚ ਜੋਤੁ ਜਗੇ ਸੱਭ ਨੂੰ ਕਰੇ ਪ੍ਰਕਾਸ਼।
ਜੋ ਪਛਾਣੇ ਸੋ ਸੁੱਖ ਪਾਏ, ਸਰਬ ਕਾਰਜ ਆਵਨ ਰਾਸ।
ਹਮੇਸ਼ਾਂ ਹਾਸਾ ਰਹੇ ਛਣਕਦਾ, ਕਦੇ ਨਹੀਂ ਹੋਏ ਉਦਾਸ।
ਕੰਵਲ ਨਿਰਮਲ ਸਦਾ ਹਾਕਮ ਭਾਵੇਂ ਗ਼ਾਰੇ ਵਿੱਚ ਵਾਸ।

ਪਹਿਲਾਂ ਹੋਏ ਤਨ ਪੀੜ ਪਿਛੋਂ ਨਿਕਲੇ ਚੀਕ ਹੂਕ ਹਾਏ।
ਹਾਏ! ਹਾਏ! ਕੀਤਿਆਂ ਨਹੀਂ ਦਰਦ ਹੋਏ, ਨਾਹੀਂ ਤੱਨ ਤਾਏ।
ਅੰਦਰੋਂ ਸੋ ਹੋਏ ਕਿਹਾ ਨਾ ਜਾਏ, ਨਚੇ ਟੱਪੇ ਮੁਸਕਰਾਏ।
ਮੂੰਹੋਂ ਰਾਮ ਕਹੇ ਹਾਕਮ ਕਹਿਆਂ ਰਾਮ ਨਾ ਹੋਇਆ ਜਾਏ।

ਗੁਰੂ ਮਿਲੇ ਵਾਹ ਨਿਕਲੇ, ਬਿਨ ਮਿਲੇ ਕੈਸੀ ਸੋ ਗੁਰੂ ਵਾਹਿ।
ਇੱਕ ਕਹੇ ਦੂਜਾ ਕਹਾਏ, ਇਹ ਕਹਿਨ ਕਹਾਨ ਦਾ ਰਾਹਿ।
ਸੁਣੇ ਸੁਣਾਏ ਰਾਮ ਹੱਥ ਨਾ ਆਏ, ਜਦ ਥਾਹ ਨਹੀਂ ਪਾਹਿ।
ਬੋਲਾ ਅੰਨ੍ਹੀ ਘੜੀਸੇ ਹਾਕਮ ਸੁਣੇ ਨਾ ਦੀਸੇ, ਪਏ ਕਰਾਹਿ।

ਮਾਇਆ' ਚ ਫਸ ਮਿਥਿਆ ਹੋਇਆ ਕੀ ਛਾਇਆ' ਚੋਂ ਪਾਏਂਗਾ।
ਦੇਹੀ ਤਜ ਦ੍ਰਿਸ਼ਟਾ ਹੋਏ, ਸ਼ਾਖਸ਼ੀ ਹੋ ਰੱਬ ਹੀ ਹੋ ਜਾਏਂਗਾ।
'ਮੌਤੂ ਕੰਵਲੰ ਮੌਤੂ' ਹੋਏ, ਅਬਿਨਾਸ਼ੀ ਅਟੱਲ ਰਹਾਏਂਗਾ।
ਇੱਕ ਹੋਕੇ ਹਾਕਮ ਅਵਾੜਮਨਸਗੋਚਰ ਕਹਾਏਂਗਾ।

ਦਿਨ ਦਿਹਾੜੇ ਲੁੱਟੇ ਜਾਨ, ਕਹਿਨ ਮੁਬਾਰਕ ਹੋਏ ਸ਼ਾਦੀ।
ਥੋਥੇ ਰਸਮਾਂ ਰਵਾਜਾਂ ਦਾਜਾਂ, ਕਰਤੀ ਜੰਤਾ ਦੀ ਬਰਬਾਦੀ।
ਬਾਹਰੋਂ ਨੱਕ ਨੇ ਮਾਰੇ ਲੋਕ, ਅੰਦਰੋਂ ਚਿੰਤਾ ਨੇ ਰਤ ਖਾਦੀ।
ਹਉਮੈ ਹੋਸ਼ ਮਾਰੀ ਹਾਕਮ ਮੱਤ ਮਾਰੀ ਗੁਰੂ ਭੇਖਵਾਦੀ।

ਭੇਖ ਬਣਾਏ ਲੋਕ ਡਰਾਏ, ਆਪ ਫਸੇ ਮੂਰਖ ਫਸਾਏ।
ਮਾਇਆ ਕਾਰਨ ਪੂਰਨ ਤਾਲ, ਸੰਤ ਬਾਬੇ ਨਾਮ ਰਖਾਏ।
ਦੁਕਾਨਾਂ ਬਣਾ ਧਰਮ ਚਲਾਏ, ਵੀਰਾਂ ਨਾਲ ਵੀਰ ਲੜਾਏ।
ਦੰਭੀ ਬਣ ਆਪ ਮਰੇ ਹਾਕਮ ਪਿੱਛੇ ਭੇਖੀ ਚੇਲੇ ਮਰਾਏ।

ਨਾਮ ਦੇਣ ਵਾਲੇ ਹਰ ਘਰ' ਚ ਪਉਣ ਲੜਾਈ ਪਿਟਨਾ।
ਪੂਜਾਰੀ ਭਾਈਆਂ ਦਾ ਕੰਮ, ਪੂਜਾ ਮਾਇਆ ਤੇ ਮਰ ਮਿਟਨਾ।
ਭੇਖੀ ਸੰਤਾਂ ਦਾ ਕੰਮ, ਨਿੱਤ ਵਿਹਮਾਂ ਭਰਮਾਂ ਵਿੱਚ ਸਿਟਨਾ।
ਦਫਾ ਕਰ ਭੇਖ ਹਾਕਮ ਛੱਡ ਬੁੱਕਾਂ ਬੁਤਾਂ ਅੱਗੇ ਲਿਟਨਾ।

ਸਤਿਯਮੇਵ ਜਯਤੇ, ਰਾਜ ਹੈ ਚਕਰਵਰਤੀ ਖਾਲਸ।
ਹੋਕੇ ਦੇਹੀ ਭੇਖਧਾਰੀ ਚਮੜੀ ਰਹਿੰਦਾ ਸਦਾ ਨਖਾਲਸ।
ਦੁੱਖ ਭੋਗੇ ਬੰਦੀਖਾਨੇ, ਜੱਬਲੱਗ ਨਾ ਮਿਲੇ ਗੁਰੂ ਸਾਲਸ।
ਬਿਨ ਆਪਾ ਸਮਝੇ ਹਾਕਮ ਲਹੇ ਨਾ ਮਾਇਆ ਦਾ ਪਾਲਸ।

ਹਰ ਅਤੇ ਹਰਜਨ ਦੋਵੇਂ ਇੱਕ, ਕੁੱਝ ਵੀ ਫਰਕ ਨਾਏ।
ਜਦ ਸਮਝੇ ਸ਼ਾਖਸ਼ੀ ਸੋ ਮੈਂ, ਦੇਹ ਅਭਿਮਾਨ ਮਿੱਟ ਜਾਏ।
ਪਾਨੀ ਬੁਦਬੁਦਾ ਪਾਨੀ ਤੋਂ ਬਣਕੇ, ਪਾਨੀ ਵਿੱਚ ਹੀ ਸਮਾਏ।
ਹਰ ਸਮਝ ਹਰ ਹੋ ਹਾਕਮ ਮਿਲੇਂ ਸਹਿਜ ਵਿੱਚ ਆਏ।

ਲਕੜ ਸੰਗ ਲੱਗ ਲੋਹਾ, ਪਾਰ ਪਾਣੀ ਦੇ ਸਾਗਰ ਕਰਦਾ।
ਸੰਗਤ ਕਰ ਸੰਤਾਂ ਦੀ, ਜਗਿਆਸੂ ਭਵਸਾਗਰ ਤਰਦਾ।
ਵਿਸ਼ਿਆਂ ਦੀ ਅਗਨੀ ਸੰਗ ਲੱਗ ਹਰ ਅਗਿਆਨੀ ਸੜਦਾ।
ਸੰਗ ਸਾਊਆਂ ਦੇ ਹਾਕਮ ਸੜਦਾ ਭੁਜਦਾ ਸੀਨਾ ਠਰਦਾ।

ਭਖੰਡ ਕੀਤੇ ਹਰ ਨਾ ਮਿਲੇ, ਸੋ ਨਿਕਟ ਵਸੇ ਨਿੱਤ ਵੇਖੇ।
ਪਾਪ ਕਰ ਨੱਕ ਰਗੜੇ, ਅਰਦਾਸ ਨਾ ਆਏ ਕਿਸੇ ਲੇਖੇ।
ਰਿਸ਼ਵਤਾਂ ਮਿਨਤਾਂ ਨਾਲ ਨਾ ਪਤੀਜੇ, ਨਾ ਭੀਜੇ ਕਿਸੇ ਭੇਖੇ।
ਹਰ ਹੀ ਹਰ ਦਿਸੇ ਹਾਕਮ ਜੇ ਅੰਦਰ ਝਾਤੀ ਮਾਰ ਦੇਖੇ।

ਭੰਗੜੇ ਨਹੀਂ ਪਾਏ ਜਾਂਦੇ, ਜੇ ਮੌਕੇ ਹੀ ਨਹੀਂ ਹੋਨ ਹਸੀਨੇ।
ਰੋਣੇ ਨਹੀਂ ਰੋਏ ਜਾਂਦੇ, ਜੇ ਦਿਲ ਹੀ ਨਹੀਂ ਹੋਣ ਗ਼ਮਗੀਨੇ।
ਮੋਤੀ ਹਾਰ ਨਹੀਂ ਪਰੋਏ ਜਾਂਦੇ, ਜੇ ਸੱਲ ਨਹੀਂ ਹੋਨ ਸੀਨੇ।
ਸੰਤ ਨਹੀਂ ਕਹੇ ਜਾਂਦੇ ਹਾਕਮ ਜੇ ਦੇਹ ਤੋਂ ਨਾ ਹੋਣ ਪ੍ਰੀਨੇ।

ਤੀਰੱਖੀਂ ਗਈਆਂ ਬਿੱਲੀਆਂ, ਸ਼ਹਿਕੇ ਸ਼ਹਿ ਚੂਹਿਆਂ ਨੂੰ ਲਾਣ।
ਇੱਕ ਟੰਗ ਤੇ ਖੜਕੇ ਪਾਨੀ ਕਿਨਾਰੇ ਬੱਗ ਡੱਡਾਂ ਤਕਾਣ।
ਅੱਖਾਂ ਮੀਚਕੇ ਬੈਠ ਮੰਦਰੀਂ, ਮਨ ਮਾਇਆ ਵਿੱਚ ਟਕਾਣ।
ਹੰਸ ਬਣੇ ਬਿਨ ਹਾਕਮ ਬਗਲੇ ਮੋਤੀ ਨਹੀਂ ਚੁਣ ਖਾਣ।

ਧਰਮ ਦੇ ਨਾਂ ਤੇ ਲੜਾਏ ਮਰੇ ਸ਼ੈਤਾਨ, ਨਹੀਂ ਧਰਮੀ।
ਰੱਬ ਦੇ ਨਾਂ ਤੇ ਧੂੰਨ ਉਗਰਾਏ, ਹੈ ਬੇਈਮਾਨ ਕੁਕਰਮੀ।
ਪਖੰਡ ਕਰ ਡਰਾਏ ਕਮਾਏ, ਹੈ ਹੈਵਾਨ ਨਿਹਕਰਮੀ।
ਸੱਚੇ ਧਰਮੀ ਸੰਤਾਂ ਹਾਕਮ ਗਿਆਨ ਦੀ ਵਰਸ਼ਾ ਕਰਨੀ।

ਕਾਗ ਹੰਸ ਨਹੀਂ ਹੋਏ ਭਾਵੇਂ ਲੱਖਵਾਰ ਸਾਬਨ ਲਗਾਏ।
ਸੱਪ ਵਿੱਸ਼ ਨਹੀਂ ਤਜੇ ਭਾਵੇਂ ਹਜ਼ਾਰਵਾਰ ਦੁੱਧ ਪਿਆਏ।
ਬੁਰਾ ਬੁਰਾਈ ਨਾ ਛੱਡੇ ਭਾਵੇਂ ਅੱਠਸਠ ਤੀਰਥ ਨਹਾਏ।
ਸੰਤ ਭਖੰਡ ਨਾ ਕਰਦਾ ਹਾਕਮ ਭਾਵੇਂ ਭੁੱਖਾ ਮਰ ਜਾਏ।

ਹਿੰਮਤ ਧੀਰਜ ਲਗ਼ਨ ਬੁੱਧੀ ਜੇ ਵਰਤੇ ਨਾਲ ਧਿਆਨ।
ਧੰਨ ਸ਼ਕਤੀ ਬਹਾਦਰੀ ਹੁੰਦੇ ਜੇ ਨਹੀਂ ਕਰੇ ਅਭਿਮਾਨ।
ਧਰਤੀ ਸੁਰਗ ਬਣੇ ਜੇ ਸੱਭ ਬਣ ਜਾਣ ਇਨਸਾਨ।
ਅਨੁਭਵ ਕਰੇ ਸਤ ਹਾਕਮ ਛੱਡੇ ਪੂਜਨ ਭਗਵਾਨ।

ਬੂਟੇ ਨੂੰ ਫੁੱਲ ਆਏ ਫੱਲ ਬਣੇ, ਪੱਕੇ ਤਾਂ ਡਾਲੋਂ ਟੁੱਟ ਜਾਏ।
ਇੱਕ ਰਹੇ ਦੂਜਾ ਜਾਏ, ਇੱਕ ਸਮੇਂ ਇੱਕ ਥਾਂ ਦੋ ਨਾ ਰਹਾਏ।
ਗਿਆਨ ਲਈ ਕਰਮ ਹੈ, ਗਿਆਨ ਹੋਏ ਕਰਮ ਨਸਾਏ।
ਪੂਜਾ ਕਰੇ ਦੂਜਾ ਰਹੇ ਹਾਕਮ ਦੁਖੀ ਰਹੇ ਸੁੱਖ ਨਾ ਪਾਏ।

ਪੂਰੇ ਹੁੰਦੇ ਉਦੱਮ ਨਾਲ, ਸਰਬ ਸ੍ਰੇਸ਼ਟ ਉਤਮ ਕਾਮ।
ਸੁੱਤੇ ਸ਼ੇਰ ਦੇ ਮੂੰਹ' ਚ, ਅਪਨੇ ਆਪ ਨਾ ਹਿਰਨ ਪੈ ਜਾਨ।
ਹਿੰਮਤ ਕਰੇ ਅਨੁਭਵ ਹੋਏ, ਤਜਕੇ ਦੇਹ ਅਭਿਮਾਨ।
ਗੱਲਾਂ ਕਰਨਾ ਸੌਖਾ ਹਾਕਮ ਪੌਣਾ ਔਖਾ ਬ੍ਰਹਮ ਗਿਆਨ।

ਦ੍ਰਿਸ਼ਟਮਾਨ ਮਿਥਿਆ ਖਾਕੀ ਦੇਹੀ ਨੂੰ ਮੱਤ ਸਮਝੋ ਖ਼ੁਦਾ।
ਸ੍ਵੈਸ਼ਾਖਸ਼ੀ ਬ੍ਰਹਮ ਅਖੰਡ, ਹਰ ਸਮੇਂ ਹਰਜਾਈ ਸਦਾ।
ਸੱਤ ਆਸਰੇ ਚੱਲੇ ਬ੍ਰਹਮਾਂਡ ਖ਼ੁਦ ਅਚੱਲ ਅਨਹੱਦਾ।
ਬਿੰਬ ਮਾਇਆ ਪ੍ਰਤੀਬਿੰਬ ਹਾਕਮ ਤਿੰਨ ਮਿਲ ਕਾਜ ਹੁੰਦਾ।

ਹਿਰਦਾ ਨਾ ਸਾੜ ਵਿੱਚ ਸਾੜੇ, ਨਾ ਹੀ ਕਰ ਧੰਨ ਦਾ ਗ਼ਰੂਰ।
ਵਿਸ਼ੇਸ਼ ਅਸਥਾਨ ਹੈ ਰੱਬ ਦਾ, ਨਾ ਕਰ ਦਿਲ ਨੂੰ ਬੇਨੂਰ।
ਬਣ ਨਹੀਂ ਖ਼ੁਸ਼ਾਮਦੀ ਅਪਨਾ ਸਵੈਮਾਨ ਰੱਖ ਜ਼ਰੂਰ।
ਚਾਪਲੂਸੀ ਕੀਤੇ ਰਾਜ ਮਿਲੇ ਹਾਕਮ ਨਾਂ ਕਰੀਂ ਮਨਜ਼ੂਰ।

ਧਰਮ ਤੋਂ ਅਣਜਾਨਾ ਹੱਥੀਂ, ਧਰਮ ਦੇ ਲ਼ਗਾਮ ਆ ਗਏ।
ਮਾਇਆ ਹੱਥ ਵਿਕੇ, ਮਾਇਆ ਦੇ ਪੂਜਾਰੀ ਗ਼ਲਾਮ ਆ ਗਏ।
ਧਰਮ ਦੇ ਰਾਖੇ ਮਨੁੱਖਾਂ ਨੂੰ ਕਰਨ ਕਤਲਾਮ ਆ ਗਏ।
ਧਰਮ ਨਾਮ ਵੇਚ ਹਾਕਮ ਧਰਮ ਨੂੰ ਹੀ ਖਾਨ ਆ ਗਏ।

ਅਪਨੇ ਆਪੇ ਦੇ ਗਿਆਨ ਦਾ, ਜਿਨ੍ਹਾਂ ਨੂੰ ਕੁੱਝ ਵੀ ਨਹੀਂ ਪਤਾ।
ਉਹ ਹੀ ਲੋਕਾਂ' ਚ ਧਰਮ ਵੰਡਨ, ਰੱਬ ਦਾ ਕਟੱਨ ਪੱਤਾ।
ਆਪ ਮਰਨ ਹੋਰਨਾਂ ਨੂੰ ਮਰਾਨ, ਮਾਇਆ ਦਾ ਸੁੱਟ ਪੱਤਾ।
ਧਰਮਾਂ'ਚ ਵੰਡੇ ਹਾਕਮ ਇੱਕ ਦੂਜੇ ਦੀਆਂ ਲੌਹਣ ਪੱਤਾਂ।

ਮਨੁੱਖਤਾ ਧਰਮ ਵੰਡਨ, ਕੌਡੀਆਂ ਲਈ ਕਰਨ ਕਥਾ।
ਜਥਾ ਕਥਾ ਕਥਤਾ ਵਕਤਾ, ਸੁਣ ਸਰੋਤਾ ਬਣਦਾ ਤਥਾ।
ਅਖੰਡ ਧਰਮ ਵੰਡ, ਬਣਾਇਆ ਮਾਇਆ ਵਾਸਤੇ ਹੱਥਾ।
ਧਰਮ ਵਿੱਚ ਅੰਨ੍ਹੇ ਹਾਕਮ ਇੱਕ ਦੂਜੇ ਦਾ ਭੰਨਣ ਮੱਥਾ।

ਛੋਟਾ ਜਿਹਾ ਕੀੜਾ ਸਖ਼ਤ ਪਥੱਰ ਵਿੱਚ, ਕਰ ਲਏ ਵਾਸ।
ਮਨੁੱਖ ਰੱਬ ਵਿੱਚ ਵਾਸ ਛੱਡਕੇ ਲਭਦਾ ਵਿੱਚ ਅਕਾਸ਼।
ਅਰਸ਼ੋਂ ਡਿੱਗਕੇ ਫਰਸ਼ ਓਤੇ, ਗਵਾ ਲਏ ਹੋਸ਼ ਹਵਾਸ਼।
ਮਦਹੋਸ਼ੀ ਵਿੱਚ ਹੀ ਹਾਕਮ ਗਵਾ ਲਈ ਸਵਾਸਾਂ ਦੀ ਰਾਸ।

ਲੱਖੀਂ ਹੱਥ ਨਹੀਂ ਅਉਂਦੀ, ਅਨੁਭਵੀ ਵਿਰੱਕਤਾਂ ਦੀ ਮੱਤ।
ਕਰੇ ਕੁਸੰਗਤ ਵੇਸਵਾ ਦੀ, ਤਿੰਨ ਕਾਲ ਨਹੀਂ ਰਹੇ ਜੱਤ।
ਧੰਧਾ ਕਰੇ ਦੇਹ ਵਪਾਰ ਦਾ, ਕਦੀ ਨਹੀਂ ਰਹਿ ਸਕੇ ਸੱਤ।
ਭੁਲਕੇ ਕੁਸੰਗਤ ਨਾ ਕਰੀਂ ਹਾਕਮ ਜੇ ਰੱਖਣੀ ਹੈ ਪੱਤ।

ਲੱਭਿਆਂ ਹੱਥ ਨਹੀਂ ਅਉਂਦੀ, ਸੱਚੇ ਸਾਊ ਸਜਨਾਂ ਦੀ ਸੱਥ।
ਦੁਰਲੱਭ ਜਨਮ ਹੱਥੋਂ ਛੁਟਕਿਆ, ਫਿਰ ਨਾ ਆਏ ਹੱਥ।
ਮਿਲਕੇ ਸਜਨਾਂ ਨੂੰ, ਦੇਹ ਖਾਕੀ' ਚੋਂ ਪਾ ਆਤਮਾ ਨੂਰੀ ਤੱਥ।
ਦੀਦਾਰ ਪਾ ਰੱਬ ਦਾ ਹਾਕਮ ਆਹਲਾ ਹੂੰ ! ਆਹਲਾ ਹੂੰ ! ਕੱਥ।

ਧੰਨ ਸਤਪੁਰਖ ਜਨੁ ਜੱਗ ਆਏ, ਆਪਾ ਲੈਣ ਪਛਾਨ।
ਗਿਆਨ ਕਰ ਦੇਣ ਮੁਖੋਂ ਛੱਡ ਸੋ ਹੱਕ ਸੱਚ ਦੇ ਅਚੁੱਕ ਬਾਨ।
ਆਪੇ ਦਾ ਅਨੁਭਵ ਕਰਾਕੇ, ਮੁਰਦੇ ਵਿੱਚ ਪਾ ਦੇਣ ਜਾਨ।
ਵਿਰਲੇ ਹੀ ਸੱਚ ਪਉਣ ਹਾਕਮ ਜਿੰਦ ਕਰ ਕੁਰਬਾਨ।

ਰੱਬ ਸ਼ਾਖਸ਼ੀ ਮੈਂ ਤੇ ਦੇਹੀ ਮੈਂ’ ਚ, ਫਰਕ ਪਹਾੜ ਤੇ ਰਾਈ।
ਸ਼ਾਖਸ਼ੀ ਮੈਂ! ਕਿ ਦੇਹੀ ਮੈਂ! ਇਸ ਮੈਂ ਦਾ ਭੇਦ ਨਾ ਪਾਇਆ ਜਾਈ।
ਦੇਹੀ ਤਜ ਇੱਕ ਮੈਂ ਥਿਰ ਰਹੇ, ਦੇਹ ਨਹੀਂ ਰਹੇ ਰਹਾਈ।
ਮੈਂ ਵਿਦੇਹੀ ਹੋਆ ਹਾਕਮ ਜਦ ਆਪੇ ਮੈਂ ਦੀ ਸਮਝ ਪਾਈ।

ਸਦੀਆਂ ਤੋਂ ਉੱਥੇ ਹੀ ਖੜੇ ਹਨ ਬੁੱਕ ਬੁੱਤ ਜੜ ਫੜਕੇ।
ਮੀਲ ਪੱਥਰਾਂ ਨੂੰ ਪੂਜਨ ਲੱਗੇ, ਲਿਖਿਆ ਫਾਸਲਾ ਪੜ੍ਹਕੇ।
ਮੰਜ਼ਲ ਤੇ ਪਹੁੰਚ ਨਹੀਂ ਸਕਦੇ, ਇਹ ਜੜ ਤੇ ਖੜਕੇ।
ਬਿਨ ਸਮਝ ਹਾਕਮ ਮਰਨ ਅਗਿਆਨ ਵਿੱਚ ਲੜਕੇ।

ਕਾਬੂ ਨਹੀਂ ਜਿਸਦਾ ਕਾਮਨਾ ਤੇ, ਰਹੇ ਭਰੋਸੇ ਰਾਮ ਤੇ।
ਉਹ ਆਪਨਾ ਦੁਸ਼ਮਨ ਆਪ ਹੈ, ਨਾ ਦੋਸ਼ ਧਰੇ ਆਨ ਤੇ।
ਧੰਨ ਤੋਂ ਮੌਤ ਬੁਰੀ, ਅਜ਼ਾਦੀ ਮਰੇ ਜਿਸ ਧੰਨ ਨੂੰ ਪਾਨ ਤੇ।
ਹਿੰਮਤ ਕਰੇ ਤਰੇ ਹਾਕਮ ਭਰੋਸਾ ਰੱਖੇ ਸਵੈ-ਤਾਨ ਤੇ।

ਦੂਜਿਆਂ ਦੀ ਉਨੱਤੀ ਦੇਖਕੇ, ਸਿਆਣਾ ਕਦੇ ਨਾ ਹੋਏ ਜਿੱਚ।
ਬਦਲੇ ਦੀ ਨਾਂ ਰੱਖੇ ਭਾਵਨਾ, ਮਨ ਸੜੇ ਨਾ ਈਰਖਾ ਵਿੱਚ।
ਸਮਾਂ ਵਿਚਾਰੇ ਲੋੜਾਂ ਘਟਾਏ, ਧੰਨ ਖੱਟੇ ਕੰਮ ਕਰੇ ਨਿੱਤ।
ਲ਼ਗਨ’ ਚ ਮ਼ਗਨ ਰਹੇ ਹਾਕਮ ਨਾ ਦੌੜ’ ਚ ਲਾਏ ਚਿੱਤ।

ਕਾਮੀ ਕਰੋਧੀ ਲਾਲਚੀ ਜਵਾਹਰੀਆਂ ਤੋਂ ਪਾਸਾ ਜਾਏ ਵੱਟ।
ਬੋਲ ਕਬੋਲ ਸਹਾਰ ਲਏ, ਉਲਟਾ ਨਾ ਗਿੱਟੇ ਮਾਰੇ ਸੱਟ।
ਵਾਰ ਵਾਰ ਮਾਰੇ ਡੰਗ, ਪਰਉਪਕਾਰ ਤੋਂ ਨਾ ਜਾਏ ਹੱਟ।
ਸਦਾ ਸੁਖੀ ਹਾਕਮ ਸੁਣੇ ਬਹੁਤਾ, ਸੋਚੇ ਡੂੰਗਾ, ਬੋਲੇ ਘੱਟ।

ਜੀਵਨ ਦੀ ਹਰ ਘਟਨਾ ਤੋਂ, ਕੁੱਝ ਸਿੱਖੇ, ਫਾਇਦਾ ਉਠਾਏ।
ਛੱਡੇ ਬੁਰਾਈ ਫੜੇ ਭਲਾਈ, ਹਰਦਮ ਸਚਾਈ ਕਮਾਏ।
ਅਪਨੇ ਨਾਲ ਹੋਈ ਨੇਕੀ ਯਾਦ ਰੱਖੇ, ਕਦੀ ਨਹੀਂ ਭੁਲਾਏ।
ਸਾਊ ਹੋਏ ਵਿਚਰੇ ਹਾਕਮ ਜੱਗ ਵਿੱਚ ਸਦਾ ਸੁੱਖ ਪਾਏ।

'ਸੋ ਜੋਤ ਨਿਰੰਜਨ ਨਿਰੰਕਾਰ ਸੋ ਹੰ ਉਂਕਾਰ ਸਤਿਨਾਮ'।
'ਸੱਤ ਪੁਰਖੁ ਅਕਾਲ ਮੂਰਤ ਸੋ ਸ਼ਬਦ ਸਰੂਪੀ ਰਾਮ।
ਨਿਰੰਕਾਰ ਅਬਿਨਾਸ਼ੀ ' ਅੱਖਾਂ ਮੀਟ ਰਟਦੇ ਹੀ ਮਰ ਜਾਨ।
ਤੋਤਾ ਨਾ ਬਣ ਹਾਕਮ ਸੋ ਸਮਝਕੇ ਪਾ ਆਤਮ ਗਿਆਨ।

ਰੱਬ ਨੂੰ ਸਮਝਕੇ ਵੱਖ ਆਪੇ ਤੋਂ, ਮੈਂ ਤੂੰ ਵਿੱਚ ਗਲਤਾਨ।
ਛੱਡ ਰਾਹ ਆਪੇ ਦੀ ਪਹਿਚਾਨ ਦਾ, ਦੂਈ ਵਿੱਚ ਉਲਝਾਨ।
ਦੇਹੀ ਨੂੰ ਰੱਖਣ ਪਕੜੀ, ਸਾਖੀ ਮੈਂ ਦੀ ਨਾ ਕਰਨ ਪਛਾਨ।
ਪ੍ਰਾਪਤ ਨੂੰ ਭੁਲ ਹਾਕਮ ਅਪ੍ਰਾਪਤ ਸਮਝ ਰੱਟੀ ਜਾਨ।

ਸਮੁੰਦਰ ਰਾਹ ਦਿੰਦੇ ਖੋਜੀਆਂ ਨੂੰ, ਜੋ ਅੱਗੇ ਹੋਕੇ ਲੱਭਦੇ।
ਦੇਹ ਤੋਂ ਉੱਪਰ ਓਠ, ਪ੍ਰਤੱਖ ਅਨੁਭਵ ਹੁੰਦੇ ਰੱਬ ਦੇ।
ਬੱਦਲਾਂ ਦੀ ਗੋਦੀ, ਥੋਥੇ ਦੰਭੀ ਭੇਖੀ ਸਾਧ ਪਿਆਸੇ ਮਰਦੇ।
ਤੁਫਾਨਾਂ ਵਿੱਚਕਾਰ ਹਾਕਮ ਅਨੁਭਵ ਦੇ ਦੀਵੇ ਜਗਦੇ।

ਅਰਸ਼ੋ ਫਰਸ਼ ਡਿੱਗ ਥੋਥੇ ਧਰਮ ਝਾੜ' ਚ ਫੱਸ ਗਈ।
ਝਾੜ ਫੱਸੀ ਭੇਡ, ਭੇਡਾਂ ਦੇ ਭੇਖ' ਚ ਭਘਿਆੜਾਂ ਵੱਸ ਪਈ।
ਜੜ ਬੁੱਤ ਗੁਰੂ ਗ਼ਰੀਬ ਨਿਵਾਜ ਦੇਖ ਬੁੱਧੀ ਨੱਸ ਗਈ।
ਧਰਮ ਕਿ ਕੁਕਰਮ ਹਾਕਮ ਕਰ ਪਛਾਨ ਦੱਸ ਬਈ।

ਘੋਗੜਾਂ ਮੀਟਿੰਗ ਕੀਤੀ ਚੁਫੇਰੇ ਬਹਿ ਮਾਇਆ ਦੇ ਢੇਰਦੇ।
ਬਘਿਅੜਾਂ ਨੂੰ ਬੱਲੇ ਆਖਕੇ, ਸ਼ਾਹਬਾਸ਼ ਆਖਣ ਸ਼ੇਰਦੇ।
ਭੋਲੀਆਂ ਭਾਲੀਆਂ ਭੇਡਾਂ ਨੂੰ, ਬੜੀ ਚਤੁਰਾਈ ਨਾਲ ਘੇਰਦੇ।
ਭੁੱਖੇ ਦਿਨ ਦੇ ਉੱਲੂ ਹਾਕਮ ਹੋਣ ਧੰਨਵਾਦੀ ਹਨ੍ਹੇਰੇ ਦੇ।

ਬ੍ਰਹਮ ਤੱਜ ਦੇਹੀ ਬੱਝ, ਮਾਇਆ ਪਿੱਛੇ ਭੱਜ ਫਸੇ ਜਾਲ।
ਜੰਜਾਲ ਛੁੱਟੇ ਦੁੱਖ ਟੁੱਟੇ, ਇਸ ਲਈ ਵਿਚੋਲਾ ਲਿਆ ਭਾਲ।
ਚੌਂਕੜੀ ਲਾਈ ਨੀਵੀਂ ਪਾਈ ਬਹਿਠੇ ਅੱਗੇ ਦਿੱਤਾ ਰੱਖ ਮਾਲ।
ਕੰਨ ਫੂਕ ਮਾਰ ਹਾਕਮ ਪੈਸੇ ਕਡਾਏ ਹੁਸ਼ਿਆਰੀ ਨਾਲ।

ਢਾਹ ਕੇ ਮੈਂ ਦੇਹੀ ਦੀ ਢੇਰੀ, ਫਿਰ ਰਹੇ ਨਹੀਂ ਮੌਤ ਦਾ ਡਰ।
ਮੈਂ ਸ਼ਾਖਸ਼ੀ ਰਹੇ, ਜੀਵਨ ਰਹੇ ਸਦਾ, ਕਦੇ ਨਾ ਜਾਏ ਮਰ।
ਨਰਕ ਸੁਰਗ ਪੁੰਨ ਪਾਪ ਕਲੇਸ਼ ਰਹੇ ਨਾ, ਭੋਰਾ ਭਰ।
ਸਰਬ ਸੁੱਖ ਪਾਏ ਹਾਕਮ ਜੇ ਸਮਝ ਆਏ ਹਰੀ ਹਰ।

ਪਾਠ ਪਠਨ ਧਰਮ ਕਰਮ ਮਾਇਆ ਦਾ ਪਾਨੀ ਭਰਨ।
ਸ਼ਰ੍ਹਾ ਭੇਖਧਾਰੀ ਡੇਰੇਦਾਰੀ ਮਾਇਆ ਅੱਗੇ ਨਾਚ ਕਰਨ।
ਈਮਾਨਦਾਰੀ ਮਨੁਖਤੱਵ ਛੱਡ ਪੈਸੇ ਦੇ ਯਾਰ ਬਣਨ।
ਮਾਇਆ ਜਾਲ ਬੁਣ ਹਾਕਮ ਦੁੱਖ ਜਰਨ ਫੱਸ ਮਰਨ।

ਅਗਿਆਨ ਹਰੇ ਗਿਆਨ ਕਰੇ, ਅਨੁਭਵੀ ਬਾਨੀ ਉਚਾਰੇ।
ਆਤਮ ਸੁੱਖ ਦੇ ਅਮਰ ਕਰੇ, ਮਨ ਦੇ ਕਸ਼ਟ ਉਤਾਰੇ।
ਦੇਹ ਅਭਿਮਾਨ ਛਡਾਏ, ਮੈਂ ਸਤ ਚਿਤ ਨੰਦ ਉਭਾਰੇ।
ਸੱਤ ਵਿਚਾਰ ਦੇ ਹਾਕਮ ਕੁਸੱਤ ਦਾ ਅੰਧਕਾਰ ਉਡਾਰੇ।

ਗਿਆਨ ਕਰੇ ਲੋਕ ਪਰਲੋਕ ਵਹਿਮ, ਢਹਿ ਢੇਰੀ ਸਾਰੇ।
ਸਹਿਮ ਧਰਮਰਾਜ ਦੇ ਨਰਕਾਂ ਸੁਰਗਾ ਦੇ ਜਾਨ ਮਾਰੇ।
ਅਨੁਭਵ ਅਪਨੇ ਆਪੇ ਦਾ, ਪੁੰਨਾਂ ਪਾਪਾਂ ਦੇ ਭਾਰ ਉਤਾਰੇ।
ਅਨੁਭਵੀ ਹਾਕਮ ਕਰੇ ਸਹਿਜ ਭਾਏ ਪਰ ਉਪਕਾਰੇ।

ਪਸ਼ੂ ਮਰੇ ਕਈ ਕੰਮ ਸਵਾਰੇ, ਨਰ ਮਰੇ ਨਾ ਆਏ ਕਾਮ।
ਮੁਰਦੇ ਹੱਡ ਮਾਸ ਲਹੂ ਪਿੰਜਰ ਦਾ ਮਿਲੇ ਨਾ ਕੌਡੀ ਦਾਮ।
ਜੀਊਂਦਾ ਜੇ ਅਨੁਭਵੀ ਹੋਏ, ਤਿਆਗਕੇ ਦੇਹੀ ਰੂਪ ਨਾਮ।
ਅਮਰ ਅਟੱਲ ਹਾਕਮ ਸਰਬ ਵਿਆਪਕ ਬਣੇ ਰਾਮ।

ਪੰਜਾਂ ਤੱਤਾਂ ਵਿੱਚ ਵਿਆਪਕ, ਆਸਰਾ ਸਰਬ ਜਹਾਨ ਦਾ।
ਪੰਜਾਂ ਭੂਤਾਂ ਵਿੱਚ ਫੱਸਕੇ, ਪੱਲਾ ਛੱਡਿਆ ਸੱਚ ਮਹਾਨ ਦਾ।
ਰੁਲਦਾ ਕਸ਼ਟਾਂ ਵਿੱਚ ਲੜ ਛੱਡੇ ਨਾ ਦੇਹ ਅਭਿਮਾਨ ਦਾ।
ਆਤਮ ਸੁੱਖ ਛੱਡ ਹਾਕਮ ਖੇਹ ਵਿਸ਼ਿਆਂ ਦੀ ਛਾਣਦਾ।

ਸ਼ੇਰ ਸੁਫਨੇ ਦੇ ਮਾਰਨਾ ਕੀ, ਚੋਰ ਠੂਠ ਕੀ ਘਰ ਲੁਟਨਾ।
ਪੁੱਤ ਬਾਂਝ ਦੇ ਸਿੰਗਾਂ ਤੋਂ ਫੜ ਗਧਾ, ਕੀ ਮਾਰਨਾ ਕੀ ਕੁਟਨਾ।
ਕਪੜਾ ਮ੍ਰਿਗਤ੍ਰਿਸ਼ਨਾਂ ਦੇ ਨੀਰ’ ਚ ਕੀ ਭਿਜਨਾ ਕੀ ਸੁਕਨਾ।
ਜਾਗੇਂ ਸੱਚ ਵਿੱਚ ਹਾਕਮ ਤਾਂ ਹੀ ਸੰਸਾਰੀ ਦੁੱਖਾਂ ਤੋਂ ਛੁੱਟਨਾ।

ਸ਼ਾਖਸ਼ੀ ਦੇਹ ਦਾ ਹੀ, ਨਾਮ ਰੂਪ ਤੋਂ ਰਹਿਤ ਸਰੂਪ ਤੂੰ ਹੀ।
ਮਨ ਬੁੱਧ ਚਿੱਤ ਅਹੰਕਾਰ ਨੂੰ ਜਾਣਦਾ ਸੋ ਅਨੂਪ ਤੂੰ ਹੀ।
ਦਿਨ ਰਾਤ ਪਰਕਾਸ਼ ਹਨ੍ਹੇਰ ਦਾ ਸੋ ਦ੍ਰਿਸ਼ਟਾ ਰੂਪ ਤੂੰ ਹੀ।
ਭੁੱਲ ਸਤ ਸਰੂਪ ਹਾਕਮ ਬਣ ਗਿਆ ਦੇਹੀ ਕੂਪ ਤੂੰ ਹੀ।

ਤਿੰਨ ਕਾਲ ਸ਼ਾਖਸ਼ੀ ਮੈਂ, ਭਿੰਨ ਆਤਮਾ ਤੋਂ ਰਹੇ ਜਾਗਦੀ।
ਜਾਗਰਤ ਸੁਪਨ ਸਖੋਪਤੀ ਤੋਂ ਮੈਂ ਵੱਖ ਰਹੇ ਭਾਸਦੀ।
ਸਤ ਚਿੱਤ ਨੰਦ' ਚ ਅਭੇਦ ਹੋਕੇ ਨਾ ਸੋਚ ਰਹੇ ਨਾਸਦੀ।
ਸਾਰ ਧੰਨ ਪਾਕੇ, ਹਾਕਮ ਲੋੜ ਆਮ ਰਹੇ ਨਹੀਂ ਖਾਸ ਦੀ।

ਸੁੱਖ ਸ੍ਵੈਸਰੂਪ ਤੇਰਾ, ਸੀਨਾ ਸੰਸਿਆਂ' ਚ ਕਿਉਂ ਸਾੜਦਾ ਏਂ।
ਜਮਨ ਮਰਨ' ਚ ਨਾ ਤੂੰ, ਗ਼ੋਰਾਂ' ਚ ਝੱਖ ਕਿਓਂ ਮਾਰਦਾ ਏਂ।
ਅਮੁੱਲ ਸਰੂਪ ਤੇਰਾ, ਕਉਡੀ ਬਦਲੇ ਕਿਉਂ ਗਾਲਦਾ ਏਂ।
ਪ੍ਰਾਨਾਂ ਤੋਂ ਨੇੜੇ ਹਾਕਮ ਮੰਦਰੀਂ ਤੀਰਥੀਂ ਕਿਉਂ ਭਾਲਦਾ ਏਂ।

ਧਰਮਸ਼ਾਲ ਨਹੀਂ, ਮੁਰਦਘਾਟ ਜੇ ਦੇਹੀ ਬਣ ਰੋਲੀਏ।
ਧਰਮਸਥਾਨ ਨਹੀਂ, ਦੁਕਾਨ ਹੈ ਜਿੱਥੇ ਮਾਇਆ ਤੋਲੀਏ।
ਵਿਦਿਆਲਾ ਨਹੀਂ ਗੱਪਸ਼ਾਲਾ ਹੈ ਜਿੱਥੇ ਸਿਖਿਆ ਝੂਠ ਬੋਲੀਏ।
ਹਰ ਥਾਂ ਮਾਇਆ ਛਾਇਆ ਹਾਕਮ ਕਿੱਥੋਂ ਗਿਆਨ ਟੋਲੀਏ।

ਦੇਹ ਅਭਿਮਾਨੀ ਸੁਖੀ ਨਹੀਂ ਥੀਵੇ, ਵਿਸ਼ੈ ਵਾਸਨਾ' ਚ ਰਹੇ।
ਮਨੋਂ ਨਾ ਛੱਡੇ ਕਾਣੀ ਕਉਡੀ, ਮੋਹ ਮਾਇਆ ਕਿਵੇਂ ਲਹੇ।
ਅਗਿਆਨੀ ਹੋਕੇ ਹਨ੍ਹੇਰਾ ਢੋਏ, ਅਣਹੋਏ ਕਸ਼ਟ ਸਹੇ।
ਸੁਪਨੇ ਸੁੱਖ ਨਾ ਹੋਏ, ਹਾਕਮ ਚੜਕੇ ਪੂਜਾਰੀਆਂ ਢਹੇ।

ਗੁਰੂ ਸ਼ਿਸ਼ ਰੱਬ ਤਿੰਨ ਹੀ ਪੱਕੇ ਕਰਾਏ ਉਹ ਕੁਸੰਗਤ।
ਮੈਂ ਤੇ ਰੱਬ ਦੋ ਸਮਝਨ ਵਾਲੇ ਦੀ ਭ੍ਰਿਸ਼ਟ ਕਰੇ ਸੰਗਤ।
ਸਤਸੰਗ ਤੱਤ ਵੇਤਿਆਂ ਦਾ ਚੜਾਏ ਗਿਆਨ ਦੀ ਰੰਗਤ।
ਇੱਕ ਹੀ ਹੋਏ ਹਾਕਮ ਭਵਸਾਗਰ ਸੋਈ ਪਾਰ ਲੰਘਤ।

ਸਤ ਅਨੁਭਵ' ਚ ਅਭੇਦ ਹੋਏ ਬਿਨਾਂ ਜੋ ਸੰਤ ਕਹਾਏ।
ਉਹ ਕੇਵਲ ਵਹਿਮਾਂ ਭਰਮਾਂ ਭੇਖਾਂ ਦੇ ਕਟਾਣੂ ਫਲਾਏ।
ਐਸੇ ਅੰਧ ਅਗਿਆਨੀ ਪਖੰਡੀ ਨੂੰ ਭੁਲਕੇ ਮੂੰਹ ਨਾ ਲਾਏ।
ਗਿਆਨਹੀਨ ਪੂਜਾਰੀ ਦੇ ਹਾਕਮ ਕਦੀ ਨੇੜੇ ਨਹੀਂ ਜਾਏ।

ਹੱਥ ਬੰਨ ਨੱਕ ਰਗੜ ਨਿਰਗੁਨ ਅਕਰੇ ਨੂੰ ਪੁਕਾਰੇ।
ਆਪ ਅੰਨਾ ਹਨ੍ਹੇਰਾ ਢੋਏ, ਹੋਰਨਾਂ ਲਈ ਹਨ੍ਹੇਰ ਪਸਾਰੇ।
ਕਦੀ ਸੁਖੀ ਨਹੀਂ ਹੋਏ, ਹਰ ਥਾਂ ਹਰ ਸਮੇਂ ਕਮਲ ਮਾਰੇ।
ਆਪ ਪਛਾਣੇ ਸੁਖੀ ਹੋਏ ਹਾਕਮ ਹੋਰ ਨਾ ਖੇਹ ਖਲਾਰੇ।

ਬੁੱਤ ਬੁੱਕ ਪੂਜ ਪੂਜਾਏ, ਪੈਸੇ ਕਮਾਏ ਦੁਕਾਨ ਚਲਾਏ।
ਭੇਖ ਬਣਾਏ ਪਖੰਡ ਚਲਾਏ, ਗੁਰੂ ਬਣ ਪੂਜਾ ਕਰਾਏ।
ਧਰਮ ਗ੍ਰੰਥ ਅਗੇ ਰੱਖ, ਧਰਮ ਦੇ ਨਾਂ ਤੇ ਧੰਨ ਕਮਾਏ।
ਧਰਮ ਵਪਾਰ ਬਣਾ ਹਾਕਮ ਸੋ ਲੋਕ ਮੂਰਖ ਬਣਾਏ।

ਭੋਲੀ ਜੰਤਾ ਨਾ ਸਮਝੇ ਚਾਲਾਂ, ਭੇਡ ਚਾਲ ਵਿੱਚ ਫੱਸ ਜਾਏ।
ਭੇਡਾਂ ਚਾਲੀ ਭੇਖ ਧਾਰਕੇ, ਲੋਕ ਭੇਖ ਦਿਖਾਵੇ ਵਿੱਚ ਆਏ।
ਸ਼ੈਤਾਨਾਂ ਬੁਧੂ ਫਸਾਉਣ ਲਈ, ਧਰਮ ਦੇ ਜਾਲ ਵਛਾਏ।
ਲਾਲਚ ਵੱਸ ਫਸਿਆਂ ਨੂੰ ਹਾਕਮ ਕੋਈ ਨਾ ਸਕੇ ਛਡਾਏ।

ਭੇਡਾਂ ਦੇ ਇਜੜਾਂ ਨੂੰ ਨਰਕਾਂ ਸਵਰਗਾਂ ਦੀ ਕਥਾ ਸੁਣਾਏ।
ਅਗਲੇ ਜਨਮ ਦੇ ਲਾਕੇ ਲ੍ਹਾਰੇ, ਹੱਥਲਾ ਜਨਮ ਗਵਾਏ।
ਨੌਂਹਾਂ ਦਸਾਂ ਦੀ ਕਿਰਤ ਛੱਡਕੇ, ਝੂਠ ਦੀ ਡਫਲੀ ਵਜਾਏ।
ਹੋਰਾਂ ਕਥਾ ਸੁਣਾ ਹਾਕਮ ਪੋਰ ਖਾਲੀ ਦਾ ਖਾਲੀ ਰਹਿ ਜਾਏ।

ਹੱਡ ਭੰਨ ਕੇ ਕਰੀ ਕਮਾਈ ਦਾ, ਹੱਥਲਾ ਧੰਨ ਲਿਆ ਲੁਟਾ।
ਦਰਸ਼ਨ ਕਾਰਨ ਅੱਖੀਆਂ ਮੀਟੀਆਂ, ਅੰਧੇਰਾ ਲਿਆ ਵਧਾ।
ਖੋਲਨੀ ਸੀ ਗਿਆਨ ਅੱਖ ਅਕਲੀਂ, ਸੋ ਰੌਸ਼ਨੀ ਲੈਂਦਾ ਪਾ।
ਅੰਨਿਆਂ ਮਗਰ ਲੱਗਕੇ ਹਾਕਮ ਸਵੈ-ਮਾਨ ਲਿਆ ਘਟਾ।

ਉਹ ਤੂੰ ਹੀ ਹੈ! ਜਿਸਨੂੰ ਲੋਚੇਂ,! ਸੌ ਹੱਥ ਰੱਸਾ ਸਿਰੇ ਤੇ ਗੰਡ।
ਰੱਬ ਤਾਂ ਵੱਖ ਨਹੀਂ, ਖੋਲੀ ਅੱਖ ਨਹੀਂ, ਜੋ ਦੇਖੇ ਅੱਖਾਂ ਬੰਦ।
ਅੱਖ ਖੋਲ ਅੰਦਰ ਫੋਲ, ਨੇੜੇ ਹੂੰ ਨੇੜੇ ਟੋਲ, ਸੋ ਹੰ ਚੰਦ।
ਲਗੱਨ ਚਾਰ ਚੰਦ ਹਾਕਮ ਜੇ ਹੋ ਜਾਏਂ ਸਤ ਚਿੱਤ ਨੰਦ।

ਰੋਂਦਾ ਆਇਐਂ ਹੱਸਦਾ ਰਹੀਂ, ਹੱਸਦਾ ਹਾਸੇ ਵਿੱਚ ਸਮਾਈਂ।
ਸੱਚਾ ਆਇਐਂ ਸੱਚਾ ਰਹੀਂ, ਸੱਚ ਕਮਾਈਂ ਸੱਚ ਨਾ ਗਵਾਈਂ।
ਕੁੱਝ ਨਹੀਂ ਰਹਿਨਾ ਪੱਲੇ, ਸਿਰ ਨਹੀਂ ਝੂਠ ਅੱਗੇ ਨਵਾਈਂ।
ਸੱਭ ਆਵਨ ਜਾਨਹਾਰ, ਹਾਕਮ ਸੱਚ ਨੂੰ ਯਾਰ ਬਣਾਈਂ।

ਪਰਕਾਸ਼ ਵਿੱਚ ਤਾਂ ਕੱਚ ਸ਼ੀਸ਼ਾ ਅਬਰਕ ਵੀ ਦਮਕਦਾ।
ਜੇ ਹੋਵੇ ਕਨ ਹੀਰੇ ਦਾ, ਉਹ ਹਨ੍ਹੇਰ ਵਿੱਚ ਵੀ ਚਮਕਦਾ।
ਅੰਦਰ ਕਨੀ ਗਿਆਨ ਨਾਲ, ਦੁੱਖਾਂ ਵਿੱਚ ਹਾਸਾ ਛਣਕਦਾ।
ਜਾਗਤ ਜੋਤ ਜਪੇ ਹਾਕਮ ਸੋ ਤ੍ਰੈ ਕਾਲ ਰਹੇ ਬੜਕਦਾ।

ਥੋਥੇ ਦਖਾਵੇ ਫੋਕੇ ਚੜ੍ਹਾਵੇ, ਧਰਮ ਦੇ ਰਾਹ ਵਿੱਚ ਕੰਡੇ।
ਗਿਆਨ ਧਿਆਨ ਸੂਝੇ ਨਹੀਂ, ਛਕਨ ਪੰਗਤ ਲਾਕੇ ਮੰਡੇ।
ਮਾਇਆ ਗੱਫੇ ਵੰਡਨ ਤੇ, ਆਪਸ ਵਿੱਚ ਖੜਕਨ ਡੰਡੇ।
ਇੱਕ ਦੂਜੇ ਦੀਆਂ ਲੱਤਾਂ ਖਿੱਚੇ ਹਾਕਮ ਦੂਜਾ ਇੱਕ ਨੂੰ ਭੰਡੇ।

ਅਗਿਆਨ ਨੀਂਦ ਚੋਂ ਜਾਗ! ਦੇਖ ਬੁਕਲ' ਚ ਦਮਕੇ ਲਾਲ।
ਅੱਖ ਖੋਲਕੇ ਗਿਆਨਮਈ, ਯਾਰ ਨੇੜੇ ਹੂੰ ਤੇ ਨੇੜੇ ਭਾਲ।
ਜਾਗਰਤ ਸੁਪਨ ਸਖੋਪਤੀ, ਤਿੰਨ ਕਾਲ ਹੈ ਤੇਰੇ ਨਾਲ।
ਮੂਲ ਮੰਤਰ ਸੋ ਮੈਂ ਹੀ ਹਾਕਮ ਹਿਰਦੇ' ਚ ਰੱਖੀਂ ਸੰਭਾਲ।

ਮਗ਼ਨ ਵਿੱਚ ਲਗ਼ਨ ਇੱਕ ਦੀ, ਸੋ ਇੱਜੜਾਂ ਤੋਂ ਕਤਰਾਨ।
ਇੱਕ ਨਾਲ ਇੱਕ ਹੋਕੇ, ਸੋ ਮੱਥੇ ਰਗੜਨ ਤੋਂ ਸ਼ਰਮਾਨ।
ਵਾਰੇ ਵਾਰੇ ਹੋਨ ਸੱਚੇ ਯਾਰ ਤੋਂ, ਲੱਖਵਾਰ ਸਦਕੇ ਜਾਨ।
ਸੱਚਮਈ ਸੱਚ ਹੋਕੇ ਹਾਕਮ ਸੱਚ ਤੋਂ ਹੋਣ ਕੁਰਬਾਨ।

ਸੁਪਨੇ ਵਿੱਚ ਬਰੜਾਕੇ ਵੀ, ਜੋ ਨੇਕੀ ਵਿੱਚ ਰੱਖੇ ਰੁਝਾਨ।
ਹਰ ਸਮੇਂ ਬੁਰੇ ਦਾ ਭਲਾ ਕਰੇ, ਮਨ' ਚ ਨਾ ਧਾਰੇ ਗ਼ੁਮਾਨ।
ਮਿਹਨਤ ਕਰੇ ਹੱਥੋਂ ਦੇਵੇ, ਧਰਤੀ ਦਾ ਬਣੇ ਇਨਸਾਨ।
ਸਰਬੱਤ ਦਾ ਭਲਾ ਕਰੇ ਹਾਕਮ ਉਸਤੋਂ ਡਰੇ ਸ਼ੈਤਾਨ।

ਘਾਲ ਖਾਏ, ਹੱਥ ਨਾ ਅੱਡੇ, ਸੱਚ ਪਛਾਣੇ, ਚੱਲੇ ਸਿਧੇ ਰਾਹ।
ਮੜੀ ਮਸਾਨੀ ਨੂੰ ਮੂੰਹ ਨਾ ਲਾਏ, ਪਖੰਡੀ ਨਾਲ ਨਾ ਪਾਏ ਵਾਹ।
ਅਗਿਆਨੀ ਭੇਖੀ ਭਾਈ ਨੂੰ, ਟੁਕੜੇ ਨਾ ਪਾਏ ਖਾਹ ਮਖਾਹ।
ਅਣਕਮਾਏ ਟੁਕੜੇ ਖਾ ਹਾਕਮ ਲੋਕਾਂ ਨੂੰ ਦੇਣ ਲੜਾਹ।

ਮਨੁੱਖ ਮਰਵਾਏ ਸ਼ਹੀਦ ਅਖਵਾਏ, ਥੋਥਾ ਸੋ ਧਰਮ।
ਪਿਆਰ ਵਧਾਏ ਵੈਰ ਮਟਾਏ, ਧਰਮ ਨਾ ਦੇਵੇ ਲੜਨ।
ਧਰਮੀ ਜਿੱਥੋਂ ਲੰਘੇ, ਏਕਤਾ ਸ਼ਾਂਤੀ ਦੇ ਚੰਦ ਭਾਨ ਚੜਨ।
ਭੇਖੀ ਸ਼ਰ੍ਹਈ ਸੰਤ ਹਾਕਮ ਲੜ ਲੜਾਕੇ ਆਪੇ ਮਰਨ।

ਸ਼ਰ੍ਹਾ ਦਵੈਸ਼ ਅਗਿਆਨਤਾ ਪੰਥਾਂ ਆਸਰੇ ਡੇਰੇ ਬਣਾਏ।
ਕਟੜਤਾ ਅੰਧਕਾਰ ਨੂੰ ਸਵੈ-ਗਿਆਨ ਪ੍ਰਕਾਸ਼ ਮਟਾਏ।
ਜੜ੍ਹ ਲੜਾਈ ਅੰਨੀ ਸ਼ਰ੍ਹਾ, ਰੱਖੇ ਇਰਖਾ ਭਾਂਬੜ ਮਚਾਏ।
ਸ਼ਰ੍ਹਾ ਬੱਝੇ ਹਾਕਮ ਨਿਕਟ ਵਸੇ ਰੱਬ ਨਾ ਸਕਨ ਪਾਏ।

ਸ਼ਰ੍ਹਾ ਅੰਨੀ ਬੋਲੀ ਰਾਮਰੌਲੀ, ਅਕਲ ਸਚਾਈ ਨਾ ਰਹਿੰਦੀ।
ਕੋਲ੍ਹੂ ਦੇ ਬੈਲ ਵਾਂਗ, ਇੱਕ ਥਾਂ ਹੀ ਘੁਮਣਘੇਰੀ' ਚ ਪਹਿੰਦੀ।
ਅੱਖਾਂ ਮੀਟ ਦਿਨ ਰਾਤ ਚੱਲੇ, ਪੰਜਾਲੀ ਗਲੋਂ ਨਹੀਂ ਲਹਿੰਦੀ।
ਅਜ਼ਾਦ ਹੋਏ ਹਾਕਮ ਤਾਂ ਹੀ ਸੱਚੀ ਸੋਚ ਬੁੱਧੀ' ਚ ਬਹਿੰਦੀ।

ਗਿਆਨਹੀਨ ਸ਼ਰ੍ਹਾ ਵਿੱਚ ਬੱਝਾ, ਪਾਣੀ ਭਰੇ ਢੋਏ ਹਨ੍ਹੇਰਾ।
ਸਿਰ ਪੰਡ ਨੇਮਾਂ, ਗਲ ਫਾਹਾ ਵਹਿਮਾਂ, ਝੱਲੇ ਦੁੱਖ ਘਨੇਰਾ।
ਸੁੱਖ ਨਸੀਬ ਨਹੀਂ ਹੋਏ ਕਦੀ, ਖੱਪ ਖੱਪ ਮਰੇ ਬਥੇਰਾ।
ਬਾਝ ਆਤਮ ਗਿਆਨ ਹਾਕਮ ਕਦੀ ਨਹੀਂ ਹੋਏ ਸਵੇਰਾ।

ਸ਼ਰ੍ਹਾ ਦਵੈਸ਼ ਦਾ ਗਦੀਗੇੜ, ਮੂਰਖਤਾ ਦੀ ਘੁੰਮਨਘੇਰੀ।
ਕਰਮ ਬੰਧਨਾਂ ਦੀ ਦਲਦਲ, ਛੱਡਨੀ ਕਠਨ ਘਨੇਰੀ।
ਸੱਚ ਸੰਗਲ ਫੜ ਨਿਕਲੇ ਸ਼ਰ੍ਹਾ' ਚੋਂ, ਇਹੀ ਗੱਲ ਚੰਗੇਰੀ।
ਸਤ ਚਿੱਤ ਅਨੰਦ ਹੋ ਰਹੇ ਹਾਕਮ ਇਹੀ ਕਾਰ ਭਲੇਰੀ।

ਉੱਤਮ ਸ੍ਵੈਤੰਤਰਤਾ, ਦੁਰਲੱਭ ਸੱਚ,ਰਖੇ ਸੱਚ ਸੋਚ।
ਗੁਰੂ ਪੂਰਾ ਅਨੁਭਵੀ ਵਿਰੱਕਤ, ਨਾ ਹੋਵੇ ਟੁਕੜ ਬੋਚ।
ਸਵੈ-ਅਨੁਭਵੀ ਬਣਾਕੇ, ਦੇ ਅਗਿਆਨ ਦੀ ਫੱਟੀ ਪੋਚ।
ਫੱਲ ਲੱਗੇ ਮਿਹਨਤ ਨੂੰ ਹਾਕਮ ਜੇ ਹੋਵੇ ਵਧੀਆ ਕੋਚ।

ਉਠਿਆ ਆਪ ਤੋਂ ਨਹੀਂ ਜਾਏ, ਆਖੇ ਫਿੱਟੇ ਮੂੰਹ ਗੋਡਿਆਂ ਦੇ।
ਤਿਆਗ ਆਪ ਨਾ ਕਰੇ, ਕਹੇ ਫਿੱਟੇ ਮੂੰਹ ਵਿਸ਼ੈ ਰੋਡਿਆਂ ਦੇ।
ਮੁਰਗ਼ਾਈ ਬਣਕੇ ਭੋਗੇ, ਗੁਜ਼ਾਰਾ ਨਹੀਂ ਇਹ ਛੋਡਿਆਂ ਦੇ।
ਨੈਣ ਨਾਈ ਬਣ ਭੋਗੇ ਹਾਕਮ ਜਾਂ ਸੁੱਟੇ ਵਿੱਚ ਟੋਭਿਆਂ ਦੇ।

ਦ੍ਰਿਸ਼ਟਾ ਹੋਏ ਰਹਿ, ਮੈਂ ਸ਼ਾਖਸ਼ੀ, ਦ੍ਰਿਸ਼ਟਾਮਾਨ ਹੈ ਭਲੇਖਾ।
ਦ੍ਰਿਸ਼ ਪਦਾਰਥ ਕਲਪਤ ਹੈ, ਜਿਵੇਂ ਸੋਚਿਆ ਤਿਵੇਂ ਦੇਖਾ।
ਪਲ ਵਿੱਚ ਰੰਗ ਬਦਲਨ, ਖਿੰਨ ਵਿੱਚ ਬਦਲਨ ਭੇਖਾ।
ਸ਼ਾਖਸ਼ੀ ਹੋਕੇ ਟਿੱਕ ਜਾ ਹਾਕਮ ਮਿਟਾ ਭੇਦ ਭਾਵ ਦੀ ਰੇਖਾ।

ਭੁੱਲਕੇ ਸੋ ਮੈਂ ਆਪਨਾ ਆਪਾ, ਗਲ ਪਾ ਲਿਆ ਸਿੜੀ ਸਿਆਪਾ।
ਅੱਖਾਂ ਮੀਟ ਭੀੜ' ਚ ਵੜਕੇ, ਆਪ ਗੁਆ ਲਿਆ ਇੱਕਲਾਪਾ।
ਨਕਲੀ ਚਮਕ ਦਮਕ ਦੇਖ ਭੁੱਲ ਗਿਆ ਅਸਲੀ ਆਪਾ।
ਕੰਡਿਆਂ ਵਿੱਚ ਫੱਸ ਗਿਆ ਹਾਕਮ ਮਗਰੋਂ ਨਾ ਲਹੇ ਝਾਫਾ।

ਨੱਥ ਪੁਆ, ਘੋਗੜ ਹੱਥ ਫੜਾ, ਬਣਾ ਮਾਲਕ ਬਣੇ ਰੰਨ।
ਘੋਗੜ ਵਿਸ਼ੇ ਖੇਹ ਛਾਨਣ, ਢੋਰਾਂ ਨੂੰ ਸ਼ਰ੍ਹਾ ਦੇ ਕਿੱਲੇ ਬੰਨ।
ਪਸ਼ੂ ਖੱਲ ਲੁਹਾ ਮਰਨ, ਮਾਲਕ ਇੱਕਠਾ ਕਰਨ ਧੰਨ।
ਬਿਨ ਬੂਝੇ ਪਸ਼ੂ ਢੋਰ ਹਾਕਮ ਚਤਰਾਂ ਤੋਂ ਲੁਹਾਨ ਚੰਮ।

ਸ਼ੁੱਧ ਬੁੱਧੀ ਗਿਆਨ ਧਾਰਿਆਂ, ਕਾਰਜ ਆਨ ਸਰਬ ਰਾਸੇ।
ਸਿਰ ਥੱਲੇ ਉਤੇ ਪੈਰ, ਡੁੱਬ ਮੋਏ ਅਗਿਆਨ ਪਰਵਾਸੇ।
ਅਕਲ ਨਾਲ ਗਿਆਨ ਸੁੱਖ, ਚਾਰ ਚੁਫੇਰੇ ਖਿੜ੍ਹਨ ਹਾਸੇ।
ਸੁਖੀ ਮਨੁੱਖਤਾ ਦੀ ਫੁੱਲਵਾੜੀ ਹਾਕਮ ਮਹਿਕੇ ਚਾਰੇ ਪਾਸੇ।

ਨਿੱਤ ਚਲਦੀ ਰੱਸੀ ਪਥੱਰ ਉਤੇ ਪਾਏ ਅਮਿੱਟ ਨਿਸ਼ਾਨ।
ਜੜ ਬੁੱਧੀ ਨਿੱਤ ਸੁਣ ਸੁਣ ਤੱਤ ਗਿਆਨ ਹੋਏ ਸੁਜਾਨ।
ਮੰਨੇ ਜਾਣੇ ਅਭਿਆਸ ਕਰੇ, ਪੱਕਾ ਹੋਏ ਆਤਮ ਗਿਆਨ।
ਦ੍ਰਿਸ਼ਟਾ ਬਣੇ ਹਾਕਮ ਛੁੱਟਜੇ ਮਿਥਿਆ ਦੇਹ ਅਭਿਮਾਨ।

ਲੱਭੇ ਸਵੈ-ਸੁੱਖ ਅਪਨਾ, ਛੱਡੇ ਮੋਹ ਮਮਤਾ ਅਭਿਮਾਨ।
ਦ੍ਰਿਸ਼ਟਮਾਨ ਹੈ ਛਲਾਵਾ, ਜਿਉਂ ਮ੍ਰਿਗਤ੍ਰਿਸ਼ਨਾ ਜਲ ਪਾਨ।
ਸੱਭ ਜੱਗ ਹੈ ਚਲਨਹਾਰ, ਅਬਿਨਾਸ਼ੀ ਸ਼ਾਖਸ਼ੀ ਪਛਾਨ।
ਚੱਲ ਛੱਡ ਹਾਕਮ ਅਚੱਲ ਹੋਜਾ ਪਾਕੇ ਆਤਮ ਗਿਆਨ।

ਪੰਥ ਚਲਾਏ ਵੰਡੀਆਂ ਪਾਏ, ਪੰਥੀ ਮਰਾਏ ਸੱਭ ਵੱਖ ਕਰੇ।
ਭਿੰਨ ਭਿੰਨ ਪੰਥ, ਭਾਂਤ ਭਾਂਤ ਗ੍ਰੰਥ, ਲੜੇਂ ਭਿੜੇਂ ਮਾਰੇ ਮਰੇ।
ਪੰਥ ਤਿਆਗ ਗ੍ਰੰਥ ਵਿਰਾਗ, ਵਿਆਪਕ ਹੋਏ ਤਾਰੇ ਤਰੇ।
ਘਰ ਆਏ, ਪੰਥ ਜਾਏ ਹਾਕਮ ਸੁਖੀ ਹੋਏ ਬਹਿਠੇ ਘਰੇ।

ਕੋਈ ਉਦੱਮੀ ਲਈ ਔਖਾ ਨਹੀਂ ਹੁੰਦਾ, ਧੰਨ ਮਾਲ ਕਮਾਨਾ।
ਮਿੱਠੀ ਬੋਲੀ ਦੁਨੀਆਂ ਹੋਏ ਗੋਲੀ, ਨਾ ਪੈਂਦਾ ਸੜਨਾ ਸੜਾਨਾ।
ਵਿਦਵਾਨ ਲਈ ਕੋਈ ਦੇਸ ਨਹੀਂ ਹੁੰਦਾ, ਆਪਨਾ ਬੇਗ਼ਾਨਾ।
ਉਹ ਗੁਰੂ ਹੀ ਨਹੀਂ ਹੁੰਦਾ ਹਾਕਮ ਜੋ ਮਾਇਆ ਦਾ ਦੀਵਾਨਾ।

ਕੋਈ ਸੰਤ ਨਹੀਂ ਹੁੰਦਾ ਜੋ, ਮੱਥੇ ਦੇ ਲੇਖਾਂ ਦਾ ਕਰੇ ਬਹਾਨਾ।
ਕੋਈ ਅਨੁਭਵੀ ਕਦੀ ਨਹੀਂ ਹੁੰਦਾ, ਕਿਸੇ ਭੇਖ ਦਾ ਦੀਵਾਨਾ।
ਕੋਈ ਗੁਰੂ ਗ਼ੈਰ ਨਹੀਂ ਹੁੰਦਾ, ਉਹ ਸਰਬ ਵਿੱਚ ਸਮਾਨਾ।
ਕੋਈ ਵੈਦ ਪੰਥੀ ਨਾ ਹਾਕਮ ਉਸ ਸੱਭ ਦਾ ਦੁੱਖ ਮਿਟਾਨਾ।

ਸ਼ਰਧਾਲੂਆਂ ਦੀ ਅੰਨ੍ਹੀ ਸ਼ਰਧਾ, ਪੂਜਾ ਸਥਾਨ ਬਣਾ ਲਏ।
ਗਿਆਨਹੀਨ ਅਗਿਆਨ ਪੂਜਾ ਨੇ, ਪੱਕੇ ਡੇਰੇ ਜਮਾ ਲਏ।
ਕੁੱਲੀ ਜੁੱਲੀ ਗੁੱਲੀ, ਵਾਸ਼ਨਾ ਪੂਰਤੀ ਦੇ ਸਾਧਨ ਸਜਾ ਲਏ।
ਮਨ ਪੁਰਾਨਾ ਪਾਪੀ ਹਾਕਮ ਪੂਜਾ ਕਰ ਪਾਪ ਵਧਾ ਲਏ।

ਸਰਬ ਰਾਮ ਰੂਪ ਹੈ, ਰੱਬ ਵਸੇ ਵਿੱਚ ਸਮੂਹ ਪਰਜਾ।
ਲੋਕਾਂ ਕਰਕੇ ਠੱਗੀ ਠੋਰੀ, ਸਿਰ ਪਾਪ ਚੜਾ ਲਿਆ ਕਰਜਾ।
ਰੱਬ ਬਿਨ ਦੂਜਾ ਕੋਈ ਨਹੀਂ, ਦੂਜੇ ਦਾ ਨਾ ਕਰ ਹਰਜਾ।
ਸਿਰ ਧਰ ਤਲੀ ਹਾਕਮ ਸੱਚੇ ਘਰ ਦੀ ਗਲੀ' ਚ ਵੜਜਾ।

ਬਾਹਰ ਲਭਦੇ ਰਹਿੰਦੇ, ਸ਼ਾਂਤੀ ਅੰਦਰ ਵਸੇ ਲੋਕਾਂ ਨਾਲ।
ਸੁੱਖਮਈ ਆਤਮਕ ਸੋਮਾਂ, ਸੁਕਾ ਲਿਆ ਭੇਖੀ ਜੋਕਾਂ ਨਾਲ।
ਵਿਸ਼ੇ ਆਧੀ ਮਨ ਨਹੀਂ ਰੁਕੇ, ਅਰਦਾਸਾਂ ਦੀਆਂ ਰੋਕਾਂ ਨਾਲ।
ਨਾ ਮੱਥੇ ਰਗੜ ਹਾਕਮ ਸੁੱਖ ਨਾ ਧਾਰਮਿਕ ਹੋਕਾਂ ਨਾਲ।

ਜੇ ਸੌ ਵਰਿਆਂ ਜੀਵਨਾ, ਭੀ ਤਨ ਮਿੱਟੀ ਹੋਏ ਮਿੱਟੀ ਸਮਾਏ।
ਗਿਆਨ ਨਹੀਂ ਪਾਇਆ ਆਪੇ ਦਾ, ਬੇਅਰਥ ਖਾਏ ਹੰਡਾਏ।
ਨਾ ਸਤ ਚਿੱਤ ਅਨੰਦ ਸਮਝਇਆ, ਨਾ ਅਵਰ ਸਮਝਾਏ।
ਬਿਨ ਸਮਝੇ ਆਪਾ ਹਾਕਮ ਜਨਮ ਦੁਰਲੱਭ ਗਵਾਏ।

ਆਪੇ ਤੋਂ ਵੱਖ ਸਮਝ ਰੱਬ, ਸੱਭ ਰੱਬ ਦੇ ਪਿੱਛੇ ਲਗੱਨ।
ਆਪ ਪਿੱਛੇ ਰੱਬ ਅੱਗੇ, ਨਹੀਂ ਲੱਭੇ ਇੱਕ ਦੂਜੇ ਨੂੰ ਠੱਗਨ।
ਮਾਇਆ ਠੱਗੀ ਵਿੱਚ ਗਵਾਚ ਗਏ, ਲੱਗੇ ਸੀ ਰੱਬ ਲੱਭਨ।
ਰੱਬ ਰੌਲਾ ਬਣਿਆ ਹਾਕਮ ਲੱਗੇ ਇੱਕ ਦੂਜੇ ਨੂੰ ਵੱਡਨ।

ਅਣ ਕਮਾਏ ਪਰਸ਼ਾਦੇ ਖਾਏ, ਰੋਗ ਲੱਗੇ ਪੇਟ ਵਧਾਏ।
ਨਿਖੱਟੂ ਪਰਅਧੀਨ ਹੋਏ ਦੁਖੀ, ਕੰਮ ਕਰੇ ਸੁੱਖ ਪਾਏ।
ਸੰਤੋਖ ਬਿਨ ਮਨ ਨਹੀਂ ਰੱਜੇ, ਸ਼ਾਂਤੀ ਸਹਿਜ ਨਹੀਂ ਆਏ।
ਸੱਭ ਕਸ਼ਟ ਦੂਰ ਹੋਣ ਹਾਕਮ ਸੱਚ ਦੀ ਕਾਰ ਕਮਾਏ।

ਨਾ ਹਿੰਦੂ ਮੁਸਲਿਮ ਸਿੱਖ ਈਸਾਈ ਬੋਧੀ ਨਾ ਗੋਰਾ ਕਾਲਾ ਹੈ।
ਖ਼ੂਨ ਦਾ ਦਰਜਾ, ਰੰਗਾਂ ਧਰਮਾਂ ਤੋਂ ਉਤੱਮ ਹੈ ਆਹਲਾ ਹੈ।
ਆਏ ਮਨੁੱਖਤਾ ਜਾਏ ਦੁਬਦਾ, ਹੋਏ ਰਹਿਣ ਸੁਖਾਲਾ ਹੈ।
ਢਹਿਣ ਫਿਰਕੂ ਕੰਧਾਂ ਹਾਕਮ ਬਣੇ ਸੁਰਗ ਨਿਰਾਲਾ ਹੈ।

ਬਾਹਰ ਕੁਝ ਵੀ ਚੰਗਾ ਮੰਦਾ ਨਹੀਂ, ਜੈਸੀ ਸੋਚ ਦਿਸੇ ਤੈਸੇ।
ਜੋ ਚਿਤਵੇ ਸੋਈ ਚਿਤਰ ਹੋਏ, ਦ੍ਰਿਸ਼ਟਮਾਨ ਦ੍ਰਿਸ਼ ਵੈਸੇ।
ਜੋ ਬੀਜੇ ਸੋਈ ਉਗਵੇ, ਮੂੰਹ ਦਾ ਕਿਹਾ ਨੀਰ ਲਕੀਰ ਜੈਸੇ।
ਜੋ ਪੱਕੇ ਸੋਈ ਕੱਟੇ ਹਾਕਮ ਜੋ ਮਨ ਚਾਹੇ ਸੋ ਪਾਏ ਕੈਸੇ।

ਸਪਰਸ਼ ਕਰੇ ਅਨੁਭਵ ਹੋਏ, ਨਦਰ ਨਾ ਆਏ ਠੰਡ।
ਅੰਤਰਮੁੱਖੀ ਸਹੁ ਅਨੁਭਵ ਹੋਏ, ਪੀਡੀ ਪੈ ਜਾਏ ਗੰਡ।
ਸਦਾ ਸੁਹਾਗਨ ਹੋਏ, ਸੁੱਖ ਮਾਣੇ, ਕਦੀ ਨਾ ਹੋਏ ਰੰਡ।
ਸਵੈ-ਸੁੱਖ ਪਾਕੇ ਹਾਕਮ ਸਿਰੋਂ ਦੁੱਖਾਂ ਦੀ ਲਹਿਜਾਏ ਪੰਡ।

ਲੋਹਾ ਕਾਠ ਸੰਗ ਲੱਗ, ਡੂੰਗੇ ਪਾਣੀਆਂ ਦੇ ਸਾਗਰ ਤਰਦਾ।
ਸੰਗ ਕਰ ਪੱਥਰ ਦਾ ਕੱਖ ਵੀ ਟੋਏ ਟੋਬੇ ਡੁੱਬ ਮਰਦਾ।
ਸਵੈ ਸੁੱਖ ਸੰਗ ਬਿਨ, ਪ੍ਰਾਨੀ ਅਣਹੋਏ ਦੁੱਖ ਜਰਦਾ।
ਸੋ ਸਤਸੰਗ ਸਾਊਆਂ ਦਾ ਹਾਕਮ ਨੀਵਿਉਂ ਉੱਚੇ ਕਰਦਾ।

ਜੀਭਾ ਦੋਧਾਰੀ ਤਲਵਾਰ, ਘੋੜੇ ਚੜ੍ਹਾਏ ਮਾਰ ਵੀ ਪੁਆਏ।
ਪਹਿਲਾਂ ਤੋਲੇ ਪਿੱਛੋਂ ਬੋਲੇ, ਕਦੀ ਕਿਸੇ ਤੋਂ ਹਾਰ ਨਹੀਂ ਖਾਏ।
ਉਸਤੱਤ ਨਿੰਦਾ ਦੋਊ ਤਿਆਗੇ, ਮਨ ਨੂੰ ਰੱਖੇ ਸਮਝਾਏ।
ਦੁੱਖ ਦਾ ਮੂੰਹ ਨਾ ਦੇਖੇ ਹਾਕਮ ਸਦਾ ਸੁੱਖ ਦਾ ਹਾਰ ਪਾਏ।

ਹਰ ਪ੍ਰਾਨੀ ਦੀ ਇੱਕ ਹੀ ਚਾਹ, ਸਰਬ ਦੁੱਖਾਂ ਦਾ ਹੋਏ ਨਾਸ।
ਮਹਿਕਦੀ ਰਹੇ ਗੁਲਜ਼ਾਰ, ਮਿਲੇ ਸਰਵ ਸੁੱਖਾਂ ਦੀ ਰਾਸ।
ਹੋਏ ਬੰਧਨ ਮੁਕਤ, ਰੱਖੇ ਨਾ ਨਰਕ ਸੁਰਗ ਦੀ ਆਸ।
ਦੁੱਖ ਸੁਪਨੇ ਹੂੰ ਨਹੀਂ ਹਾਕਮ ਜੇ ਹੋਏ ਸੱਚ ਵਿੱਚ ਵਾਸ।

ਬ੍ਰਹਮਗਿਆਨ ਬੰਧਨ ਮੁਕਤ ਕਰੇ, ਰੱਬ ਲੱਗੇ ਨੇੜੇ।
ਨੇੜੇ ਹੂੰ ਨੇੜੇ ਜਾਣੇ, ਮੈਂ ਬ੍ਰਹਮ ਇੱਕ ਕਰ ਅਭੇਦ ਦ੍ਰਿੜੇ।
ਬ੍ਰਹਮ ਆਪਾ ਜਾਣਕੇ ਦ੍ਰਿੜੇ, ਜੱਗ ਜੀਵ ਬ੍ਰਹਮ ਨਖੇੜੇ।
ਤਿੰਨਾਂ ਚੋਂ ਹਾਕਮ ਜੱਗ ਜੀਵ ਆਪਾ, ਬ੍ਰਹਮ ਮੈਂ ਪਕੜੇ।

ਸਤ ਚਿੱਤ ਨੰਦ ਬ੍ਰਹਮ ਮੈਂ, ਸਰਵ ਵਿੱਚ ਰਿਹਾ ਸਮਾਏ।
ਪੰਜ ਮਹਾਂ ਤੱਤ ਸਰੂਪ, ਦ੍ਰਿਸ਼ ਜੱਗ ਜੜ ਮਿਥਿਆ ਮਾਏ।
ਗਿਆਨ ਹੋਏ ਰੱਸੀ ਦਾ ਜਿਵੇਂ ਕਲਪੱਤ ਸੱਪ ਮਿਟ ਜਾਏ।
ਨਿਸਚੇ ਬ੍ਰਹਮ ਮੈਂ ਹਾਕਮ ਤਿਵੇਂ ਜੱਗ ਜੀਵ ਨਾ ਰਹਾਏ।

ਜੱਗ ਅਪਵਾਦ, ਝੂਠਾ ਕਲਪਤ, ਬ੍ਰਹਮ ਸੱਤ ਜਾਣੀਏ।
ਅਰੋਪਤ ਅਣਹੋਈ ਵਸਤੂ, ਜਗਤ ਮਾਇਆ ਪਛਾਣੀਏ।
ਬ੍ਰਹਮ ਮਾਈ ਸੰਬੰਧ, ਜੀਵ ਈਸ਼ ਭੇਦ ਅਨਾਦੀ ਮਾਣੀਏ।
ਸੱਭ ਦਾ ਹੈ ਅੰਤ ਹਾਕਮ ਬ੍ਰਹਮ ਹੀ ਬੇਅੰਤ ਬਖਾਣੀਏ।

ਬ੍ਰਹਮ ਵਿੱਚ ਜੱਗ ਦਾ ਕਥਨ ਕਲਪਤ ਅਪਵਾਦ ਹੈ।
ਅਵਸਤੂ ਨੂੰ ਵਸਤੂ ਕਥਨ ਕਰਨਾ ਹੀ ਗੱਪਵਾਦ ਹੈ।
ਸੱਚ ਤੱਜ, ਮਿਥਿਆ ਮਾਇਆ ਦਾ ਰਟਨ ਹੀ ਜਪਵਾਦ ਹੈ।
ਤਮ ਰਜ ਤਜ ਹਾਕਮ ਸਤ ਰੱਖਣਾ ਹੀ ਰੱਬਵਾਦ ਹੈ।

ਕਾਰਨ ਸੂਖਸ਼ਮ ਸਰੀਰ ਦੀ ਸ਼ਾਖਸ਼ੀ ਮੈਂ ਨੂੰ ਪਛਾਨੀਏ।
ਇਹਨਾਂ ਤਿੰਨ ਸਰੀਰਾਂ ਮਿਥਿਆ ਨੂੰ ਬਿਨਾਸੀ ਦ੍ਰਿਸ਼ ਜਾਨੀਏ।
ਪੰਜ ਮਹਾਂ ਭੂਤ ਅਕਾਸ਼ ਹਵਾ ਅਗਨੀ ਧਰਤੀ ਪਾਨੀਏ।
ਪਚੀਸ ਭੌਤਿਕ ਅੰਸ਼ਾਂ ਨੂੰ ਹਾਕਮ ਸਥੂਲ ਦੇਹ ਮਾਨੀਏ।

ਸਥੂਲ ਸਰੀਰ ਹੈ, ਸੰਸਾਰੀ ਭੋਰ ਨੂੰ ਭੋਗਨ ਦਾ ਵਿਹੜਾ।
ਸਤਾਰਾਂ ਅੰਸ਼ਾਂ ਦਾ ਸੂਖਸ਼ਮ ਸਰੀਰ ਹੈ ਸਾਧਨ ਜਿਹੜਾ।
ਕਾਰਨ ਦੇਹੀ ਅਗਿਆਨ ਹੈ, ਕਾਰਜਾਂ ਦਾ ਰਿਹੜੇ ਰਿਹੜਾ।
ਤਿੰਨੇ ਦ੍ਰਿਸ਼ ਜਾਨ ਹਾਕਮ ਮੈਂ ਦ੍ਰਿਸ਼ਟਾ ਨਿਹੜੇ ਤੋਂ ਨਿਹੜਾ।

ਪੰਜ ਕੋਸ਼ ਰਹਿਤ ਮੈਂ ਸਾਖੀ, ਪੰਜ ਪਰਦੇ ਆਪਾ ਨਾ ਮਾਨ।
ਅੰਨ ਪ੍ਰਾਨ ਮਨ ਵਿਗਿਆਨ ਅਨੰਦ, ਪੰਜੇ ਹਨ ਮਿਆਨ।
ਸਥੂਲ ਸਰੀਰ ਅੰਨਮਈ ਪਰਦਾ ਢਕੇ ਮੈਂ ਕਿਰਪਾਨ।
ਸ਼ੁਖਸ਼ਮ ਸਰੀਰ ਬਣੇ ਹਾਕਮ ਮਨ ਪ੍ਰਾਨ ਵਿਗਿਆਨ।

ਕਾਰਨ ਦੇਹੀ ਅਗਿਆਨਮਈ ਅਨੰਦ ਰੂਪ ਦਾ ਫੁਰਨਾ।
ਆਸਰੇ ਇਸਕੇ, ਸ਼ੂਖਸ਼ਮ ਸਥੂਲ ਦਾ ਤੁਰਨਾ ਫਿਰਨਾ।
ਜੜ ਕਾਰਜ ਵਿਕਾਰੀ ਵਿਭਚਾਰੀ ਅਨਿੱਤ ਹਨ ਥਿਰਨਾ।
ਅੱਜ ਚਿੱਤ ਨਿੱਤ ਮੈਂ ਸਾਖੀ ਹਾਕਮ ਥਿਰ ਰਹੇ, ਨਾ ਮਰਨਾ।

ਅਵਸਥਾ ਤਿੰਨਾਂ ਦਾ ਸ਼ਾਖਸ਼ੀ ਆਤਮਾ ਅਚੱਲ ਹੈ ਰਹਿੰਦਾ।
ਤਿੰਨ ਚੱਲ ਅਵਸਥਾਂ ਨੂੰ ਅਨੁਭਵੀ ਵਿਤਰੇਕ ਕਹਿੰਦਾ।
ਜਾਗਰਤ ਸੁਪਨ ਸਖੋਪਤੀ ਅਵਸਥਾ ਨਾਮ ਪਹਿੰਦਾ।
ਮੈਂ ਸਾਖੀ ਰਹੇ ਜਾਗਦਾ ਹਾਕਮ ਨਜ਼ਾਰਾ ਤਿੰਨਾਂ ਦਾ ਲਹਿੰਦਾ।

ਚਹੁਦਸ ਤ੍ਰਿਪੁਟੀ ਵਿਹਾਰ, ਜਾਗ੍ਰਤ ਅਵਸਥਾ ਕਹਾਏ।
ਸਪੱਸ਼ਟ ਜਾਗਰਤ ਕਲਪੱਤ ਮਿਥਿਆ ਨਦਰੀਂ ਆਏ।
ਦੇਖੇ ਸੁਣੇ ਸੰਸਕਾਰਾਂ ਨਾਲ ਸੁਪਨ ਸ੍ਰਿਸ਼ਟੀ ਬਣ ਜਾਏ।
ਜਾਗਰਤ ਹੋਏ ਹਾਕਮ ਸੁਪਨ ਅਵਸਥਾ ਨਾ ਰਹਾਏ।

ਦੇਵਤਾ ਵਿਸ਼ਾ ਇੰਦ੍ਰੀ, ਮਿਲ ਕਾਰਜ ਹੋਏ, ਤ੍ਰਿਪੁਟੀ ਕਹਾਏ।
ਪ੍ਰਕਾਸ਼ ਦੇਵਤਾ, ਰੂਪ, ਅੱਖ, ਤਿੰਨ ਮਿਲ ਕਿਰਿਆ ਹੋ ਆਏ।
ਬਿਨ ਤ੍ਰਿਪੁਟੀ ਜਾਗਰਤ ਜਗਤ, ਕਾਰਜ ਨਾ ਕਰ ਪਾਏ।
ਨਾਮ ਰੂਪ ਜਗਤ ਹਾਕਮ ਸਦਾ ਬਦਲਦਾ ਹੀ ਰਹਾਏ।

ਸਗਲ ਇੰਦਰੀਆਂ ਲੈ ਹੋਣ ਜਿਥੇ, ਸਮੁੱਚਾ ਕੁੱਝ ਨਾ ਰਹੇ।
ਸੁਖਉਪਤੀ ਅਵਸਥਾ ਵਿੱਚ, ਵਿਸ਼ਿਆਂ ਦਾ ਸੁਖ ਨਾ ਹੋਏ।
ਇਸ ਸੁੱਖ ਨੂੰ ਦ੍ਰਿਸ਼ਟਾ ਜਾਣੇ ਮਾਣੇ ਪ੍ਰਤੀਤ ਕਰੇ, ਨਾ ਕਹੇ।
ਤੁਰੀਆਂ ਅਵਸਥਾ ਹਾਕਮ ਤਿੰਨਾਂ ਉਪਰੰਤ ਸਾਖੀ ਸੋ ਹੇ।

ਸਮੂਹ ਦ੍ਰਿਸ਼ਟਮਾਨ ਹੈ ਜੇਤਾ, ਸੋ ਅਧਿਆਸ ਸਮਝਣਾ।
ਜੱਗ ਅਪਾਰ ਹੈ ਵਿਆਪਕ ਦ੍ਰਿਸ਼ਟਾ, ਸੋ ਮੈਂ ਚਿੱਤ ਰਖਣਾ।
ਜਾਗਰਤ ਆਦਿ ਅਵਸਥਾ ਜਗਰੂਪ, ਭਿੰਨ ਨਾ ਮੰਨਣਾ।
ਸਿੱਪੀ' ਚ ਚਾਂਦੀ ਵਾਂਗ ਹਾਕਮ ਇਸ ਵਿੱਚੋਂ ਕੁੱਝ ਨਾ ਲਭਨਾ।

ਸਿੱਪੀ ਅਬਰਕ ਵਿੱਚ ਦ੍ਰਿਸ਼ ਹੈ ਮਿਥਿਆ ਕਲਪਤ ਜਿਵੇਂ।
ਬ੍ਰਹਮ' ਚ ਤ੍ਰੈ ਅਵਸਥਾ ਜਾਗ੍ਰਤਾਦਿ ਅਧਿਅਸਤ ਤਿਵੇਂ।
ਚਾਂਦੀ ਆਦਿ ਵਾਂਗ, ਜੱਗ ਦ੍ਰਿਸ਼ਟਮਾਨ ਮਿਥਿਆ ਭਾਸੇ ਇਵੇਂ।
ਸਿੱਪੀ ਵੱਤ ਬ੍ਰਹਮ ਹਾਕਮ ਚਲਾਏਮਾਨ ਨਾ ਹੋਏ ਕਿਵੇਂ।

ਆਪਣੀ ਨਿੱਜ ਆਤਮਕ ਮੈਂ ਨੂੰ, ਸ਼ਾਖਸ਼ੀ ਬ੍ਰਹਮ ਮਾਨ ਲੈ।
ਜਾਗ੍ਰਤਾਦਿ ਤਿੰਨ ਅਵਸਥਾਂ, ਤਿੰਨ ਕਾਲ ਮਿਥਿਆ ਜਾਨ ਲੈ।
ਵਿਸ਼ੈ ਰਹਿਤ ਸੱਤ ਚਿੱਤ ਨੰਦ, ਆਪਨਾ ਆਪ ਪਛਾਨ ਲੈ।
ਅਨੁਭਵ ਮੁਕਤੀ ਹਾਕਮ ਇਹ ਅੰਮ੍ਰਿਤ ਕਰ ਪਾਨ ਲੈ।

ਸਾਕਾਰ, ਨਿਰਾਕਾਰ, ਆਤਮ ਵਿਸ਼ੇਸ਼ਨ ਹਨ ਦੋ ਪ੍ਰਕਾਰ।
ਇਹ ਸਰਵ ਖੋਜਕੇ ਅਪਨਾ ਆਪ ਪਰਤੱਖ ਨਿਹਾਰ।
ਬ੍ਰਹਮ ਸੱਤ ਚਿੱਤ ਨੰਦ ਅਟੱਲ, ਉਪਦ੍ਰਿਸ਼ਟਾ ਵਿਚਾਰ।
ਸਵੈਪ੍ਰਕਾਸ਼ ਸ਼ਾਖਸ਼ੀ ਹਾਕਮ ਦ੍ਰਿਸ਼ਟਾ ਇੱਕ ਮੈਂ ਪੁਕਾਰ।

ਸਕਾਰਾਤਮਕ ਗੁਣ ਜਾਣਕੇ ਨਿਕਾਰਾਤਮਕ ਪਛਾਣੇ।
ਅਦਵੈ ਅਸੰਗ ਅਖੰਡ ਅੰਤਹੀਨ ਅਜਨਮਾ ਬਖਾਣੇ।
ਅਕਰੇ ਅਵਿਨਾਸ਼ੀ ਅਵਿਕਾਰੀ ਅਵਿਅਕਤ ਹੀ ਸਿਆਣੇ।
ਚਾਰ ਅਕਾਰ ਬਿਨਾਂ ਹਾਕਮ ਵਧੇ ਨਾ ਘਟੇ ਸੱਭ ਸਮਾਣੇ।

ਪੂਰਾ ਗੁਰੂ ਸਮਝਾਏ ਸੋ ਮੈਂ, ਸਤ ਚਿੱਤ ਅਨੰਦ ਬ੍ਰਹਮ।
ਅਟੱਲ ਮੈਂ, ਜਾਗ੍ਰਤ ਸੁਪਨ ਸਖੋਪਤੀ ਕਰਨ ਗਮਨ।
ਜਾਗ੍ਰਤਾਦਿ ਲੈ ਹੋਣ, ਤਿੰਨ ਕਾਲ ਮੈਂ ਦਾ ਹੈ ਸੱਤ ਧਰਮ।
ਹਰ ਸਮੇਂ ਸ਼ਾਖਸ਼ੀ ਹੋਨਾ ਹਾਕਮ ਦ੍ਰਿਸ਼ਟਾ ਮੈਂ ਦਾ ਕਰਮ।

ਤ੍ਰੈਕਾਲ ਤਿੰਨ ਸਰੀਰਾਂ, ਧੰਨ ਪੁਤਰ ਆਦਿ ਤੋਂ ਮੈਂ ਨਿਆਰਾ।
ਆਤਮ ਅਰਥ ਸਰਬ ਪਿਆਰੇ, ਮੈਂ ਆਤਮਾ ਪਿਆਰਾ।
ਅਵਸਥਾ ਆਦਿ ਤੋਂ ਭਿੰਨ ਮੈਂ ਆਤਮਾ ਬ੍ਰਹਮ ਸਚਿਆਰਾ।
ਸਤ ਚਿੱਤ ਨੰਦ ਮੈਂ ਹਾਕਮ ਹੈ ਦੁੱਖ ਨਾਸਕ ਹੱਥਿਆਰਾ।

ਮਨ ਬਾਣੀ ਅਵਿਸ਼ੈ ਬ੍ਰਹਮ, ਅਨੁਭਵੀ ਦੇਣ ਸਮਝਾਏ।
ਸੱਤ ਵਿੱਚ ਕਲਪਤ ਜੱਗ ਤਜ, ਪਰਮਾਰਥ ਬਤਾਏ।
ਦ੍ਰਿਸ਼ਟਮਾਨ ਜਗਤ ਮਿਥਿਆ ਤਜ, ਬ੍ਰਹਮ ਮੈਂ ਰਹਾਏ।
ਤਿਆਗ ਆਭਾਸ ਵਿਰਤੀ ਹਾਕਮ ਸ਼ਾਖਸ਼ੀ ਵਿੱਚ ਸਮਾਏ।

ਸਮਾਨ ਵਿਸ਼ੇਸ਼ ਦੋਨਾਂ ਅਵਸਥਾਂ ਵਿੱਚ ਬ੍ਰਹਮ ਸਮਾਏ।
ਮਾਇਆ ਉਪਾਦੀ ਅਕਸ ਸਹਿਤ, ਬ੍ਰਹਮ ਖਾਸ ਰਹਾਏ।
ਹਰ ਸਮੇਂ ਹਰ' ਚ ਵਿਆਪਕ ਬ੍ਰਹਮ ਸਮਾਨ ਕਹਾਏ।
ਮਾਇਆ, ਅਕਸ, ਲਿੰਗ ਤਨ ਹਾਕਮ ਮਿਲ ਕਾਰ ਕਮਾਏ।

ਜਲ ਵਿੱਚ ਸੂਰਜ ਦਾ ਪ੍ਰਤਬਿੰਬ ਬਣੇ ਅਕਸ ਕਹਾਏ।
ਆਤਮਾ, ਅੰਤਾਕਰਨ, ਆਤਮਾ ਦਾ ਅਕਸ ਜੀਵ ਸਦਾਏ।
ਆਵਤ ਜਾਵਤ ਭੋਗਤ ਭੋਰਾ, ਸਰਬ ਕਰਮ ਕਮਾਏ।
ਵਿਸ਼ੇਸ਼ ਕਿਰਿਆ ਕਰੇ ਹਾਕਮ ਸਮਾਨ ਨਾ ਕਰੇ ਕਰਾਏ।

ਅਸਤੀ, ਭਾਂਤੀ, ਪਿਰੇ, ਬ੍ਰਹਮ ਸਮਾਨ ਸਤ ਸਰੂਪ ਜਾਨੇ।
ਨਾਮ, ਰੂਪ, ਸੱਤ, ਚਿੱਤ, ਨੰਦ ਪੰਜ ਅੰਸ਼ਾਂ ਪਰਪੰਚ ਮਾਨੇ।
ਨਾਮ, ਰੂਪ ਦ੍ਰਿਸ਼ ਵਿਸ਼ੇਸ਼, ਸੱਤ, ਚਿੱਤ, ਅਨੰਦ ਸਮਾਨੇ।
ਤਜ ਨਾਮ ਰੂਪ ਹਾਕਮ ਮੈਂ ਸੱਤ ਚਿੱਤ ਅਨੰਦ ਪਛਾਨੇ।

ਕਥਨੀ ਵਾਚ, ਹੋਣਾ ਲਖਸ਼, ਇੱਕ ਹੋ ਅਕਥ ਹੋਣਾ ਬਾਨੀ।
ਦੇਸ, ਕਾਲ, ਵਸਤੂ ਭਿੰਨ ਲਖਸ਼, ਗੁਣ ਉਪਾਦੀ ਨਠਾਨੀ।
ਲਖਸ਼ ਰੂਪ ਨਿਰੰਕਾਰ, ਅਕਰੇ, ਨਿਰਗੁਨ ਨਿਰਬਾਨੀ।
ਬ੍ਰਹਮ ਹੰ ਲਖਸ਼ ਹੋਏ ਹਾਕਮ ਸੋਈ ਬ੍ਰਹਮ ਗਿਆਨੀ।

ਆਤਮ ਸਵੈ-ਰੂਪ ਜਾਣ, ਤ੍ਰੈਵਿਧ ਕਰਮ ਭਿੰਨ ਰਹਾਕੇ।
ਤਮੋ ਗੁਨੀ ਸੰਚਿਤ ਕਰਮ ਨਿੱਜ ਬੋਧ ਅਗਨੀ ਜਲਾਕੇ।
ਭੇਦ ਗੰਡ ਜੜ ਚੇਤਨ ਦੀ, ਰਾਗ ਦਵੈਖ ਸੱਭ ਗਲਾਕੇ।
ਕਮਲ ਅਮੱਲ ਗ਼ਾਰੇ' ਚ ਹਾਕਮ ਦੁੱਖ ਨਾ ਸੋ ਹੰ ਮਲਾਕੇ।

ਪੂਰਬ ਕਰਮ ਫਲੇ, ਦੇਹ ਦੇ ਦੁੱਖ ਸੁੱਖ ਭੋਗ ਰਹਾਨੇ।
ਭੋਗ ਭੋਗਦਾ ਨਿਰਲੇਪ ਰਹੇ, ਭੋਗਤੇ ਦਾ ਸ਼ਾਖਸ਼ੀ ਜਾਨੇ।
ਦ੍ਰਿਸ਼ਟਮਾਨ ਤਿੰਨ ਕਰਮਾਂ ਤੋਂ ਵੱਖਰਾ ਮੈਂ ਦ੍ਰਿਸ਼ਟਾ ਮਾਨੇ।
ਸਰੀਰ ਆਏ ਜਾਏ ਹਾਕਮ ਮੈਂ ਸੱਤ ਸਦਾ ਰਹੇ ਟਕਾਨੇ।

ਸੰਚਿਤ, ਪ੍ਰਾਰਬਧ, ਅਗਾਮੀ ਕਰਮ, ਮੈਂ ਮਿਲੇ ਮਿੱਟ ਜਾਨ।
ਇਸ ਜਨਮ ਅਰੰਭਕ ਕਰਮ ਹੀ ਫਲੀਭੂਤ ਰਹਾਨ।
ਸਾਖਸ਼ੀ ਥਿਰ ਸਦਾ ਰਹੇ ਤ੍ਰੈਕਾਲ, ਨਿਕਲ ਜਾਨ ਪ੍ਰਾਨ।
ਸਦਾ ਖੇਹੜੇ ਵਿੱਚ ਹਾਕਮ ਅਨੁਭਵੀ ਜੀਵਨ ਬਤਾਨ।

ਰਾਹਾਂ ਸੱਤਾਂ ਰਾਹੀਂ, ਸ਼ਾਖਸ਼ੀ ਮੈਂ ਹੋਕੇ ਬ੍ਰਹਮ ਗਿਆਨੀ ਬਣੇ।
ਵਿਸ਼ੈ ਰਹਿਤ, ਸੱਚੇ ਮਨ, ਅਨੁਭਵੀ ਰਾਹੀਂ ਵਿਚਾਰ ਸੁਣੇ।
ਮੰਨਕੇ ਜਾਣੇ, ਅਭਿਆਸ ਕਰੇ ਜੀਵਨ' ਚ ਧਾਰੇ ਗੁਣੇ।
ਨਿੱਜ ਮੈਂ ਹੋਏ ਰਹੇ ਹਾਕਮ ਫਿਰ ਮਾਇਆ ਜਾਲ ਨਾ ਬੁਣੇ।

ਪੰਜਵਾਂ ਮੈਂ ਮੇਰੀ ਹਮ ਮਮ ਮੇਰ ਦਾ ਦੁੱਖ ਸੁੱਖ ਨਾਂ ਗਹੇ।
ਛੇਵਾਂ ਨਾ ਵਸਤੂ ਅਕਾਰ ਰਹੇ, ਨਾ ਜੱਗ ਵਿੱਚ ਮਨ ਬਹੇ।
ਸਤਵਾਂ ਵਿਰਤੀ ਹੀਨ ਹੀ, ਪਰਮਾਨੰਦ ਮੈਂ ਸਰੂਪ ਰਹੇ।
ਸਖੋਪਤੀ ਨਾ ਤੁਰੀਆ ਰਹੇ ਹਾਕਮ ਨਾ ਸੁਣੇ ਨਾਹੀ ਕਹੇ।

ਜਦੋਂ ਜਾਨਦਾ ਹੈ ਨਿੱਜ ਆਤਮਕ ਸ਼ਾਖਸ਼ੀ ਨੂੰ ਮੈਂ ਸਰੂਪ।
ਤਾਂ ਸਮਝੋ ਨੇੜੇ ਹੂੰ ਤੇ ਨੇੜੇ ਜੀਵਨ ਮੁਕਤੀ ਸਤ ਰੂਪ।
ਪੂਜਾਰੀ ਨੂੰ ਦਵੈਸ਼ ਭਰਮ ਬੰਧ, ਮੱਠ ਪੂਜਾ ਦੀਪ ਧੂਪ।
ਅਗਿਆਨ ਪੂਜਾ ਹਾਕਮ ਪੂਜਾਰੀ ਡਿੱਗੇ ਡੇਗੇ ਵਿੱਚ ਕੂਪ।

ਆਤਮਾ ਸ਼ਾਖਸ਼ੀ ਮੈਂ ਹੋਕੇ, ਵਿਦਵਾਨ ਤਜੇ ਇਸ ਦੇਹ ਨੂੰ।
ਰਾਹੀ ਵਾਂਗਰ ਰੈਣ ਬਸੇਰਾ, ਸਰਾਂ ਸਮਝੇ ਇਸ ਗ੍ਰਹਿ ਨੂੰ।
ਜਾਗ੍ਰਤ ਸੁਪਨ ਸਖੋਪਤੀ, ਮਿਥਿਆ ਜਾਣੇ ਇਨ ਤ੍ਰਹਿ ਨੂੰ।
ਦ੍ਰਿਸ਼ਟਾ ਹੋਕੇ ਪਾਏ ਹਾਕਮ ਜੀਵਨ ਮੁਕਤੀ ਵਦੇਹ ਨੂੰ।

ਦ੍ਰਿੜ ਅਭਿਆਸ ਕਰ ਮਿਟਾਵੇ, ਲੇਸ਼ਮਾਤਰ ਅਗਿਆਨ।
ਪਰਪੰਚ ਆਭਾਸ ਤਿਆਗ, ਪਾਏ ਦ੍ਰਿੜ ਬ੍ਰਹਮ ਗਿਆਨ।
ਤਜੇ ਦੇਹ ਅਭਿਮਾਨ, ਲਏ ਸੱਤ ਚਿੱਤ ਅਨੰਦ ਮੈਂ ਮਾਨ।
ਸਾਗਰ ਸੰਗ ਨਦੀ ਦਾ ਹਾਕਮ ਰਹੇ ਨਹੀਂ ਨਾਮੋ ਨਿਸ਼ਾਨ।

ਗੇਹ, ਧੇਹ, ਪਰਮੇਹ, ਅਰਥ ਦਾ, ਚੰਗੀ ਤਰ੍ਹਾਂ, ਗਿਆਨ ਲੈ।
ਗਿਆਤਾ, ਗਿਆਨ, ਗੇਹ, ਧਿਆਤਾ, ਧਿਆਨ, ਧੇਹ, ਪਛਾਨ ਲੈ।
ਪਰਮਾਤਾ, ਪਰਮਾਨ, ਪਰਮੇਹ, ਬੌਧਿਕ ਵਿਸ਼ੈ, ਮਾਨ ਲੈ।
ਭਲੀ ਭਾਂਤ ਖੋਜਕੇ ਹਾਕਮ ਆਪਾ ਸ਼ਾਖਸ਼ੀ ਸੋ ਮੈਂ ਜਾਨ ਲੈ।

ਜਗਤ ਪ੍ਰਤੱਖ ਮਿਥਿਆ ਜਾਣਕੇ, ਬ੍ਰਹਮ ਦਾ ਬਣ ਖੋਜੀ।
ਸ਼ੁੱਧ ਤੱਤ ਪਦਾਰਥ ਖੋਜਕੇ, ਮੈਂ ਸ਼ਾਖਸ਼ੀ ਦੀ ਪਾ ਸੋਹਝੀ।
ਅਪਨਾ ਆਪਾ ਮੈਂ ਭਿੰਨ ਆਤਮਾ ਤੋਂ, ਸੋਚ ਤਿਆਗ ਕੋਹਝੀ।
ਸੱਤ ਚਿੱਤ ਨੰਦ ਹੋ ਹਾਕਮ ਨਾ ਰਹੇ ਨਾਮ ਰੂਪ ਮੋਹਜੀ।

ਅਪਨਾ ਆਪਾ ਨਿਹਕਲੰਕ ਹੈ, ਇਹ ਅਨੁਭਵੀ ਕਹਿਨ।
ਸੋਲਾਂ ਕਲਾਂ ਸੰਪੂਰਨ ਬ੍ਰਹਮ ਸ਼ਾਖਸ਼ੀ ਮੈਂ ਵਿੱਚ ਰਹਿਨ।
ਅਗੈ ਅਗੋਚਰ ਨਿਰਬਾਨ ਅਕਰੇ, ਉਠੱਨ ਨਾ ਬਹਿਨ।
ਇੱਕ ਰਸ ਅਖੰਡ ਰਹੇ ਹਾਕਮ ਉਸਰਨ ਨਾ ਢਹਿਨ।

ਸਮਾਨ ਫੁਰਨਾ ਸਮਾਨ ਅਗਿਆਨ, ਮਾਇਆ ਸੋ ਅਕਾਸ਼।
ਪਵਨ ਅਗਨੀ ਪਾਨੀ ਧਰਤੀ ਸਮੂਹ ਆਦਿ ਹੀ ਵਿਕਾਸ਼।
ਆਤਮਾ ਪ੍ਰਮਾਤਮਾ ਚੇਤਨ ਜੀਵ ਈਸ਼ ਉਪਾਦੀ ਕਹਾਸ।
ਪਰਮੇਸ਼ਰ ਪਾਰਬ੍ਰਹਮ ਹਾਕਮ ਬ੍ਰਹਮ' ਚ ਰਹਾਸ।

ਜਿਸ ਅਮਰਪਦ ਇੱਛਾ ਹੋਏ, ਅਪਨੇ ਆਪੇ ਨੂੰ ਪਛਾਨੇ।
ਅਨੋਖੇ ਇਸ਼ਕ ਦੀ ਔਖੀ ਘਾਟੀ, ਜੋ ਚੜਿਆ ਸੋ ਜਾਨੇ।
ਤਨ ਫੂਕ ਆਸ਼ਕ ਕਹਾਏ, ਇਸ਼ਕ ਨਹੀਂ ਜਾਣੇ ਬਹਾਨੇ।
ਲੱਗੇ ਅੱਗ ਇਸ਼ਕ ਹਾਕਮ ਸੜਨ ਮਨ ਤਨ ਖ਼ਜ਼ਾਨੇ।

ਘੜਿਆਲ ਟੱਲੀਆਂ ਵਾਜੇ ਵਜਾ, ਸੱਚਾਈ ਰਾਮ ਰੌਲੇ ਪਾਈ।
ਰਾਗਾਂ ਵਿੱਚ ਹੇਕਾਂ ਲਉਣ ਰੱਬ ਦੀ ਮਚਉਣ ਦੁਹਾਈ।
ਗਿਆਨ ਗਉਣ ਬਣਾਕੇ, ਕਰਨ ਦਾਲ ਰੋਟੀ ਦੀ ਕਮਾਈ।
ਸੱਤ ਸੰਤੋਖ ਤਜ ਹਾਕਮ ਤਰਿਸ਼ਨਾ ਅਗਨੀ ਵਧਾਈ।

ਭੁਲਕੇ ਰੱਬ ਨੂੰ ਬੁੱਤਾਂ ਬੁੱਕਾਂ ਨੂੰ ਪੂਜਨ ਸਮਝ ਖ਼ੁਦਾਈ।
ਬੰਦੇ ਬਣਾਏ ਸ਼ਰਮ ਨਾ ਆਏ, ਸਿਰ ਅੱਗੇ ਜਾਣ ਝੁਕਾਈ।
ਸ਼ਾਹ ਰਗ ਦਾ ਹੈ, ਸ਼ਾਖਸ਼ੀ ਜਿਹੜਾ, ਬੈਠੇ ਉਸਨੂੰ ਭੁਲਾਈ।
ਅਸਲ ਛੱਡ ਹਾਕਮ ਪਰਛਾੱਈਂ ਲੱਗ, ਉਮਰ ਗਵਾਈ।

ਬੂਟਾ ਬੂਟਾ ਮਿਲੇ ਬਾਗ਼, ਫੁੱਲ ਮਿਲ ਗ਼ੁਲਦਸਤਾ ਕਹਾਏ।
ਵਿਅਸ਼ਟੀ ਅੰਸ ਤੰਦ ਤੰਦ ਮਿਲਕੇ, ਸਮਸ਼ਟੀ ਬਣਾਏ।
ਬੂੰਦ ਬੂੰਦ ਮਿਲ ਸਾਗਰ, ਬੰਦੇ ਬੰਦੇ ਵਿੱਚ ਰੱਬ ਸਮਾਏ।
ਦੇਹੀ ਤਜ ਰਹੇ ਰੱਬ ਹਾਕਮ ਸੋ ਮੈਂ ਜਾਣ ਹੋਏ ਖ਼ੁਦਾਏ।

ਸੋ ਹੰ, ਸੋ ਹੰ ਕਰਦਾ ਹੰ ਸੋ ਹੋਏ, ਬੰਦਾ ਦੇਹ ਨਾ ਰਹੇ ਕੋਈ।
ਸ਼ਾਖਸ਼ੀ ਹੋਕੇ ਸੱਚ ਸਮੋਏ, ਦੇਹ ਅਭਿਮਾਨ ਲਾਹੇ ਲੋਈ।
ਸਵੈ-ਮਾਨ ਵਧੇ, ਅਪਮਾਨ ਘਟੇ, ਆਪੇ ਬੱਲੇ ਬੱਲੇ ਹੋਈ।
'ਸੋ ਪ੍ਰਭ ਦੂਰ ਨਹੀਂ ਪ੍ਰਭ ਤੂੰ' ਹਾਕਮ ਹਨ੍ਹੇਰਾ ਨਾ ਜਾ ਢੋਈ।

ਸ਼ਾਖਸ਼ੀ ਮੈਂ ਨੂੰ ਭੁਲਕੇ, ਆਪੇ ਪਾ ਲਏ ਭੇਦ ਭਰਮ ਦੇ ਪੰਗੇ।
ਮੈਂ ਮਨ ਤਨ, ਮੈਂ ਪ੍ਰਾਨੀ, ਗੱਲ' ਚ ਪਾ ਲਏ ਮੈਂ ਮੇਰੀ ਦੇ ਫੰਦੇ।
ਮੈਂ ਸੇਵਕ, ਮੈਂ ਦਾਸ ਕੂਕਰ, ਪੂਜਾਰੀ, ਹੱਮ ਰੱਬ ਦੇ ਬੰਦੇ।
ਆਪਾ ਮੈਂ ਪਛਾਣੇ ਬਿਨੁ ਹਾਕਮ ਕੋਰੇ ਵਹਿਮ ਝੂੱਠੇ ਧੰਦੇ।

ਮਨ ਤੇਰੇ ਅੰਦਰ ਪ੍ਰਕਾਸ਼ ਹੈ, ਬਾਹਰ ਹਨ੍ਹੇਰਾ ਨਾ ਛਾਨ।
ਗੌਂਸ ਕੁਤਬ ਵਲੀ ਅਬਦਾਲ ਕਲੰਦਰ, ਸੋ ਆਨ ਜਾਨ।
ਪੀਰ ਪੈਗ਼ੰਬਰ ਨੱਬੀ ਔਲੀਏ, ਸਦਾ ਨਾ ਰਹਿਨ ਜਹਾਨ।
ਕਾਇਮ ਦਾਇਮ ਰਹੇ ਹਾਕਮ ਅਪਨੇ ਆਪੇ ਦੀ ਪਛਾਨ।

ਪੰਜਾਂ ਤੱਤਾਂ ਤੋਂ ਸ਼੍ਰਿਸ਼ਟੀ ਸਾਜੀ, ਛੇਵਾਂ ਨਾ ਬਣਾ ਸਕਿਆ ਕੋਈ।
ਅਪਨੇ ਚਾਲੇ ਕੁਦਰਤ ਚੱਲੇ, ਹੇਰ ਫੇਰ ਕਦੇ ਨਾ ਹੋਈ।
ਵੇਦ ਕਤੇਬ ਗ੍ਰੰਥ ਪੜ, ਕਿਸੇ ਨਾ ਮਿਟਾਈ ਦਵੈਸ਼ ਕੋਦੇਈ।
ਇੱਕ ਜਾਣ ਇੱਕ ਹੋਏ ਹਾਕਮ ਸਦੀਵ ਸੁਖੀ ਰਹੇ ਸੋਈ।

ਜੰਤਰ ਮੰਤਰ ਬੁੱਕਾਂ ਗਰੰਥਾਂ ਰਟਿਆਂ, ਹੋਏ ਨਾ ਮੁਕਤੀ।
ਗੁਰੂ ਦੁਆਰਾ ਇੱਕ ਅੱਖਰ ਸਮਝੇ, ਚੱਲੇ ਨਾਲ ਜੁਗਤੀ।
ਇੱਕ ਸਮਝ ਇੱਕ ਹੋ ਜਾਏ, ਫਿਰ ਰਹੇ ਨਾ ਪੂਜਾ ਭਗਤੀ।
ਇਸ਼ਕ ਦੀ ਮੈਅ ਚੜੇ ਹਾਕਮ ਕਦੇ ਨਾ ਉਤਰੇ ਮਸਤੀ।

ਇਸ਼ਕ ਇਸ਼ਕ ਸੱਭ ਕੋਈ ਕਹੇ, ਕਿਹਾ ਇਸ਼ਕ ਨਾ ਆਏ।
ਜੱਦ ਇੱਕ ਬਿਨੁ ਦੂਜੇ ਦੀ ਇੱਛਾ ਨਾ ਰਹੇ, ਨਾ ਦੂਜਾ ਰਹਾਏ।
ਇੱਕ ਦੀ ਇੱਛਾ ਤਜ ਇੱਕ ਹੋ ਜਾਏ, ਇੱਕ ਇਛੱਕ ਕਹਾਏ।
ਇੱਕ ਰਹੇ, ਨਾ ਦੂਜਾ ਹਾਕਮ ਸੋਈ ਇਸ਼ਕ ਨਾਮ ਧਰਾਏ।

ਆਸ਼ਕ ਮਸ਼ੂਕ ਅਭੇਦਤਾ ਇੱਕ ਹੋ, ਇਸ਼ਕ ਬਣ ਜਾਏ।
ਅਪਨਾ ਪਰਕਾ ਮਿੱਟ ਜਾਏ, ਦੁੱਤੀਆਂ ਨਦਰ ਨਹੀਂ ਆਏ।
ਇਸ਼ਕ ਦੇ ਸਾਗਰ ਵਿੱਚ ਚੁੱਭੀ ਮਾਰੇ, ਨਾਮ ਰੂਪ ਮਿਟਾਏ।
ਸਾਗਰ ਵਿੱਚ ਰਲ ਹਾਕਮ ਨਦੀ ਦਾ ਰਹੇ, ਥਹੁ ਨਾ ਥਾਏ।

ਵਾਰ ਵਾਰ ਆਪ ਵਾਰ, ਸਦਾ ਸੁੱਖ ਪਿਆਰੇ ਮਿਲਾਪ।
ਸਵਰਨ ਭਵਨ ਚਾਂਦੀ ਵਿਹੜੇ, ਯਾਰ ਤੁੱਲ ਤੁੱਛ ਜਾਪ।
ਰੇਸ਼ਮ ਪੱਟ ਹਾਰ ਸ਼ਿੰਗਾਰ ਉਤਾਰ ਯਾਰ ਮਿਲਾਪ ਆਪ।
ਦੇਹੀ ਤਿਆਗ ਰਹੇ ਆਪ ਹਾਕਮ ਉਤਰੇ ਬਿਰਹੋਂ ਤਾਪ।

ਮੋਤੀ ਹੀਰੇ ਲਾਲ ਜਵਾਹਰ ਨੀਲਮ ਦੀ ਹੋਏ ਬਰਸਾਤ।
ਪੰਨੇ ਮੂੰਗੇ ਫਿਰੋਜ਼ੇ ਸੋਨੇ ਚਾਂਦੀ, ਫੁੱਲਾਂ ਨਾਲ ਸੇਜ ਸਜਾਤ।
ਦੌਲਤ ਦੇ ਭੰਡਾਰ ਭਰੇ ਹੋਣ ਭੋਜਨ ਛੱਤੀ ਭਾਂਤ ਖਾਤ।
ਬਿਨ ਯਾਰ ਮਿਲਾਪ ਅਪਨੇ ਹਾਕਮ ਦਿਨੇ ਪੈ ਜਾਏ ਰਾਤ।

ਖ਼ੁਸ਼ ਰਹਿਨਾ ਰੁੱਖਾ ਖਾਣਾ ਭੁੰਜੇ ਸੌਣਾ, ਯਾਰਾਂ ਨਾਲ ਬਹਾਰਾਂ।
ਫੁੱਲਾਂ ਤੇ ਕਾਟੋ ਖੇਹਡੇ, ਠੰਡੀਆਂ ਪੈਂਦੀਆਂ ਰਹਿਨ ਫੁਹਾਰਾਂ।
ਕੰਡੇ ਹੱਸੇ, ਕਲੀਆਂ ਨੱਚੀਆਂ, ਫੁੱਲ ਮਹਿਕੇ ਵਿੱਚ ਬਜ਼ਾਰਾਂ।
ਮਾਇਆ ਮਾਲ ਸੁੱਖ ਨ ਹਾਕਮ ਸੁੱਖ ਹੈ ਨਾਲ ਦਿਲਦਾਰਾਂ।

ਸੋ ਜਿਉਂਦਾ ਜੋ ਜਾਣੇ ਸਰਵ ਵਿਆਪੀ, ਸਰਵਮਈ ਸੋਏ।
ਬਿਨ ਜਾਣੇ ਮੈਂ ਸਰਬ ਮੁਰਦੇ, ਨਾ ਜਾਣੇ ਮੈਂ ਨਾ ਜੀਵੇ ਕੋਏ।
ਅਗਿਆਨ ਪਤ ਖਾਏ, ਸਦਾ ਸੁੱਕੇ ਕਦੀ ਨਾ ਹਰਿਆ ਹੋਏ।
ਅਪਣਾ ਕੀਤਾ ਆਪੇ ਪਾਏ ਹਾਕਮ ਨਾ ਕਿਸਮਤ ਨੂੰ ਰੋਏ।

ਪੂਜਾਰੀ ਭਿਖਾਰੀ ਠਾਕੁਰ ਦੁਆਰੇ ਡਿਗਨ ਠੋਕਰ ਲੱਗ।
ਰਾਤ ਦੇ ਭੁੱਖੇ ਧਰਮ ਦੇ ਠੇਕੇਦਾਰ, ਖਾਨਾ ਚਾਹੁੰਦੇ ਜੱਗ।
ਦਿਨ ਰਾਤ ਮਾਇਆ ਦਾ ਜਾਪ ਜਪਦੇ, ਭੁਲਾਈ ਬੈਠੇ ਰੱਬ।
ਸਿਰ ਥੱਲੇ ਉਪਰ ਪੈਰ ਹਾਕਮ ਪੂਜਾ ਖਾਂਦੇ ਡੁੱਬੇ ਸੱਭ।

ਅਗਾਂਹ ਨੂੰ ਚਲਦਾ ਕੁਦਰਤੀ ਨਹੀਂ ਕਦੀ ਨੀਰ ਪਰਤੇ।
ਹੋਏ ਵਿਰਾਗ ਘਰੋਂ ਨਿਕਲੇ, ਨਹੀਂ ਕਦੀ ਫਕੀਰ ਪਰਤੇ।
ਸੂਲੀ ਚੜ ਮਰਨ, ਡਾਕੂ ਚੋਰਾਂ ਦੀ ਨਹੀਂ, ਜ਼ਮੀਰ ਪਰਤੇ।
ਸੱਭ ਪਰਤੇ ਹਾਕਮ ਪਰ ਮੌਤ ਦੀ ਨਾ ਲਕੀਰ ਪਰਤੇ।

ਸ਼ੇਰ ਬਘੇਰ ਰਾਹ ਨਹੀਂ ਕਦੀ, ਦੇਖ ਸ਼ਮਸ਼ੀਰ ਬਦਲੇ।
ਮਾਲਾ ਫੇਰੇ, ਜਾਣ ਬੁੱਝਕੇ ਕੀਤੀ ਨਹੀਂ ਤਕਸੀਰ ਬਦਲੇ।
ਮੱਥੇ ਰਗੜ, ਹੱਥ ਜੋੜ, ਮਥਿਉਂ ਨਹੀਂ, ਤਕਦੀਰ ਬਦਲੇ।
ਸੱਭ ਬਦਲੇ ਹਾਕਮ ਪਰ ਸੱਤ ਦੀ ਨਾ ਤਾਸੀਰ ਬਦਲੇ।

ਵਸਤੂ' ਚ ਅਵਸਤੂ ਕਲਪਤ ਅਧਿਅਸਤ ਕਹੀਏ।
ਰੱਸੀ' ਚ ਸੱਪ, ਸਿੱਪੀ' ਚ ਚਾਂਦੀ, ਮਿਥਿਆ ਮਾਇਆ ਲਈਏ।
ਸਿੱਪੀ ਰੱਸੀ ਤੋਂ ਭਿੰਨ ਚਾਂਦੀ ਸੱਪ ਦਿਸੇ ਅਗਿਆਨ ਹਈਏ।
ਦੇਹ ਅਧਿਆਸ ਤਜ ਹਾਕਮ ਸੱਤ ਅਭੇਦ ਹੋ ਰਹੀਏ।

ਬੇਅਕਲ ਹਾਂ ਬੇਹੋਸ਼ ਹਾਂ ਸਾਡੇ' ਚ ਔਗੁਨ ਵੀ ਹਨ ਸਾਰੇ।
ਮਨ ਦੇ ਅੰਨੇ ਵੀ ਹਾਂ ਅਤੇ ਸੌਂਅ ਵੀ ਰਹੇ ਹਾਂ ਡਰਦੇ ਮਾਰੇ।
ਮੱਤ ਮਾਰਕੇ ਭੇਖੀ ਪਖੰਡੀ ਦਿਨੇ ਹੀ ਦਖਾਈ ਜਾਂਦੇ ਤਾਰੇ।
ਨਰਕਾਂ ਵਿੱਚ ਸੁਟਤੇ ਹਾਕਮ ਲਾਕੇ ਸਵਰਗਾਂ ਦੇ ਲਾਰੇ।

ਪਰਭਾਵਸ਼ਾਲੀ ਸੱਚੀ ਸ਼ਖਸ਼ੀਆਤ ਦਾ ਕਰੇ ਨਿਰਮਾਨ।
ਸੱਭ ਸੁੱਖਮਈ ਉਦੇਸ਼ ਨਿਰਧਾਰਤ ਕਰੇ ਪਰਵਾਨ।
ਦੂਰ ਦ੍ਰਿਸ਼ਟੀ ਰੱਖੇ, ਮਨੁੱਖੀ ਕੰਮਾਂ ਲਈ ਹੋਏ ਕੁਰਬਾਨ।
ਇਨਸਾਨ ਬਣੇ ਹਾਕਮ ਦ੍ਰਿਸ਼ਟੀਕੋਨ ਰੱਖੇ ਕਲਿਆਨ।

ਪਰੇਰਤ ਕਰੇ ਸੱਤ ਲਈ ਆਪ ਨੂੰ, ਦੂਸਰਿਆਂ ਸਹਿਤ।
ਮੈਂ ਸਵਾਰੇ ਸੱਤ ਪੱਖੀ, ਕਦੀ ਨਾ ਹੋਏ ਸਵੈਮਾਨ ਰਹਿਤ।
ਆਪਾ ਸਵਾਰੇ, ਰਹੇ ਸਾਂਝੀਵਾਲਤਾ ਏਕਤਾ ਲਈ ਕਹਿਤ।
ਅਭੈ ਰਹੇ ਸਦਾ ਹਾਕਮ ਕਦੀ ਕੁਸੰਗ ਨਾ ਜਾਏ ਬਹਿਤ।

ਚਿੱਤ ਵਿਰਤੀਆਂ ਨੂੰ ਰੋਕ ਕੇ, ਆਪੇ ਵਿੱਚ ਜੋੜਨਾ ਹੈ ਯੋਗ।
ਮਨ ਬੁੱਧੀ ਸਹਿਜੇ ਭੋਗੇ ਭੋਗਨ ਯੋਗ ਕੁਦਰਤੀ ਭੋਗ।
ਯਮ ਨਿਯਮ ਆਸਨ ਪ੍ਰਾਨਾਯਾਮ ਇੰਦ੍ਰੀ ਮਨ' ਚ ਨਿਰੋਧ।
ਧਾਰਨਾ ਧਿਆਨ ਸਮਆਦੀ ਹਾਕਮ ਹੈ ਅੱਠ ਅੰਗ ਜੋਗ।

ਦ੍ਰਿੜ੍ਹਤਾ ਨਾਲ ਪੰਜ ਕੰਮਾਂ ਵਿੱਚ ਜੰਮਿਆ ਰਹੇ ਮਨ ਤਨ।
ਜੱਤ ਸੱਤ ਵਿਰਾਗ ਵਿਚਾਰ ਅਹਿੰਸਾ ਧਾਰਨ ਕਰੇ ਮਨ।
ਚੋਰੀ ਨਾ ਕਰਨਾ, ਇਹਨਾਂ ਵਿੱਚ ਜੰਮ ਜਾਨਾ ਹੈ ਪੰਜ ਯਮ।
ਪੰਜੇ ਪੱਲੇ ਬੰਨੇ ਹਾਕਮ ਜੇ ਲੋਚੇ ਭਵਸਾਗਰ ਤਰਨ।

ਸੱਚ ਸੰਤੋਖ ਤੱਪ ਰੱਬੀ ਭਾਣਾ, ਨਿੱਜ ਸੋਚ ਪੰਜ ਨਿਯਮ।
ਸੱਤ ਸਹਿਜ ਲਈ, ਮਨੋਂ ਤਨੋਂ ਦੁੱਖ ਸਹਿ ਲੈਣ ਤਪਮ।
ਨਿੱਜ ਵਿਚਾਰ ਕਰੇ, ਰਹੇ ਕੁਦਰਤੀ ਰੰਗ ਵਿੱਚ ਬੇਗ਼ਮ।
ਸੋਹਣੇ ਨਿਯਮ ਹਾਕਮ ਜੀਵਨ ਵਿੱਚ ਧਾਰੇ ਇੱਕਦਮ।

ਆਸਨ ਆਸ ਨਹੀਂ ਮਨ ਰੱਖੇ, ਨਾ ਹੀ ਵਿਸ਼ੈ ਸੁੱਖ ਫਰੋਲੇ।
ਆਸਨ ਲਾਕੇ ਬਹਿਜੇ, ਨਾ ਕੋਈ ਵਾਸ਼ਨਾ ਮਨ ਵਿੱਚ ਬੋਲੇ।
ਨਿੱਜ ਸੁੱਖ ਤੇ ਆਸਨ ਲਾ ਲਏ, ਚਿੱਤ ਨਾ ਵਿਸ਼ਿਆਂ ਤੇ ਡੋਲੇ।
ਸੁੱਚੇ ਮੋਤੀ ਚੁਗੇ ਹੰਸ ਹਾਕਮ ਬੱਗ ਸਾਗਰ ਡੱਡਾਂ ਟੋਲੇ।

ਪ੍ਰਾਨ ਹਨ ਸਵਾਸਾਂ ਦੇ ਆਨ ਜਾਨ' ਚ ਸਹਾਇਕ ਸ਼ਕਤੀ।
ਇਸਨੂੰ ਸਮਝਕੇ, ਇਸ ਉੱਤੇ ਮਨ ਰੋਕਨਾ ਹੈ ਭਗਤੀ।
ਪੂਰਕ ਕੁੰਭਕ ਰੇਚਕ ਹੈ ਸਵਾਸ ਰੋਕਨ ਦੀ ਜੁਗਤੀ।
ਸਵਾਸ ਰੋਕਨ ਨਾਲ ਹਾਕਮ ਪ੍ਰਾਨ ਸ਼ਕਤੀ ਹੈ ਬੜਤੀ।

ਬਾਹਰਮੁਖੀ ਸਾਧਨਾ ਨਾਲ ਨਹੀਂ ਜਲਦੀ ਗੱਲ ਮੁਕਦੀ।
ਇਹ ਲੰਮਾ ਮਾਰਗ, ਛੇਤੀ ਨਹੀਂ ਸਾਧਨਾਂ ਤੋਂ ਜਿੰਦ ਛੁਟਦੀ।
ਅੰਤਰੰਗ ਸਾਧਨ ਗਿਆਨ ਨਾਲ, ਮੁਕਤੀ ਛੇਤੀ ਲੱਭਦੀ।
ਸਾਧਨਾਂ ਵਿੱਚ ਪੈ ਹਾਕਮ ਬੁੱਧੀ ਰਹਿ ਜਾਂਦੀ ਹੱਥ ਮਲਦੀ।

ਕੰਨ ਅੱਖ ਨੱਕ ਆਦਿ ਦੇ ਵਿਸ਼ੈ ਸੁਣਨਾ ਦੇਖਨਾ ਸੁੰਘਨਾ।
ਪ੍ਰਤੀਅਹਾਰ, ਵਿਸ਼ਿਆਂ ਤੋਂ ਇੰਦ੍ਰੀਆਂ ਤੋਂ, ਮਨ ਵੱਖ ਕਰਨ।
ਮਨ ਨਿਰੋਧਕੇ, ਨਿਸ਼ਾਨੇ ਉੱਤੇ, ਇੱਕ ਸਾਰ, ਥਿਰ ਰਖਨਾ।
ਅਜੇਹੀ ਧਾਰਨਾ ਧਾਰੇ ਹਾਕਮ ਜੇ ਅਪਨਾ ਆਪ ਲੱਭਨਾ।

ਖਿੰਡੀਆਂ ਚਿੱਤ ਵਿਰਤੀਆਂ ਨੂੰ ਇੱਕ ਲਖਸ਼ ਤੇ ਰੱਖੇ ਰੋਕ।
ਵਾਰ ਵਾਰ ਅਭਿਆਸ ਕਰ, ਸਦੀਵੀ ਕਰ ਰੱਖੇ ਨਿਰੋਧ।
ਪੱਕੀ ਵਿਰਤੀ ਹੈ ਧਾਰਨਾ, ਇਹ ਵਿਸ਼ਿਆਂ ਦਾ ਕਰੇ ਵਿਰੋਧ।
ਧਿਆਨ ਸਹਾਇਕ ਹੈ ਹਾਕਮ ਵੱਸ ਕਰੇ ਕਾਮ ਕਰੋਧ।

ਬਿਨ ਵਿਚਾਰ ਸੁਰਤੀ ਇੱਕ ਦੱਮ, ਰਹੇ ਅਡੋਲ ਅਟੱਲ।
ਬਿਨ ਉਦੱਮ ਬਹੁਤ ਸਮਾਂ, ਮਨ ਰਹੇ ਸਥਿਰ ਅਚੱਲ।
ਧਿਆਤਾ ਰਹੇ ਨਾ, ਕੇਵਲ ਧਿਆਨ ਧੇਅ ਹੀ ਰਹੇ ਇੱਕਲ।
ਧਿਆਨ ਹੈ ਇਹ ਹਾਕਮ ਮਨ ਦੀ ਚੰਚਲਤਾ ਜਾਏ ਜੱਲ।

ਧਿਆਤਾ ਧਿਆਨ ਨਾਹੀ, ਧੇਅ ਰਹੇ ਸਹਿਤ ਲੇਸ਼ ਉਪਾਦੀ।
ਸੁਰਤੀ ਨਾ ਹਸਤੀ, ਧੇਅ ਵਸਤੂ ਦਾ ਅਨੁਭਵ ਸਮਾਧੀ।
ਸ੍ਵੈਕਲਪ ਸਮਾਧੀ ਹੈ, ਰਹੇ ਅਨੁਭਵੀ ਦੀ ਸੋ ਮੈਂ ਜਗਾਦੀ।
ਨਿਰਵਿਕਲਪ ਸਮਾਧੀ ਹੈ ਹਾਕਮ ਇੱਕ ਰਹੇ ਅਨਾਦੀ।

ਤਨ ਸੱਤ ਚਿੱਤ ਅਨੰਦ ਬ੍ਰਹਮ, ਚੇਤਨ ਲਈ ਭਇਉ।
ਭੋਗਨ ਵਾਸਤੇ ਸੰਸਾਰਕ ਵਿਸ਼ੇ, ਨਹੀਂ ਜਨਮ ਲਇਉ।
ਭਰਮ ਵਿਕਾਰ ਤਜ, ਹਰ ਭਜ, ਸ਼ਾਖਸ਼ੀ ਹੋ ਰਹਿਉ।
ਆਤਮਕ ਸੁੱਖ ਪਾਏ ਹਾਕਮ ਵਿਸ਼ੈ ਸੁੱਖ ਨੱਸ ਗਇਉ।

ਚਿੱਤ ਚਿੰਤਨ ਕਰੇ ਇਹੀ, ਸਫਲ ਹੋਏ ਬਣੇ ਸਹਾਇਕ।
ਪਰਮ ਪਦ ਪਾਏ ਸਰਵ ਦੁੱਖ ਜਾਏ, ਹਰੇ ਹਰ ਪਾਇਕ।
ਚਾਰ ਭੁੱਜੀ ਇਹੀ ਧਰਮ ਅਰਥ ਕਾਮ ਮੋਖ ਕਹਾਇਕ।
ਇਹੀ ਦੇਹੀ ਨਾਵ ਹਾਕਮ ਹਰ ਹੀ ਹਰ ਕਰ ਤਰਾਇਕ।

ਬੇੜੀ ਪਾਰ ਸਾਗਰ ਉਤਾਰੇ, ਆਪ ਰਹੇ ਪਾਨੀ ਮੰਝ ਧਾਰੇ।
ਇਹ ਦੇਹ ਸੱਤ ਚਿੱਤ ਮੈਂ ਵਿਚਾਰੇ ਸਰਵ ਦੁੱਖ ਨਿਵਾਰੇ।
ਦੇਹ ਸਤਕਾਰੇ ਵਿਸ਼ੈ ਨਿਵਾਰੇ ਕਰੇ ਭਵਸਾਗਰ ਪਾਰੇ।
ਦੁਰਲੱਭ ਜਹਾਜ਼ ਦੇਹੀ ਹਾਕਮ ਇਸ ਤੋਂ ਲਾਭ ਉਠਾਰੇ।

ਕਰੇ ਰਾਗ ਵਸਤੂ ਗਰਹਿਨ, ਵਿਰਾਗ ਕਰੇ ਤਿਆਗ ਹੋਏ।
ਕਰੇ ਆਤਮ ਗਿਆਨ ਪ੍ਰਾਪਤ, ਸਹੁ ਮਿਲੇ ਸੁਹਾਗ ਹੋਏ।
ਵਿਚਾਰੇ ਮੈਂ ਦੇਹੀ ਨਾ, ਸ਼ਾਖਸ਼ੀ ਰਹੇ ਵੱਡਭਾਗ ਹੋਏ।
ਦੇਹੀ ਵਿਰਾਗ ਸਹੁ ਰਾਗ ਹਾਕਮ ਦਿਨ ਰਾਤ ਜਾਗ ਹੋਏ।

ਵਿਰਾਗ ਤਿਆਗ ਹੋਏ, ਗਿਆਨ ਜਗੇ, ਮਿਟੇ ਅਗਿਆਨ ਰਾਤ।
ਸਾਧਨ ਸੰਪਨ ਹੋਏ, ਕਰੇ ਸੰਗਤ, ਜਾਗਤ ਜੋਤ ਤਾਤ।
ਪੂਰਨ ਗਿਆਨ ਬਿਨੁ, ਹਿਰਦੈ ਭੇਦ ਗਰੰਥੀ ਨਹੀਂ ਜਾਤ।
ਆਤਮਕ ਸੁੱਖ ਬਿਨੁ ਹਾਕਮ ਵਿਸ਼ੈ ਸੁੱਖ ਰਹਿਤ ਖਾਤ।

ਬੰਧਨ ਰਹਿਤ ਪਿਆਰ ਕਰ, ਦਾਰਾ ਪੁਤਰ ਗ੍ਰਿਹਿ ਵਿੱਤ।
ਕਰ ਟਹਿਲ ਸੇਵਾ, ਸਮਝ ਤੀਰਥ ਸਮਾਨ, ਮਾਤ ਪਿੱਤ।
ਵਿੱਖ ਵਾਂਗ ਵਿਸ਼ੈ ਤਜ, ਹੋ ਹੰਕਾਰ ਲੋਭ ਕਰੋਧ ਅਤਿਤ।
ਕਰ ਅਭਿਆਸ ਹਾਕਮ ਸੁਣ ਮੰਨ ਜਾਣਕੇ ਸੋ ਮੈਂ ਨਿੱਤ।

ਅਤੀ ਪਿਆਰੀ ਪ੍ਰੀਤਮਾ ਜੋ ਜਾਣ ਪ੍ਰੀਤ ਕਰੇ ਦਿਨਸ ਰਾਤ।
ਮੂਰਖਾਂ ਦਾ ਸਰਦਾਰ, ਅਤੀ ਕੁਬੁੱਧਾ, ਰਹੇ ਦੁੱਖ ਸਹਾਤ।
ਸੱਪ ਕੱਟੇ ਵਿਉ ਚੜੇ, ਤ੍ਰੀ ਸੋਚੇ ਹੀ ਤਨ ਮਨ ਹਿੱਲ ਜਾਤ।
ਨਸ਼ੇ ਸੇਵਨ ਹਾਕਮ ਗਿਆਨ ਧਿਆਨ ਮੁੱਢੋਂ ਹੀ ਲੈ ਖਾਤ।

ਤ੍ਰਿਆ ਰੂਪ ਵਿੱਚ, ਮਨੋਕਲਪਤ ਨਾਰੀ ਦੀ, ਦਿਸੇ ਛਾਇਆ।
ਹੱਡ ਮਾਸ ਲਹੂ ਚਮੜੀ ਭੁੱਲ, ਡੁੱਲ ਜਾਏ ਉਤੇ ਮਾਇਆ।
ਸੱਤ ਭੁਲਾ, ਮੋਹਨੀ ਦੇ ਨਾਮ ਰੂਪ ਵਿੱਚ ਮਨ ਫਸਾਇਆ।
ਖੂਹੇ ਸੁੱਟ ਕੁੱਤਾ ਹਾਕਮ ਕੁੱਤੇ ਦੀ ਪਰਛਾਈਂ ਮਰਾਇਆ।

ਵਿਸ਼ੇ ਕਾਮਨਾ ਦਾ ਨਾਮ ਹੈ ਕਾਮਨੀ, ਹੱਡ ਮਾਸ ਵਿੱਚ ਮੜੀ।
ਗੁਣਾਂ ਨਾਲ ਅਮੁੱਲੀ, ਬਿਨ ਗਿਆਨ ਗੁਣ, ਮੁੱਲ ਨਾ ਦਮੜੀ।
ਮਿਥਿਆ ਦੇਹੀ ਮੈਂ ਮੇਰੀ, ਸੋਚ, ਅਸੋਚ ਅਗਿਆਨ' ਚ ਸੜੀ।
ਹੈ ਵਿਚਾਰ ਯੋਗ ਹਾਕਮ ਸੂਰਤ ਮਨ ਵਿੱਚ ਰਹੇ ਚੜੀ।

ਅੱਠ ਪ੍ਰਕਾਰ ਵਿਸ਼ੇ ਭੋਗ, ਸੱਭ ਸਿਆਣੇ ਕਹਿਨ ਵਿਚਾਰ।
ਸ਼ੁਧਆਚਾਰੀ ਕਹਾਵੇ, ਇਹਨਾਂ ਤੋਂ ਵਿਪ੍ਰੀਤ ਕਰੇ ਵਿਹਾਰ।
ਸੁਣੇ, ਸਿਮਰੇ, ਜੱਸ ਕਰੇ, ਚਿਤਵੇ, ਮਨ ਵਸਾਏ ਅਕਾਰ।
ਪੱਕੀ ਕਾਮਨਾ, ਯਤਨ, ਹਾਕਮ ਤਨ ਮਿਲੇ, ਵਿਸ਼ੈ ਸਕਾਰ।

ਧੀਆਂ ਪੁਤੱਰ ਘਰ ਬਾਹਰ' ਚ ਰੁੱਝਿਆ ਰਹੇ ਦਿਨ ਰਾਤ।
ਸੁੱਖ ਸ਼ਾਂਤੀ ਲਈ, ਐਵੇਂ ਹੀ ਅਪਣੀ ਸਾਰੀ ਉਮਰ ਬਿਹਾਤ।
ਕਰ ਨਹੀਂ ਸਕਿਆ ਸੁਖੀ, ਆਪ ਰਹੇ ਦੁਖੀ, ਦੁੱਖ ਉਠਾਤ।
ਰੋਂਦਾ ਮਰੇ ਹਾਕਮ ਕਦੀ ਨਹੀਂ ਗੀਤ ਖ਼ੁਸ਼ੀ ਦੇ ਗਾਤ।

ਕਾਜ ਅਕਾਜ ਚੰਗਾ ਮੰਦਾ ਸਮਝੇ ਨਹੀਂ, ਫਸੇ ਮੋਹ ਜਾਲ।
ਅਨੁਭਵੀ ਖੋਜਕੇ, ਛੱਡੇ ਨਾ ਮਾਇਆ ਲੋਭ ਲਾਲਚ ਮਾਲ।
ਅੰਨ੍ਹੇ ਖੂਹ ਗ੍ਰਿਹ ਫਸਿਆ, ਨਾ ਕੁੱਝ ਆਏ ਨਾ ਜਾਏ ਨਾਲ।
ਪੁੱਤ ਕਾਮਨੀ ਮੋਹ ਜਾਲ' ਚੋਂ ਹਾਕਮ ਮਾਰ ਨਾ ਸਕੇ ਛਾਲ।

ਰੁਪਿਆ, ਜ਼ਰ, ਮਾਲ, ਮਾਇਆ, ਦੁੱਖ ਦੇਵੇ ਤਿੰਨ ਪਰਕਾਰ।
ਵਸਾਰਿਉ ਸੁੱਖ ਸਰੂਪ ਆਤਮ ਗਿਆਨ, ਸ਼ੁੱਭ ਵਿਚਾਰ।
ਜੁੜੇ ਕਸ਼ਟ ਨਾਲ, ਰਹੇ ਚਿੰਤਾ, ਜਾਏ ਹੋਣ ਪ੍ਰਾਨ ਫਰਾਰ।
ਵਿਚਾਰ ਕਰ ਹਾਕਮ ਨਿੱਜ ਸਵੈਰੂਪ ਮੈਂ ਧੰਨ ਸੰਭਾਰ।

ਕਨਕ ਕਾਮਨੀ ਮਾਇਆ ਪੁੱਤ ਧੰਨ ਆਦਿ' ਚੋਂ ਸੁੱਤਾ ਜਾਗ।
ਬਹੁਤ ਖ਼ੁਸ਼ੀ ਹੋਏ ਜਿਵੇਂ ਸੱਪ ਠੱਗ ਵਿੱਖ ਤੋਂ ਬਚੇ ਭਾਗ।
ਬੰਜਰ ਭੂਮੀ ਵਿੱਚ ਫੱਸ ਗਿਆ, ਜਾਣ ਹਰਿਆਵਲ ਬਾਗ਼।
ਕੁੱਝ ਨਾ ਵਿਗੜਿਆ ਹਾਕਮ ਜੇ ਸਵੈਰੂਪ' ਦੀ ਲਾਏਂ ਲਾਗ।

ਜਗਤ ਭੀੜ ਵਿੱਚ ਪਏ ਪਰਾਨੀ, ਕੇਵਲ ਦੁੱਖ ਹੀ ਉਠਾਏ।
ਸਰਵ ਪੂਰਨ ਸੱਚ ਆਖਾਂ, ਸੁੱਖ ਸੁਪਨੇ ਮਾਤਰ ਨਾਹੇ।
ਫਸੇ ਭਵਸਾਗਰ ਵਿੱਚ, ਕਰੋਧ ਲੋਭ ਹੰਕਾਰ ਡਸਾਏ।
ਨਿਕਲ ਨਾ ਸਕੇ ਹਾਕਮ ਵਿੱਚੇ ਹੀ ਗੋਤੇ ਖਾਂਦਾ ਮਰ ਜਾਹੇ।

ਚਿੰਤਾ ਚਿਤਾ ਵਾਂਗ ਸਾੜੇ, ਤ੍ਰਿਸ਼ਨਾ ਪਰਬਲ ਜਾਏ ਨਚਾਈ।
ਵਿਸ਼ੇ ਅਗਨੀ ਤਨ ਮਨ ਲੱਗੀ, ਤਿੰਨ ਕਾਲ ਜਾਏ ਮਚਾਈ।
ਬਚਨ ਦਾ ਉਪਾਉ ਨਾ ਸੋਚੇ, ਬਲਦੀ ਤੇ ਤੇਲ ਜਾਏ ਪਾਈ।
ਵਿਸ਼ੈ ਸੁੱਖ ਲੱਭੇ ਹਾਕਮ ਅੰਦਰਲੇ ਦੀ ਨਾ ਸੋਹਝੀ ਆਈ।

ਤਿਆਗ ਦੇਹ ਅਭਿਮਾਨ, ਮੈਂ ਮੇਰੀ ਮਾਇਆ ਮਮਤਾ ਮਾਰੇ।
ਵਿਸ਼ੇ ਵਾਸ਼ਨਾ, ਮ੍ਰਿਗਤ੍ਰਿਸ਼ਨਾ ਦੀ ਨਦੀ' ਚ ਡੁੱਬ ਮੋਏ ਸਾਰੇ।
ਸੰਗਤ ਵਿਰੱਕਤ ਦੀ, ਅਗਿਆਨ ਅੰਧੇਰ ਦ੍ਵੈਸ਼ ਨਿਵਾਰੇ।
ਵਿਚਾਰ ਦੇ ਬੇੜੇ ਚੜ ਹਾਕਮ ਸਰਵ ਪਰਵਾਰ ਤਾਰੇ।

ਆਪਣਾ ਚਿੱਤ ਮਲਨ ਹੋਇਉ, ਪਰ ਅਵਗੁਣ ਵਿਚਾਰੇ।
ਆਪ ਸਵਾਰੇ ਸੁਖੀ ਹੋਏ ਰਹੇ, ਸਰਵ ਲੱਗਨ ਪਿਆਰੇ।
ਜੇਹੀ ਕਰਨੀ ਤੇਹੀ ਭਰਨੀ, ਅਵਰਾਂ ਨਹੀਂ ਦੋਸ਼ ਨਿਕਾਰੇ।
ਕਦੇ ਨਾ ਡੁੱਬੇ ਭਵਸਾਗਰ ਹਾਕਮ ਬੈਠਾ ਰਹੇ ਕਿਨਾਰੇ।

ਧੂੰਏਂ ਨੂੰ ਜਾਣ ਬੱਦਲ, ਬਬੀਹਾ ਸੁਆਂਤ ਬੂੰਦ ਲਈ ਜਾਏ।
ਬਿਨ ਸੋਚੇ ਅੰਨ੍ਹਾ ਹੋਇਆ, ਸੋ ਪਛਤਾਇਆ ਨੈਣ ਗਵਾਏ।
ਵਿਸ਼ਿਆਂ ਵਿੱਚੋ ਸੁੱਖ ਸ਼ਾਂਤੀ ਲਭਦਾ, ਮੂਰਖ ਦੁੱਖ ਹੀ ਪਾਏ।
ਗਿਆਨਹੀਨ ਹਾਕਮ ਨਾ ਸਮਝੇ ਭਾਵੇਂ ਲੱਖ ਸਮਝਾਏ।

ਚੋਗ ਦੇਖ ਜਿਉਂ ਪੰਛੀ, ਆਨ ਫਸੇ ਲੋਭ ਵੱਸ ਵਿੱਚ ਜਾਲ।
ਲਾਲਚੀ ਧੰਨ ਮਾਲ' ਚ, ਕਾਮੀ ਕਾਮਨੀ' ਚ, ਫਸੇ ਵਾਲ ਵਾਲ।
ਰੋਗੀ ਭੋਗੀ ਮਾਇਆ ਲੋਭੀ, ਫਸਨ ਵਿੱਚ ਦੰਭੀਆਂ ਦੀ ਚਾਲ।
ਮੱਤਹੀਨਾਂ ਨੂੰ ਹਾਕਮ ਫਸਾ ਲੈਣ ਚਾਲਬਾਜ ਧੋਖੇ ਨਾਲ।

ਮਲੀਨ ਸੁੱਖਹੀਨ ਰਸਹੀਨ, ਥੋਥੇ ਜਾਣ ਕਰੇ ਤਿਆਗ।
ਅਗਿਆਨੀ ਅੰਧ ਜਾਏ ਬੰਧ, ਫਰੋਲੇ ਵਿਸ਼ਟਾ ਜਿਵੇਂ ਕਾਗ।
ਵਿੱਖ ਵਾਂਗ ਵਿਸ਼ੇ ਵਿਰਾਗ ਕਰੇ ਤਿਆਗ, ਦੂਰੋਂ ਜਾਏ ਭਾਗ।
ਸੱਪ ਕੁੰਜ ਸੁੱਟੇ ਹਾਕਮ ਨਾ ਦੇਖੇ ਪਕੜੇ ਕਰੇ ਵਿਰਾਗ।

ਵਿਸ਼ੈ ਤਿਆਗ ਸੱਚ ਲਾਗ, ਮਨ ਧੋਏ ਹੋਏ ਰਹੇ ਬੇਦਾਗ਼।
ਗਿਆਨਵਾਸ ਪਾਪ ਨਾਸ, ਵਿਚਾਰ ਉੱਪਜੇ ਸ਼ਾਂਤ ਵਿਰਾਗ।
ਹੋਏ ਅਧਿਕਾਰੀ ਜਗਿਆਸੂ, ਸਮਝੇ ਗਰੰਥ ਚਿੱਤ ਲਾਗ।
ਤੱਦ ਤੱਕ ਜੱਦ ਤਕ ਹਾਕਮ ਰਹਿਨ ਰਾਗ ਅਨੁਰਾਗ।

ਦੇਹ ਦ੍ਰਿਸ਼ ਦਾ ਮੈਂ ਦ੍ਰਿਸ਼ਟਾ ਨਿੱਤ ਕਰੇ ਮੰਨਣ ਸਰਵਨ।
ਸਭਨਾ ਜੀਆਂ ਦਾ ਦਾਤਾ ਇੱਕ, ਸੋ ਮੈਂ ਹੋਏ ਨਿੱਤ ਸਿਮਰਨ।
ਆਪਾ ਸ਼ਾਖਸ਼ੀ ਪੱਕਾ ਰੱਖੇ, ਸੋ ਕਦੀ ਨਾ ਹੋਏ ਵਿਸਰਨ।
ਇੱਕ ਰੰਗ' ਚ ਰੰਗ ਕੇ ਮੈਂ ਹਾਕਮ ਹੋਏ ਸਦਾ ਵਿਚਰਨ।

ਮਿੱਟੀ ਦੀ ਪੂਤਲੀ ਚੱਲੀ, ਥਾਹ ਅਥਾਹ ਡੂੰਗੇ ਪਾਣੀ ਦੀ ਲਹਿਨ।
ਅਥਾਹ ਸੰਗ ਅਸੀਮ ਹੋਈ, ਰਹਿਆ ਆਣ ਜਾਣ ਕਹਿਨ।
ਜਾਏ ਸਮਾਏ, ਸਖਉਪਤੀ ਸੁੱਖ ਵਿੱਚ, ਸੁਖੀ ਹੋ ਰਹਿਨ।
ਜਾਗ੍ਰਤ ਨਾਹੀਂ ਸੁਪਨ ਹਾਕਮ ਹੋਏ ਵਿਆਪਕ ਗ੍ਰਹਿਨ।

ਰਾਗ ਦਵੈਸ਼ ਮਨ ਦੇ ਧਰਮ, ਸ਼ਾਖਸ਼ੀ ਨੂੰ ਨਾ ਹੋਏ ਗ਼ਮ।
ਸਾਖੀ ਮਨ ਦਾ ਤੂੰ, ਅਮਰ ਅੱਟਲ ਅਮੱਲ ਸੁੱਖ ਸਪੰਨ।
ਜੱਗ ਕਲਪਤ, ਜਿਵੇਂ ਰੱਸੀ ਵਿੱਚ ਵਸਤੂ ਵੰਨ ਸਵੰਨ।
ਹਮਤਾ ਮਮਤਾ ਤਜ ਹਾਕਮ ਰੱਖ ਸਦਾ ਚਿੱਤ ਪ੍ਰਸੰਨ।

ਨੀਂਦ ਦੋਸ਼ ਸੁਪਨ ਅਵਸਥਾ, ਹੋਏ ਦੁੱਖ, ਸੁੱਖ ਅਨੰਤ।
ਅਗਿਆਨ ਕਾਰਨ, ਜੱਗ 'ਚ ਭੋਗੇ ਭੋਗਤਾ ਦੁੱਖ ਬੇਅੰਤ।
ਨੀਂਦ ਖੁੱਲ੍ਹੇ, ਗਿਆਨ ਹੋਏ, ਦ੍ਰਿਸ਼ਟਾ ਦਰਿਸ਼ ਨਾ ਰਹੰਤ।
ਸੁਖਉਪਤੀ ਹੋਏ ਹਾਕਮ ਸੁਪਨ ਜਾਗਰਤ ਚਲੰਤ।

ਜਨਮ ਮਰਨ ਖ਼ੁਸ਼ੀ ਗਮੀ ਭੁੱਖ ਪਿਆਸ ਰੱਖੇ ਨਿਰਾਸ।
ਲੱਛਨ ਛੀ ਸੂਖਸ਼ਮ ਸਰੀਰ ਦੇ, ਆਤਮਾ ਰਹੇ ਵਿਗਾਸ।
ਫੁਟੱਨਾ ਉਗੱਨਾ ਵਧਨਾ ਰੁਕਨਾ ਘਟਨਾ ਹੋਏ ਬਿਨਾਸ਼।
ਵਿਕਾਰ ਸਥੂਲ ਦੇਹ ਦੇ ਹਾਕਮ ਆਤਮਾ ਸਵੈ-ਪ੍ਰਕਾਸ਼।

ਕਾਰਨ ਸੂਖਸ਼ਮ ਸਥੂਲ, ਮਨ ਬੁੱਧੀ ਇੰਦ੍ਰੀ ਪ੍ਰਾਨ ਚਿੱਤ।
ਬਿਨਸਨਹਾਰ ਸੱਭ, ਮੈਂ ਦ੍ਰਿਸ਼ਟਾ ਸ਼ਾਖਸ਼ੀ ਅਚੱਲ ਨਿੱਤ।
ਇੰਦਰੀਆਂ ਭੋਗਨ ਵਿਸ਼ੈ, ਸਰੀਰ ਨਾਲ ਹੋਕੇ ਇੱਕ ਮਿੱਕ।
ਰੱਸੀ ਵਿੱਚ ਸਰਪ ਵਾਂਗ ਹਾਕਮ ਭੋਗ ਭੋਗਤਾ ਅਨਿੱਤ।

ਮਨੁੱਖਾ ਦੇਹੀ ਪ੍ਰਾਪਤ ਕਰਕੇ, ਜਾਣਿਆ ਨਾ ਸੁੱਖ ਸਰੂਪ।
ਵਿਸ਼ੈ ਸੁੱਖ ਭੋਗਤ ਭੋਗਤ, ਬਣ ਗਇਆ ਪਸੂ ਕਰੂਪ।
ਘਾੜਤ ਘੜੀ ਹੈ, ਵਿਸ਼ਵ ਵਿੱਚ, ਅਜਬ ਅਜੋੜ ਅਨੂਪ।
ਬਿਨੁ ਬੂਝੇ ਅਪਨਾ ਰੂਪ ਹਾਕਮ ਕੁੱਦ ਗਿਆ ਅੰਧ ਕੂਪ।

ਸੁੱਧ ਸਰੂਪ ਭੁੱਲ ਅਪਨਾ, ਬਣ ਗਇਆ ਪਿੰਜਰ ਸੁੱਡ।
ਟਾਹਣੀਆਂ ਪੱਤੇ ਸਿੰਜਦਾ ਰਿਹਾ, ਕਦੀ ਨਹੀਂ ਸਿੰਜਿਆ ਮੁੱਡ।
ਸਤ ਸੰਗ ਮਿਲ ਕਦੀ ਨਹੀਂ ਜਾਣਾ, ਜੀਵਨ ਰਹਿਸ ਗੁੱਡ।
ਵਿਸ਼ਈ ਚੂਹਾ ਬਣਕੇ ਹਾਕਮ ਉਲਝ ਗਿਆ ਵਿੱਚ ਖੁੱਡ।

ਸੋਨੇ ਦੇ ਗਹਿਨੇ ਸੋਨਾ ਰੂਪ, ਪਾਨੀ ਕਾਰਜ ਸਰਬ ਪਾਨੀ।
ਬ੍ਰਹਮ ਵਿੱਚ ਅਧਿਅਸਤ, ਮਾਇਆਮਈ ਸਰਵ ਪ੍ਰਾਨੀ।
ਸੋ ਕਾਰਨ ਵਿੱਚ, ਸਰਬ ਨਾਮ ਰੂਪ ਕਾਰਜ ਮਿਥਿਆਨੀ।
ਬ੍ਰਹਮ ਭੁਲਾ ਹਾਕਮ ਬਣੇ ਕਲਪਤ ਦੇਹ ਅਭਿਮਾਨੀ।

ਦੇਖ ਰੱਸੀ ਹਨ੍ਹੇਰੇ ਵਿੱਚ, ਸੋਚੇ ਪ੍ਰਾਨੀ ਬਹੁ ਪਰਕਾਰ।
ਕੋਈ ਸੱਪ ਆਖੇ, ਕੋਈ ਸੋਟੀ, ਕੋਈ ਕਹੇ ਧਰਤੀ ਦਰਾਰ।
ਹੋਏ ਪ੍ਰਕਾਸ਼, ਦਿਸੇ ਰੱਸੀ, ਰਹਿਨ ਨਾ ਕਲਪਤ ਅਕਾਰ।
ਮਿਟਤ ਜਗਤ ਅਕਾਰ ਹਾਕਮ ਜਾਣੇ ਸਤ ਕਰਤਾਰ।

ਇੱਕ ਪੂਰਨ ਅਭੈ ਨਿਰਵੈਰ ਅਕਾਲ ਅਦੁੱਤੀ ਆਤਮਾ।
ਸੱਤ ਵਿੱਚ ਮਿਥਿਆ ਹੀ ਅਧਿਅਸਤ ਹੈ ਦੇਹ ਅਨਾਤਮਾ।
ਜਿਵੇਂ ਬੂੰਦਾਂ ਬੁਦਬੁਦੇ ਲਹਿਰਾਂ ਜਲ ਤੋਂ ਭਿੰਨ ਨਹੀਂ ਜਮਾ।
ਵਿਸ਼ਵ ਹਰ ਦਾ ਰੂਪ ਹੈ ਹਾਕਮ ਭਿੰਨ ਨਾ ਪਰਮਾਤਮਾ।

ਜਗਤ ਬ੍ਰਹਮ ਰੂਪ ਹੀ ਹੈ, ਜਿਉਂ ਪ੍ਰਤੀਬਿੰਬ ਬਿੰਬ ਦੋਏ।
ਇਹ ਭੇਦ ਖੁਲੇਹ, ਜਦ ਅਪਨਾ ਆਪ ਅਨੁਭਵ ਹੋਏ।
ਦ੍ਰਿਸ਼ਟਾ ਦ੍ਰਿਸ਼ ਸੁਪਨ ਜਾਗ੍ਰਤ, ਨਾ ਵਿੱਚ ਸਖੋਪਤੀ ਕੋਏ।
ਬਾਹਰ ਭੀਤਰ ਹਾਕਮ ਸਰਵਮਈ ਸੋ ਹੰ ਸੋਈ ਸੋਏ।

ਸ਼ੁੱਭ ਬਚਨ ਸੁਣ ਉੱਪਜੇ, ਸਵੈਗਿਆਨ ਨਿਰ ਸੰਦੇਹ।
ਮਿਟੇ ਜਗਤ ਭਰਮ, ਰਹੇ ਨਹੀਂ ਕਰਮ, ਪੂਜਾ ਸਨੇਹ।
ਨਿੱਜ ਰੂਪ ਸ਼ੁਧ ਜਾਣੇ, ਹਟੇ ਅਭਿਮਾਨ, ਹੋਏ ਨਿਰਦੇਹ।
ਅੰਧਘੋਰ ਹਟੇ ਹਾਕਮ ਜਾਗਤ ਜੋਤੁ ਹਿਰਦੇ ਜਗੇਹ।

ਜੀਵ ਈਸ਼ ਨਾ ਗਿਆਨੀ ਅਗਿਆਨੀ, ਨਹੀਂ ਮਾਨ ਅਪਮਾਨ।
ਸੱਤ ਅਸੱਤ ਨਾ ਸ਼ੁਭ ਅਸ਼ੁਭ, ਨਾ ਰਹੇ ਦੇਹ ਅਭਿਮਾਨ।
ਧਰਮ ਅਧਰਮ ਨਾ ਪੁੰਨ ਪਾਪ, ਨਹੀਂ ਗੁਰ ਚੇਲਾ ਮਾਨ।
ਪੂਰਨ ਬ੍ਰਹਮ' ਚ ਹਾਕਮ ਘੱਟ ਵੱਧ ਨਾ ਜਾਨ ਅਜਾਨ।

ਮਨ ਬੁੱਧ ਚਿੱਤ ਅਹੰਕਾਰ, ਪ੍ਰਾਨ ਇੰਦ੍ਰੀ ਪੰਜ ਤੱਤ ਨਾਹਿ।
ਕਾਰਨ ਲਿੰਗ ਸਥੂਲ ਹਉਨਾ, ਵਿਆਪਕ ਹਾਂ ਸੱਭ ਮਾਹਿ।
ਸਰਵ ਵਿੱਚ ਦ੍ਰਿਸ਼ਟਾ ਹਉ, ਜਗਤ ਮਦਾਰੀ ਖੇਡ ਆਹਿ।
ਕਥਨ ਅਸੰਭਵ ਮੈਂ ਤੂੰ ਹਾਕਮ ਅਕਥ, ਨਾ ਦੇਖਾ ਜਾਹਿ।

ਜਤੀ ਨਾ ਵਿਸ਼ਈ ਮੁਕਤ ਬੰਧ ਨਹੀਂ ਹਉ ਏਕ ਨਾ ਦੋਏ।
ਚੌਦਾਂ ਦਿਸ਼ਾਂ ਵਿੱਚ ਵਿਆਪਕ, ਸੱਤ ਅਖੰਡ ਅਵਾਕ ਹੋਏ।
ਮਹੀਨ ਮਹਾਨ ਸੱਭਮਈ ਸਰਬ' ਚ, ਭਿੰਨ ਨਹੀਂ ਕੋਏ।
ਭੁਲਕੇ ਅਪਨੀ ਨਿੱਜ ਮਹਾਨਤਾ ਹਾਕਮ ਸੱਭ ਕੋਈ ਰੋਏ।

ਜਨਮ ਮਰਨ ਨਾ ਵਧਨ ਘਟਨ, ਰੰਗ ਰੂਪ ਨਾ ਰੇਖ।
ਸੰਤ ਅਸੰਤ ਨਾ ਗੁਰੂ ਚੇਲਾ, ਕਾਲਾ ਚਿੱਟਾ ਨਾ ਭਗਵਾਂ ਭੇਖ।
ਦਾਤਾ ਮੰਗਤਾ ਨਹੀਂ ਧਨੀ ਨਿਰਧਨੀ ਨਹੀਂ ਮੱਥਾ ਨਾ ਲੇਖ।
ਸਰਵਮਈ, ਸੱਭ ਰਹਿਤ ਹਾਕਮ ਵੱਖਰਾ ਹੋਕੇ ਦੇਖ।

ਜੋਗੀ ਭੋਗੀ ਉਦਾਸੀ ਗ੍ਰਿਹਸਤੀ ਤੀਰਥੀ ਸਰਬ ਜਗਾਹੀਂ।
ਜੰਗਲੀਂ ਓਜਾੜੀਂ ਬਹਾਰੀਂ ਨਗਰੀਂ ਸ਼ਮਸ਼ਾਨੀਂ ਸੱਭ ਥਾਹੀਂ।
ਲੂਲਾ ਪਿੰਗਲਾ ਮੰਗਤਾ, ਊਚ ਨੀਚ ਨਾਚਾ ਆਦਿ ਮਾਹੀਂ।
ਵਿਆਪਕ ਨਿਆਰਾ ਹਾਕਮ ਏਕ ਮੈਂ, ਏਕ ਮਾਹੀਂ ਸਮਾਹੀਂ।

ਛੀਂਭਾ ਨਾਈ ਕਸਾਈ ਜੁਲਾਹਾ ਝਿਉਰ ਚਮਾਰ ਨਾ ਬਾਹਰ।
ਸਰਬ ਸੱਤਮਈ, ਕਾਜ਼ੀ ਪੂਜਾਰੀ ਪਾਦਰੀ ਭਾਈ ਲੁਹਾਰ।
ਕਿੱਤਾ ਨਹੀਂ, ਕਰਤਾ ਹਨ, ਹਰੀਜਨ ਕਿਰਸਾਨ ਸੁਨ੍ਹਾਰ।
ਏਕ ਜੋਤੁ, ਇੱਕ ਮਿੱਟੀ ਹਾਕਮ ਹੈਂ ਸੱਭ ਇਨਸਾਨ ਯਾਰ।

ਦੋਸ਼ ਦ੍ਰਿਸ਼ਟੀ ਨਾਲ ਦੇਖਿਆਂ, ਉਲਟ ਪੁਲਟ ਸੱਭ ਜਾਏ।
ਅਦ੍ਵੈਸ਼ ਨਦਰੀਂ, ਏਕ ਰੂਪ ਸੱਭ, ਇੱਕ ਨਦਰੀਂ ਆਏ।
ਚੰਗਾ ਮੰਦਾ ਬਾਹਰੋਂ ਦਿਸਦਾ, ਸੱਭ ਮਨ ਦੀ ਉਪਜ ਹਾਏ।
ਮਨੋਮਈ ਜੱਗ ਹਾਕਮ ਫੁਰਨਾ ਮਿਟੇ ਜੱਗ ਨਾ ਰਹਾਏ।

ਕਾਰਨ ਕਾਰਜ ਕੁੱਝ ਨਹੀਂ, ਦੇਸ ਨਾ, ਕਾਲ ਨਹੀਂ ਵਸਤੂ।
ਸਤ ਚਿੱਤ ਅਨੰਦ ਬ੍ਰਹਮ ਇੱਕ ਰਸ, ਨਹੀਂ ਕਿੰਤੂ ਪਰੰਤੂ।
ਇੱਕ ਵੀ ਕਹਿਨਾ ਬਣੇ ਨਾ, ਦੋ ਕਹੇ ਉਦਾਸ ਹੋਏ ਮੂੰਹ।
ਅਨਾਦੀ ਸਰਵ ਵਿਆਪੀ ਹਾਕਮ ਘੱਟ ਵੱਧ ਕਦੀ ਨਾ ਹੂੰ।

ਨਹੀਂ ਵਿਸ਼ਵ ਤੇਜਸ ਪ੍ਰਾਗ, ਨਹੀਂ ਤੁਰੀਆ ਹੋਏ ਕਹਾਏ।
ਹੋ ਸ਼ਾਖਸ਼ੀ ਰਹੇ ਬ੍ਰਹਮ ਸਰੂਪ, ਮੈਂ ਤੂੰ ਤਹਾਂ ਨਾ ਰਹਾਏ।
ਜਾਗਰਤ ਸੁਪਨ ਸੁਖਉਪਤੀ ਅਵਸਥਾ ਆਏ ਜਾਏ।
ਜੋ ਸਦਾ ਅਚੱਲ ਹਾਕਮ ਸੋ ਮੈਂ ਨਿੱਜ ਰੂਪ ਸ਼ਾਖੀ ਸਦਾਏ।

ਗਿਆਤਾ ਗਿਆਨ ਨਹੀਂ ਗੇਯ, ਸਾਧਕ ਸਾਧਨ ਨਾਹੀ ਸਿੱਧੀ।
ਧਿਆਤਾ ਧਿਆਨ ਨਹੀਂ ਧੇਯ, ਪ੍ਰਮਾਤਾ ਪ੍ਰਮਾਨ ਨਾਹੀ ਬੁੱਧੀ।
ਪ੍ਰਮੇਯ ਨਹੀਂ, ਪਰਵਿਰਤੀ ਨਹਿ, ਨਵਿਰਤੀ ਨਾਹੀ ਸੁੱਧੀ।
ਸਤ ਵਿੱਚ ਸਮਾਏ ਸੁਰਤੀ ਹਾਕਮ ਰਹੇ ਨਾਹੀ ਕਬੁੱਧੀ।

ਸਰਵ ਸਰੂਪ ਸੱਭ ਤੋਂ ਪਰੇ, ਹਰ ਵਿੱਚ ਰਿਹਾ ਸਮਾਏ।
ਨਹੀਂ ਤਿਆਗ ਗ੍ਰਹਿਨ ਰਹੇ, ਕੁੱਝ ਨਹੀਂ ਕਿਸੇ ਦਸਾਏ।
ਹੋਏ ਪ੍ਰਤੀਤ ਸਤ ਅਨਵੇ, ਨਾਮ ਰੂਪ ਵਿਤਰੇਕ ਹੋ ਜਾਏ।
ਸੱਤ ਚਿੱਤ ਅਨੰਦ ਰਹੇ ਹਾਕਮ ਨਾ ਕਹੇ ਨਾਹੀਂ ਕਹਾਏ।

ਹੋਇਆ ਆਤਮ ਅਨੁਭਵ ਅਬਿਨਾਸ਼ੀ ਅਚੱਲ ਅਪਾਰ।
ਜੱਗ ਵਿੱਚ ਖ਼ਚਤਪੁਨਾ ਨਾ ਸੁਹਾਏ, ਰੱਖੇ ਸਤ ਵਿਚਾਰ।
ਜਿਵੇਂ ਨੈਣ ਨਾਈ ਮੁਨੀਮ ਮੁਰਗਾਈ ਰਹੇ ਵਿੱਚ ਵਿਹਾਰ।
ਮਨ ਬੁੱਧ ਚਿੱਤ ਉਲਝੇ ਨਾ ਹਾਕਮ ਵਿੱਚ ਵਿਸ਼ੈ ਵਿਕਾਰ।

ਜਗਤ ਵਿਸ਼ੈ ਸੁੱਖ ਅਲੋਪ, ਜੱਦ ਬ੍ਰਹਮ ਗਿਆਨ ਹੋਤ।
ਵਿਸ਼ੈ ਸੰਗ ਮੱਤ ਮਲੀਨ, ਹੋਵਤ ਮਧਮ ਗਿਆਨ ਜੋਤੁ।
ਪੂਰਨ ਦ੍ਰਿੜ੍ਹ ਗਿਆਨ ਹੋਤ, ਵਿਸ਼ੈ ਅਧੀਨ ਨਹੀਂ ਰਹੋਤ।
ਆਤਮ ਸੁੱਖ ਨਹੀਂ ਹਾਕਮ ਜੇ ਵਿਸ਼ੈ ਸੁੱਖ ਮੋਹਤ।

ਪੂਰਨ ਅਨੁਭਵ ਹੋਣ ਤੇ, ਮਨ ਹੋਏ ਨਾ ਵਿਸ਼ੇ ਸ਼ਕਾਰ।
ਸੱਤ ਚਿੱਤ ਅਨੰਦ ਸੋ ਹੰ ਜਾਣ, ਕਦੀ ਨਹੀਂ ਹੋਏ ਲਚਾਰ।
ਮੁਕਤ ਕਰੇ ਤਿਆਗ, ਬੰਧਨ ਹੋਏ ਖਚੱਤ ਕਰੇ ਕਾਰ।
ਤਜੇ ਮੋਖਸ਼ ਹਾਕਮ ਲਿਪਤ ਵਿਸ਼ੇ, ਸਦਾ ਫਟਕਾਰ।

ਜਿਵੇਂ ਪੁਰਾਨੇ, ਮਰੇ ਦਾਨੇ ਚੋਂ, ਉਗਨ ਕਿਰਿਆ ਹੋਏ ਲੀਨ।
ਤਿਵੇਂ ਹੀ ਅਨੁਭਵੀ ਦੀ ਬੁੱਧੀ, ਜਗਤ ਵਿਸ਼ੇ ਖ਼ਚਤਹੀਨ।
ਸੁਤੰਤਰ ਰਹੇ ਵਿਸ਼ਿਆਂ ਤੋਂ, ਨਾ ਹੋਏ ਦੁਨੀਆਂ ਵਾਂਗ ਦੀਨ।
ਅਕਰੇ ਹਾਕਮ ਨਾ ਰਹੇ ਕਰਮ ਭਰਮ ਦੇਹ ਅਧੀਨ।

ਸਭ ਸਿਆਣਿਆਂ ਇੱਕੋ ਮੱਤ, ਮੂਰਖ ਸੋਚ ਆਪੋ ਆਪਨੀ।
ਵਿਸ਼ੇ ਨੰਦ ਰੋਂਦੂ, ਭਜਨਾ ਨੰਦ ਭੋਂਦੂ, ਰਟੇ ਨਾਲ ਰਾਗਨੀ।
ਬ੍ਰਹਮਾਨੰਦ ਜੀਵਨ ਮੁਕਤ ਹੈ, ਵਿਸ਼ੈ ਵਾਸਨਾ ਸਾੜਨੀ।
ਸਦਾ ਅਨੰਦ ਹੈ ਹਾਕਮ ਅਪਨੇ ਆਪੇ' ਚ ਚੁੱਭੀ ਮਾਰਨੀ।

ਸਤਜੁਗ ਹੈ ਤਿਨ੍ਹਾਂ ਵਾਸਤੇ, ਜਿਨ੍ਹਾਂ ਸੱਤ ਵਿੱਚ ਜੋੜੀ ਮੱਤ।
ਕਲਜੁਗ ਜੋ ਦੇਹ ਬਣ ਭਰਮੇ, ਭਰਮ ਗਵਾਈ ਪੱਤ।
ਤਾਪ ਤ੍ਰੈ ਹਿਰਦਾ ਸਾੜਨ, ਬਾਹਰ ਤਪਦਾ ਦਿਸੇ ਜਗਤ।
ਸ਼ਾਂਤ ਰੂਪ ਤਨ ਮਨ ਹਾਕਮ ਵਸੇ ਹਿਰਦੇ ਜਿਨ੍ਹਾਂ ਸੱਤ।

ਮੁਕਤੀ ਭਗਤੀ ਸ਼ਕਤੀ ਨਹੀਂ ਇੱਛੈ, ਰਹੇ ਨਿਸ਼ਕਾਮ।
ਤ੍ਰਿਪਤ ਨਿੱਤ ਆਤਮ ਸੁੱਖ, ਤਿੰਨ ਸਮਾਨ ਨਹੀਂ ਆਨ।
ਹੱਥ ਬੰਨ ਨੱਕ ਰਗੜ, ਨਾ ਅਰਦਾਸ ਅੱਗੇ ਭਗਵਾਨ।
ਨਿੰਦਿਆ ਨਾ ਦੂਈ ਦਵੈਸ਼ ਹਾਕਮ ਬਣੇ ਸੱਚਾ ਇਨਸਾਨ।

ਮੋਹਨ ਨਹੀਂ ਜੱਗ ਮੋਹਨੇ, ਮਿਥਿਆ ਲੱਗਨ ਪਦਾਰਥ।
ਸੁੱਖ ਦੁੱਖ ਪੁੰਨ ਪਾਪ ਛੁਹ ਨਾ ਸਕੇ ਜੇ ਜਾਣੇ ਯਥਾਰਥ।
ਚੜ੍ਹੇ ਭਾਨ ਤਾਰੇ ਛੁੱਪ ਜਾਣ, ਬੱਤੀ ਦੀਵੇ ਹੋਣ ਅਕਾਰਥ।
ਅਨੁਭਵ ਉੱਤੇ ਕੁੱਝ ਨਾ ਹਾਕਮ ਸੱਭ ਹੋਣ ਅਨਾਰਥ।

ਪ੍ਰਕਾਸ਼ ਤੋਂ ਹਨ੍ਹੇਰ ਨੱਸੇ, ਪ੍ਰਮਾਨੰਦ ਤੋਂ ਵਿਸ਼ੇ ਨੱਸ ਜਾਤ।
ਗਿਆਨ ਮੱਤ ਪ੍ਰਗਟ ਹੋਣ ਤੇ, ਸਰਵ ਮੱਤ ਹੋਣ ਮਾਤ।
ਨਦੀ ਨਾਲੇ ਦਰਯਾ ਨਾਮ ਰੂਪ ਤਜ, ਸਿੰਧੂ ਸੰਗ ਸਮਾਤ।
ਸੱਭ ਧਰਮ ਮਿਟਤ ਹਾਕਮ ਸਤ ਚਿੱਤ ਅਨੰਦ ਪਾਤ।

ਗਿਆਨਵਾਨ ਅਨੁਭਵੀ ਜਨ, ਲੀਲਾ ਵੱਤ ਕਾਰ ਕਰੰਤ।
ਵਸਤ ਪਦਾਰਥ ਦੇਖ ਕੇ, ਮਨ ਨਹੀਂ ਕਦੀ ਭਰਮੰਤ।
ਧੀਰਜਵਾਨ ਸੰਤੁਸ਼ਟ ਅਚਿੰਤ, ਜੱਗ ਵਿਹਾਰ ਰਹੰਤ।
ਫੜ ਆਤਮ ਸੰਗਲ ਹਾਕਮ ਨਾ ਜੱਗ ਲਹਿਰ ਰੁੜੰਤ।

ਮਨ ਬੁੱਧੀ ਭੋਗਤਾ, ਅਨੁਭਵੀ ਰਹੇ ਅਕਰੇ ਅਭੋਗਤਾ।
ਧੂੰਏ ਅਕਾਸ਼ ਨਾ ਲਿਪੇ, ਗਿਆਨੀ ਚਿੱਤ ਨਾ ਵਿਸ਼ੈ' ਚ ਖੋਭਤਾ।
ਸਤ ਸਾਗਰ' ਚ ਕਰੋਧ ਮੋਹ ਲੋਭ ਕਾਮ ਹੰਗ ਰੋੜਤਾ।
ਨਾਮ ਰੂਪ ਛੱਡ ਹਾਕਮ ਸਤ ਚਿੱਤ ਵਿੱਚ ਚਿੱਤ ਜੋੜਤਾ।

ਸੱਤ ਆਖਾਂ ਤਾਂ ਮਿਥਿਆ, ਅਸਤ ਆਖਾਂ ਤਾਂ ਨਦਰੀਂ ਆਏ।
ਕਹਿਨਾ ਅਕਹਿਨਾ ਬਣੇ ਨਹੀਂ ਹੈ, ਕੁੱਝ ਕਿਹਾ ਵੀ ਨਾ ਜਾਏ।
ਸਖੋਪਤੀ ਅਵਸਥਾ' ਚ ਜਾਗ੍ਰਤ ਸੁਪਨ ਨਹੀਂ ਰਹਾਏ।
ਵਿਸ਼ੇਸ਼ ਸੁੱਖ ਰਹੇ ਹਾਕਮ ਅਨਰਬਚਨੀਆ ਕਹਾਏ।

ਸੋ ਅਨੁਭਵੀ ਅਵਸਥਾ, ਮਸਤ ਅਲਮਸਤ ਬਣਾਏ।
ਗੂੰਗਾ ਗੁੜ ਖਾਏ ਖਿੜਿਆ, ਸੁਆਦ ਪੁੱਛੀਏ ਤਾਂ ਕੀ ਬਤਾਏ।
ਨੱਚੇ ਕੁੱਦੇ ਕੱਛਾਂ ਵਜਾਏ, ਹੱਸੇ ਹਸਾਏ ਬੋਲ ਨਾ ਪਾਏ।
ਮਸਤ ਰਹੇ ਹਾਕਮ ਗੁਰੂ ਪੀਰ ਪਾਤਸ਼ਾਹ ਨਾ ਕਹਾਏ।

ਸਤ ਚਿੱਤ ਅਨੰਦ ਤਜ, ਨਾਮ ਰੂਪ ਬਣ ਪੂਜਾ ਕਰਾਏ।
ਮਾਰ ਪਏ ਕੁੱਝ ਬਣੇ, ਲੋਕ ਲੜਾਏ, ਅਸਹਿ ਦੁੱਖ ਪਾਏ।
ਰਹਿਬਰ ਸੁਆਮੀ ਸਤਿਗੁਰੂ ਅਵਤਾਰ ਨਾਮ ਧਰਾਏ।
ਕੁੱਝ ਬਣੇ ਮਰੇ ਹਾਕਮ ਬਿਨ ਬਣੇ ਅਮਰ ਰਹਾਏ।

ਸੱਭ ਤੋਂ ਵੱਡਾ ਜ਼ੁਲਮ, ਪਾਪ ਹੈ, ਵੰਡੀ ਮਨੁਖਤਾ' ਚ ਪਾਏ।
ਧਰਮ ਬਣਾ, ਨਫਰਤ ਵਧਾ, ਲੋਕ ਲੜਾ ਧੰਨ ਕਮਾਏ।
ਭੇਖੀ ਗੁਰੂ ਬਣ, ਸ਼ਿਸ਼ ਬਣਾ, ਆਪ ਮਰੇ ਪਰਜਾ ਮਰਾਏ।
ਰੱਬ ਸਮਝਾਏ, ਇੱਕ ਕਰੇ ਹਾਕਮ ਸੋ ਮਿਤਰ ਕਹਾਏ।

ਜਪ ਤਪ ਪੁੰਨ ਪਾਪ ਅੰਧਵਿਸ਼ਵਾਸ਼ ਦੀ ਰਾਤ ਮਟਾਏ।
ਥੋਥੇ ਕਰਮ ਕਾਂਡ, ਭੇਦ ਭਾਵ ਗੰਡ, ਸਾੜ ਇੱਕ ਕਰਾਏ।
ਵਿਆਪਕ ਇੱਕ ਰੱਬ ਜਾਣ ਅਵੱਖ, ਨੱਕ ਨਾ ਰਗੜਾਏ।
ਐਸੇ ਮਿਤਰ ਬਣਾਏ ਹਾਕਮ ਫਰਸ਼ੋਂ ਅਰਸ਼ ਚੜ੍ਹਾਏ।

ਵਖਾਵਾ ਧਰਮ ਛਲਾਵਾ, ਵਹਿਮ ਪਾਏ ਰੋਟੀਆਂ ਕਮਾਏ।
ਮੱਤ ਮਾਰਨ ਹੱਡ ਖਾਰਨ, ਕੰਮ ਨਕਾਰਨ ਬਹਿ ਖਾਏ।
ਮੌਤੋਂ ਬੁਰਾ ਧੋਖਾ ਦੇਣਾ, ਆਪ ਡੁੱਬੇ ਤੇ ਅਣਜਾਣ ਡੁਬਾਏ।
ਵਾਰ ਵਾਰ ਧ੍ਰਿਕਾਰ ਹਾਕਮ ਭੇਦ-ਭਾਵ ਕੀਟਾਣੂ ਫਲਾਏ।

ਜੱਗ' ਚ ਨਖਿਧ ਮਧਮ ਉਤੱਮ ਉਚਤੱਮ ਬੰਦੇ ਜਾਨ।
ਰੀਠਾ ਚੁਹਾਰਾ ਬਦਾਮ ਅੰਗੂਰ ਚਾਰ ਕਿਸਮਾਂ ਪਹਿਚਾਨ।
ਰੀਠਾ ਉਤੋਂ ਕੌੜਾ ਵਿੱਚੋਂ ਸਖ਼ਤ ਫਿੱਕਾ ਸੱਭ ਨੂੰ ਪਏ ਖਾਨ।
ਨਖਿਧ ਬੰਦਾ ਰੀਠਾ ਹਾਕਮ ਇਸ ਤੋਂ ਸੱਭ ਪਿੱਛਾ ਛਡਾਨ।

ਚੁਹਾਰਾ ਬਾਹਰੋਂ ਮਿੱਠਾ ਅੰਦਰੋਂ ਕਰੜਾ ਬੜਾ ਬੇਈਮਾਨ।
ਉਪਰੋਂ ਮਿਠੋ ਮਾਸੀ, ਮਧਮ ਬੰਦਾ ਅੰਦਰੋਂ ਬੜਾ ਸ਼ੈਤਾਨ।
ਬਦਾਮ ਉਪਰੋਂ ਕਰੜਾ, ਅੰਦਰੋਂ ਨਰਮ ਸਵਾਰੇ ਕਾਮ।
ਉਤੱਮ ਕੋਟੀ ਬੰਦਾ ਹਾਕਮ ਸਹਾਇਤਾ ਕਰੇ ਨਿਸ਼ਕਾਮ।

ਅੰਗੂਰ ਅੰਦਰੋਂ ਬਾਹਰੋਂ ਮਿੱਠਾ, ਵਰਤੇ ਦੇਵਤੇ ਸਮਾਨ।
ਉਤੋਂ ਵਿੱਚੋਂ ਸੱਭ ਦਾ ਭਲਾ ਮੰਗੇ, ਸੱਭ ਦੀ ਸੋਚੇ ਕਲਿਆਨ।
ਆਪਨੂੰ ਕੱਸ਼ਟ ਵਿੱਚ ਪਾਕੇ, ਦੂਜਿਆਂ ਨੂੰ ਸੁੱਖ ਵਰਤਾਨ।
ਉਚਤੱਮ ਕੋਟੀ ਬੰਦਾ ਹਾਕਮ ਅਸਲੀ ਰੂਪ ਇਨਸਾਨ।

ਸੁਭ ਇੱਛਾ ਸਾਧਨ ਸੰਪਤੀ ਸਪੰਨ ਵਿਸ਼ੈ ਵਿਰਾਗ ਹੋਹੇ।
ਆਤਮ ਵਿਚਾਰ ਸੁਣਨ ਮੰਨਣ ਲਈ ਸੱਤ ਸੰਗ ਬਹੇ।
ਸਮਝ ਜਾਣਕੇ ਅਭਿਆਸ ਕਰਕੇ, ਨਿੱਜ ਸਰੂਪ ਗਹੇ।
ਘੀ ਮੈਂ, ਦੁਧ ਦੇਹੀ, ਕੱਡੇ ਹਾਕਮ ਹਿਰਦੈ' ਦਾ ਸਾਖੀ ਹੋ ਰਹੇ।

ਸਖੋਪਤੀ ਸਾਖੀ ਤੁਰੀਆ ਸਮਾ ਬ੍ਰਹਮ ਹੋਏ ਇੱਕ ਮਿੱਕ।
ਪਰਮਾਤਮ ਜਗਤ ਸੋ ਲੱਗੇ ਜਿਵੇਂ ਸਾਗਰ ਛੱਲਾਂ ਇੱਕ।
ਦੇਹ ਅਭਿਮਾਨ ਤੱਜ, ਸੱਤ ਲੱਗ, ਸਵੈਰੂਪ ਰਹੇ ਵਿੱਤ।
ਪੰਜਵੀਂ ਭੂਮਕਾ ਹਾਕਮ ਹਮ ਮਮ ਰਹਿਤ ਸੋ ਮੈਂ ਨਿੱਤ।

ਛੇਵੀਂ ਵਸਤੂ ਅਕਾਰ ਨਾ ਰਹੇ, ਸੋ ਮੈਂ ਆਤਮਾ ਰਹੇ ਚਿੱਤ।
ਕਲਪਤ ਪਦਾਰਥ ਮਿਟਤ, ਸਤ ਚਿੱਤ ਨੰਦ ਮਿਲੱਤ।
ਸਤਵੀਂ ਰਹੇ ਲੇਸ਼ ਕਾਰਨ ਸੰਸਕਾਰ, ਰਹੇ ਇੱਕ ਸੱਤ।
ਇੱਕ ਰਹੇ ਹਾਕਮ ਰਹੇ ਨਾ ਦੁਤੀਆ ਮਰਨ ਉਤਪੱਤ।

ਕਰੇ ਬੁਰਾ ਹੋਏ ਬਰਾ, ਅੰਤ ਢਹੇ ਬੁਰਾਈ ਦਾ ਬੁਰਾ ਕਿਲ੍ਹਾ।
ਕਰ ਭਲਾ ਹੋਏ ਭਲਾ, ਅੰਤ ਭਲੇ ਦੀ ਭਲਾਈ, ਕਰੇ ਭਲਾ।
ਕਰੇ ਰਾਮ ਹੋਏ ਰਾਮ, ਅੰਤ ਰਾਮ ਸੰਗ ਰਾਮ ਬਣ ਚਲਾ।
ਕਰ ਹਰ ਹੋਏ ਹਰ ਅੰਤ ਹਾਕਮ ਹਰ ਸੰਗ ਹੀ ਰਲਾ।

ਅਕਲੀਂ ਗੁਰੂ ਦੀ ਸੇਵਾ ਕਰੀਏ ਅਕਲੀਂ ਪਾਈਏ ਗਿਆਨ।
ਅਕਲੀਂ ਸੁਣ ਮੰਨਣ ਕਰੀਏ, ਅਕਲੀਂ ਲਾਈਏ ਧਿਆਨ।
ਅਕਲੀਂ ਪੜਕੇ ਸਮਝੀਏ, ਅਕਲੀਂ ਸਾਰ ਲਈਏ ਜਾਨ।
ਅਕਲੀਂ ਅਨੁਭਵ ਪਾਈਏ ਹਾਕਮ ਹੋਰ ਗੱਲਾਂ ਸ਼ੈਤਾਨ।

ਅਕਲੀਂ ਅਭਿਆਸ ਕਰੇ, ਅਕਲੀਂ ਗਿਆਨ ਹੋਏ ਨਿਧਾਨ।
ਅਕਲੀਂ ਵਿਦਿਆ ਲਈਏ, ਅਕਲੀਂ ਬੁੱਧੀ ਕਰੀਏ ਸੁਜਾਨ।
ਅਕਲੀਂ ਅਨੰਦ ਧੰਨ ਪਾਈਏ, ਅਕਲੀਂ ਪਾਈਏ ਸ੍ਵੈ-ਮਾਨ।
ਅਕਲੀਂ ਉਪਕਾਰੀ ਹਾਕਮ ਅਕਲੀਂ ਬਣੀਏ ਇਨਸਾਨ।

ਅਨੁਭਵੀ, ਸੋ ਮੈਂ ਅਨੁਭਵ ਕਰਾਏ, ਸਿਰ ਛਤਰ ਧਰੇ।
ਨਿਖੁੱਟ ਨਾ ਜਾਏ, ਐਸਾ ਸੱਤ ਧੰਨ ਦੇਕੇ ਮਾਲਾ ਮਾਲ ਕਰੇ।
ਤੱਤ ਸਾਰ ਦੇ, ਅਸਾਰ ਤਜਾਏ, ਭਵਸਾਗਰ ਪਾਰ ਪਰੇ।
ਆਪਣਾ ਆਪ ਪਛਾਣੇ ਹਾਕਮ ਹਰ ਹੀ ਹੋ ਤਾਂ ਸੱਭ ਤਰੇ।

ਦੁਨੀਆਂ ਇਹ ਯਾਰ ਪੈਸੇ ਦੀ, ਪੈਸੇ ਨਾਲ ਗੱਡੀ ਚਲਦੀ ਹੈ।
ਰੋਣੇ ਝੋਰੇ ਨਹੀਂ ਵਿਕਦੇ, ਹੱਸਣ ਦੀ ਕੀਮਤ ਮਿਲਦੀ ਹੈ।
ਪੈਸੇ ਲਈ ਯਾਰ ਨੂੰ ਯਾਰ ਮਾਰੇ, ਪਾਣੀ' ਚ ਮੱਛੀ ਬਲਦੀ ਹੈ।
ਹੱਸਦਾ ਰਹਿ ਹਾਕਮ ਹਾਸਿਆਂ ਬਿਨ ਦੁਨੀਆਂ ਗ਼ਲਦੀ ਹੈ।

ਥੋਥੇ ਧਰਮ ਅਤੇ ਮਨੁੱਖਤਾ ਦਾ ਕਦੇ ਨਾ ਬਣੇ ਸਬੰਧ।
ਅੰਧੇਰੇ ਅਤੇ ਚਾਨਣ ਵਿਚਕਾਰ, ਜਿਵੇਂ ਖੜੀ ਰਹੇ ਕੰਧ।
ਧਰਮੀ ਧਰਮੀ ਵਿੱਚ ਰੜਕਦੀ ਰਹੇ ਧਰਮ ਦੀ ਗੰਡ।
ਦੂਈ ਦੂਰ ਨਾ ਹੋਏ ਹਾਕਮ ਜੇ ਧਰਮ ਦੇ ਮੁੱਕੇ ਨਾ ਧੰਦ।

ਹਰ ਬੰਦਾ ਆਦਮਈ, ਆਉਣ ਤੋਂ ਪਹਿਲਾਂ ਵਿੱਚ ਜਹਾਨ।
ਬ੍ਰਹਮ ਤੋਂ ਹੀ ਉਪਜਾ, ਪਲਾ ਬਾਹਰ ਆਇਆ ਇਨਸਾਨ।
ਸੰਸਾਰੀ ਧਾਰਮਿਕ ਰਹੁ ਰੀਤਾਂ ਨੇ, ਬਦਲ ਦਿੱਤਾ ਇਮਾਨ।
ਹਰ ਰੂਪ ਹੈ ਹਾਕਮ ਰਲਾ ਲਿਆ, ਆਪਣੇ ਵਿੱਚ ਸ਼ੈਤਾਨ।

ਇਨ (ਿਨ) ਵਿੱਚ ਭਗਵਾਨ, ਸਾਨ (ਰੂਪ) ਬਾਹਰ ਸ਼ੈਤਾਨ।
ਭਗਵਾਨ' ਚ ਜਮ੍ਹਾ ਸ਼ੈਤਾਨ ਕਰ ਬਣ ਜਾਏ ਇਨਸਾਨ।
ਇਨਸਾਨ ਵਿਚੋਂ ਸ਼ੈਤਾਨ ਕੱਡੀਏ, ਰਹਿ ਜਾਏ ਭਗਵਾਨ।
ਸ਼ੈਤਾਨੀ ਰਹਿਤ ਹਾਕਮ ਬੰਦਾ ਬਣ ਜਾਏ ਮਿਹਰਬਾਨ।

ਸੱਤ ਵਿੱਤ ਅਨੰਦ ਸਰਬ ਤੋਂ ਉਪਰ, ਮਨੁੱਖਤਾ ਸੱਚ।
ਇਸਤੋਂ ਉਪਰ ਸੱਚਾ ਆਚਾਰ, ਸੋ ਦਵੈਸ਼ ਤੋਂ ਰਹੇ ਬੱਚ।
ਕਰੇ ਭਲਾ ਪਾਏ ਭਲਾ, ਨਹੀਂ ਭੰਨੇ ਇੱਕ ਦੂਸਰੇ ਦੀ ਲੱਤ।
ਮਨੁੱਖਤਾ ਹੀ ਧਰਮ ਹਾਕਮ ਨਾ ਲਾਹੇ ਧਰਮ ਦੀ ਪੱਤ।

ਸਦੀਆਂ ਤੋਂ ਥੋਥੇ ਧਰਮ ਕੰਧਾਂ, ਖੁਸ਼ੀ ਨਹੀਂ ਦਿੱਤੀ ਕਿਸੇ ਨੂੰ।
ਉਪੱਰ ਛੱਤ ਨਾ, ਵਿੱਚ ਸੱਤ ਨਾ, ਮੱਤ ਨਹੀਂ ਦਿੱਤੀ ਕਿਸੇ ਨੂੰ।
ਇਹਨਾਂ ਦੇ ਨਾਂ ਤੇ ਮਾਰ ਕੁਟਾਈ, ਰੱਤ ਨਹੀਂ ਦਿੱਤੀ ਕਿਸੇ ਨੂੰ।
ਬਾਨੀ ਦੁੱਖੀ ਕਰ ਮਾਰੇ ਹਾਕਮ ਪੱਤ ਨਹੀਂ ਦਿੱਤੀ ਕਿਸੇ ਨੂੰ।

ਧਰਮ ਧਰਮ ਸੱਭ ਕੋ ਕਹੇ, ਨਾ ਸਮਝੇ ਨਾ ਸਮਝਾਏ।
ਧਰਮ ਨਾਮ ਵਿਆਪਕ ਸਚਾਈ ਦਾ, ਜੋ ਨਾ ਜਾਏ ਨਾ ਆਏ।
ਧਰਮ ਧੁਰਾ ਬਣ ਸੱਭ ਚਲਾਏ, ਆਪ ਅਟੱਲ ਰਹਾਏ।
ਸੋ ਸਚਾਈ ਹਾਕਮ ਬੰਦਾ ਸਮਝੇ ਆਦਿਮਈ ਬਣ ਜਾਏ।

ਮਨੁੱਖ ਬਣਨਾ ਹੀ ਆਦਿਮਈ ਬਣਨਾ ਹੈ ਪੂਰਨ ਸੱਚ।
ਦੇਹ ਸੰਘਾਤ ਚੱਲੇ, ਸਾਖੀ ਅਚੱਲ ਹੋਣਾ ਹੀ ਪੂਰੀ ਮੱਤ।
ਸਿਆਣਪ ਹੈ, ਇਹ ਸੋਚਣਾ ਹੀ, ਛੋਪ ਚੋਂ ਪੂਨੀ ਲੈਣੀ ਕੱਤ।
ਸੱਚ ਮਈ ਹੋਏ ਹਾਕਮ ਕੰਡਿਆਂ’ ਚੋਂ, ਗ਼ੁਲਾਬ ਲਏ ਕੱਟ।

ਅੰਤਰਮੁਖੀ ਮੈਂ ਸੋ ਜਾਣੇ, ਬਾਹਰੋਂ ਗੁਦੜ ਅੰਦਰੋਂ ਪੱਟ।
ਪੱਟ ਹੋਏ ਮੈਂ ਅੰਦਰੋਂ, ਫਿਰ ਕਿਸੇ ਨਾ ਮਾਰੇ ਬਾਹਰੋਂ ਸੱਟ।
ਸੱਤ ਨਾਲ ਅਭੇਦ ਹੋਕੇ, ਟੁੱਟ ਜਾਏ ਮਾਇਆ ਨਾਲੋਂ ਝੱਟ।
ਮਾਇਆ ਸੇਵਾ ਕਰੇ ਹਾਕਮ ਜੋਈ ਬਿਨੁ ਦੰਤਾ ਖਾਏ ਕੱਟ।

ਕੁਦਰਤ ਛੋੜੀ ਨਾ ਛੁਟੇ, ਤੋੜੀ ਨਹੀਂ ਤੁਟੇ, ਮਾਰੀ ਨਾ ਮਰੇ।
ਸਦਾ ਚੱਲੇ, ਟਾਲੀ ਨਾ ਟਲੇ, ਬਦਲਨ ਦਾ ਯਤਨ ਨਾ ਕਰੇ।
ਇਸਨੂੰ ਦੇਖੇ ਆਪਣੀ ਨਾ, ਆਪਾ ਜਾਣੇ, ਇਸਤੋਂ ਰਹੇ ਪਰੇ।
ਸਾਖੀ ਹੋਏ ਮੈਂ ਹਾਕਮ ਇਹ ਨੁਸਖਾ, ਸੱਭ ਕਸ਼ਟ ਹਰੇ।

ਪ੍ਰੇਮ ਨਾਲ ਨਿਕਲੇ ਕੰਮ, ਡਰ, ਸਜਾ ਵਿਗਾੜੇ ਇੱਕ ਦਮ।
ਸਜ਼ਾ ਦੀ ਸੱਟ ਨਾਲੋਂ, ਖਿਮਾ ਦੀ ਸੱਟ ਬਹੁਤਾ ਕਰੇ ਜ਼ਖ਼ਮ।
ਭਲਾ ਹੀ ਖ਼ੁਸ਼ ਰਹਿ ਸਕਦਾ, ਬੁਰੇ ਦਾ ਦੁੱਖ ਲਉਣ ਚੰਮ।
ਦੁੱਖਾਂ’ ਚ, ਹੱਸਨਾ ਸਿੱਖ ਹਾਕਮ ਘਾਬਰਾਨਾ ਵਿਗਾੜੇ ਕੰਮ।

ਮਨ ਵਿੱਚ ਨਾ ਰੱਖੇ ਬੁਰਾਈ, ਦਿਖਾਵਾ ਨਹੀਂ ਕਰੇ ਬਾਹਰ।
ਕੋਈ ਵੀ ਐਨਾ ਦੁਖੀ ਸੁਖੀ ਨਹੀਂ, ਜਿਨਾਂ ਕਰੇ ਜ਼ਾਹਰ।
ਕਿਸੇ ਨੂੰ ਧੋਖੇ ਵਿੱਚ ਨਾ ਰੱਖੇ, ਅਪਨਾ ਸਾਫ ਰੱਖੇ ਵਿਹਾਰ।
ਨੇਕੀ ਕਰਕੇ ਭੁਲਾ ਹਾਕਮ ਸਦਾ ਅਪਣਾ ਆਪ ਨਿਹਾਰ।

ਗ਼ਰੀਬੀ, ਬੁਰਾਈ ਦੀ ਮਾਂ ਅਤੇ ਅਗਿਆਨ ਬੁਰਾਈ ਦਾ ਬਾਪ।
ਬੁੱਧੀ ਨਸਾਏ ਗ਼ਰੀਬੀ, ਗਿਆਨ ਉਤਾਰੇ ਅਗਿਆਨ ਤਾਪ।
ਅਮੀਰੀ ਨਾਮ ਭਲਾਈ ਦਾ, ਦੂਸਰੇ ਦਾ ਦੁੱਖ ਵੰਡਾਏ ਆਪ।
ਭਲਾਈ ਕਰੇ ਹਾਕਮ ਨਾ ਡਰੇ ਡਰਾਏ ਦੇਖ ਜ਼ਾਤ ਪਾਤ।

ਡਰੇ ਡਰਾਏ ਕਮਜੋਰੀ ਦਿਖਾਏ, ਮੂਰਖਤਾ ਜਾਏ ਵੱਧ।
ਦੁਨੀਆਂ ਦੀਆਂ ਗੱਲਾਂ ਤੋਂ ਸਿੱਖ, ਚਿੜ ਨਾ, ਵਧੇ ਗਿਆਨ ਬੁੱਧ।
ਸਰਭ ਨੂੰ ਖ਼ੁਸ਼ ਕਰ ਸਕੇ ਨਹੀਂ, ਖ਼ੁਸ਼ ਰਹਿ ਸਕੇ ਖ਼ੁੱਦ।
ਹੋਏ ਖ਼ੁਸ਼ ਖ਼ੁਦ ਹਾਕਮ ਹੋਣ ਖ਼ੁਸ਼ ਸੱਭ, ਨਾ ਕਰੇ ਯੁਦ।

ਸੱਚੇ ਵਰਤਾਵ ਵਾਸਤੇ ਹੀ, ਆਪ ਸੱਚਾ ਵਰਤਾਵ ਕਰ।
ਸਦਾ ਆਪਣਾ ਮਨ ਪਵਿਤਰ ਰੱਖ, ਬੁਰੇ ਕੰਮ ਤੋਂ ਡਰ।
ਬੁਰਾ ਕੰਮ ਨਾ ਕਰਨ ਨਾਲ, ਢਹਿ ਜਾਏ ਬੁਰਾਈ ਦਾ ਘਰ।
ਸਰਬੱਤ ਦਾ ਭਲਾ ਕਰ ਹਾਕਮ ਆਪਣੀ ਝੋਲੀ ਵੀ ਭਰ।

ਬੇਗ਼ਾਨਾ ਭਲਾ ਕਰ ਪਰੰਤੂ ਸੋਚ, ਆਪਣਾ ਵੀ ਕਰ ਭਲਾ।
ਕੁੱਤੇ ਨੂੰ ਮੋਤੀ ਪਾ ਨਾ ਹਲਕਾਏ, ਸੋ ਮਰੂ ਕੱਟੂ ਕਰੂ ਝੱਲਾ।
ਭਲਾ ਨਹੀਂ ਜੋ ਭਲਾਈ ਦੇ ਨਾਂ ਥੱਲੇ ਅਪਣਾ ਲੁਆਏ ਥੱਲਾ।
ਆਪ ਸਵਾਰੇ ਮੈਂ ਭਲਾ ਹਾਕਮ ਕਿਸੇ ਅੱਗੇ ਅੱਡੇ ਨਾ ਪੱਲਾ।

ਧੰਨ ਦੀ ਕੀਮਤ ਪਛਾਨ, ਦੇਖ ਕਿਸੇ ਅੱਗੇ ਅੱਡ ਕੇ ਹੱਥ।
ਸ੍ਵੈਮਾਨ ਪਛਾਨ, ਮੰਗਤਾ ਬਣ ਗਵਾ ਨਾ, ਦੁਰਲੱਭ ਵੱਥ।
ਸੋ ਹੰ ਸੋ ਅਖੁੱਟ ਧੰਨ, ਕੌਡੀਆਂ ਬਦਲੇ ਮਾਰ ਨਹੀਂ ਝੱਖ।
ਪਹਿਲਾਂ ਖ਼ੁਦਾ, ਫਿਰ ਧੰਨ ਹਾਕਮ ਰੱਬ ਸਮਝੀਂ ਨਾ ਵੱਖ।

ਕਰੋਧੀ ਨੂੰ ਸਹਿਜ ਨਾਲ, ਮੂਰਖ ਨੂੰ ਚੁੱਪ ਨਾਲ ਪਲੋਸੇ।
ਸ਼ਰਾਰਤੀ ਨੂੰ ਚਤਰਾਈ ਨਾਲ, ਝੂਠ ਨੂੰ ਸੱਚ ਨਾਲ ਪੋਚੇ।
ਕੰਜੂਸ ਨੂੰ ਦਾਨਾਈ ਨਾਲ, ਚੋਰ ਨੂੰ ਲੜਾਈ ਨਾਲ ਦਬੋਚੇ।
ਉਧਾਰ ਲੈਣ ਦੇਣ ਤੋਂ ਪਹਿਲਾਂ ਹਾਕਮ ਕਈ ਵਾਰ ਸੋਚੇ।

ਮੰਨਣ ਯੋਗ ਗੱਲ ਲਈ, ਜਿੱਦ ਨਾ ਕਰੇ, ਫਾਇਦਾ ਉਠਾਏ।
ਪੁਰਾਨੇ ਜ਼ਖ਼ਮ ਨਾ ਖਰੋਚੇ, ਸੁੱਤੇ ਪਏ ਕੁੱਤੇ ਨਾ ਜਗਾਏ।
ਚੰਗੇ ਚ੍ਰਿਤਰ ਲਈ ਸੱਚੇ ਮਨੋਂ ਸੱਚ ਬੋਲੇ, ਸੱਚ ਬੁਲਾਏ।
ਸੋ ਕਹੇ ਜੋ ਸੁਣ ਸਕੇ ਹਾਕਮ ਨਹੀਂ ਤਾਂ ਜੀਭ ਨਾ ਚਲਾਏ।

ਕਹੇ ਸੁਣੇ ਕੰਮ ਨਹੀਂ ਬਣਦਾ, ਕਰਨੀ ਨਾਲ ਫੱਲ ਮਿਲੇ।
ਨਿਸ਼ਕਾਮ ਸਕਰਮ ਕਰੇ, ਕੰਮ ਵਿੱਚੋਂ ਮਨ ਨਹੀਂ ਹਿੱਲੇ।
ਆਪ ਨਾ ਚਾਹੇ ਕਿਸੇ ਲਈ ਨਾ ਕਰੇ, ਗੋਹੇ ਨਾ ਧੁਖਾਏ ਗਿੱਲੇ।
ਸੱਭ ਤੋਂ ਉਚਤੱਮ ਹਾਕਮ ਜੋ ਸੱਚ ਦੇ ਚੜ ਜਾਏ ਟਿੱਲੇ।

ਅਪਨੇ ਆਪ ਨਾਲ ਹੀ ਧੋਖਾ ਹੈ, ਹੋਵੇ ਗਿਦੜ ਬਣੇ ਸ਼ੇਰ।
ਬਹਾਦਰੀ ਵਾਲੇ ਕਰਮ ਕਰਕੇ, ਅੰਦਰੋਂ ਬਣੇ ਦਲੇਰ।
ਝੂਠ ਨੂੰ ਝੂਠ, ਸੱਚ ਨੂੰ ਸੱਚ, ਬਖਾਣੇ ਨਾ ਕਰੇ ਹੇਰ ਫੇਰ।
ਸੱਚ ਦੇ ਫੱਲ ਲਈ ਹਾਕਮ ਦੇਰ ਹੈ, ਪਰ ਨਹੀਂ ਅੰਧੇਰ।

ਇੱਕ ਪੱਲ ਜੀਵਨ ਸ਼ੇਰ ਦਾ ਚੰਗਾ, ਭੇਡ ਦੇ ਸੌ ਸਾਲ ਨਾਲੋਂ।
ਸਵੈਮਾਨ ਨਾਲ ਗ਼ਰੀਬ ਚੰਗਾ, ਅਧੀਨਗੀ ਦੇ ਹਾਲ ਨਾਲੋਂ।
ਕਮਾਈ ਨਾਲ ਗੁਜ਼ਾਰਾ ਚੰਗਾ, ਚੋਰਾਂ ਦੇ ਬਣਾਏ ਮਾਲ ਨਾਲੋਂ।
ਬੇਗ਼ਮ ਇੱਕ ਪੱਲ ਚੰਗਾ ਹਾਕਮ ਸੋਗੀ ਸਉ ਸਾਲ ਨਾਲੋਂ।

ਲੰਬੇ ਬੁਰੇ ਜੀਵਨ ਨਾਲੋਂ, ਉਪਕਾਰੀ ਥੋੜਾ ਜੀਵਨ ਚੰਗਾ।
ਨੀਵੀਂ ਅੱਖ ਚੰਗੀ, ਉੱਚੀ ਚੁੱਕੀ, ਮਨ ਦਾ ਹਾਲ ਕਰਦੇ ਨੰਗਾ।
ਮਾੜੀ ਨਿਗਾਹ ਮਾੜੇ ਰਾਹ ਪਾਏ, ਖੜਾ ਕਰਦੇ ਪੁੱਠਾ ਪੰਗਾ।
ਸਾਊ ਲੰਮੀ ਨਦਰ ਰੱਖੇ ਹਾਕਮ ਕਦੀ ਨਾ ਦੇਖੇ ਬੇ-ਢੰਗਾ।

ਰੰਗ ਦੁਨੀਆਂ ਦਾ ਚੜੇ ਖਿੰਨ' ਚ, ਉਤਾਰਨਾ ਬਹੁਤ ਔਖਾ।
ਗਲੇ ਲਉਣਾ ਔਖਾ ਪ੍ਰੇਮ ਨਾਲ, ਦੁਰਕਾਰਨਾ ਬਹੁ ਸੌਖਾ।
ਸੋ ਮੈਂ ਪ੍ਰਭ ਪਾਏ, ਜੋ ਪਿਆਰ ਕਰੇ, ਸੋ ਇਹ ਖੇਲ ਅਨੋਖਾ।
ਪਿਆਰ ਹੀ ਰੱਬ ਹਾਕਮ ਮਾਇਆ ਕਰਨਾ ਘਿਰਨਾ ਧੋਖਾ।

ਗੱਲਾਂ ਨਾਲ ਜੋ ਬਾਹਰੋਂ ਬਣੇ, ਉਹੋ ਹੀ ਜੇ ਅੰਦਰੋਂ ਨਾ ਬਣੇ।
ਇੱਕ ਦੂਸਰੇ ਨੂੰ ਫਸਾਉਣ ਲਈ, ਜੇ ਮਕੜੀ ਜਾਲ ਤਣੇ।
ਮਨ ਵਿੱਚ ਭੇਦ ਭਾਵ ਰੱਖੇ ਕੀੜੇ, ਬਾਹਰੋਂ ਪਾਣੀ ਪੁਣੇ।
ਆਪਣੇ ਨਾਲ ਹੀ ਧੋਖਾ ਹਾਕਮ ਜੇ ਸੱਚ ਨਾ ਕਹੇ ਨਾ ਸੁਣੇ।

ਅੰਦਰੋਂ ਸਾਧੂ ਸੰਤ ਬਣੇ, ਬਾਹਰੋਂ ਭੇਖ ਬਣਾ ਨਾ ਦਖਾਏ।
ਦੁਨੀਆਂ ਠਗਣ ਲਈ, ਨਾ ਬਾਬੇ ਗੁਰਮੁੱਖ ਨਾਮ ਧਰਾਏ।
ਧਰਮ ਦੇ ਨਾਂ ਉਤੇ ਨਾ ਲੜੇ, ਨਾ ਆਪ ਮਰੇ, ਨਾ ਹੀ ਮਰਾਏ।
ਅੰਦਰੋਂ, ਨਿੱਜ ਸੁੱਖ ਪਾ ਹਾਕਮ ਜੱਗ' ਚ ਸ਼ਾਂਤੀ ਵਰਤਾਏ।

ਨਿਮਰਤਾ ਨਾ ਕੱਟੀ ਜਾਏ ਜਿਵੇਂ ਕ੍ਰਿਪਾਨ ਨਹੀਂ ਕੱਟੇ ਕਪ੍ਹਾ।
ਹੰਕਾਰ ਹੰਕਾਰੀ ਨੂੰ ਹੀ ਮਾਰ ਫੂਕੇ, ਸਾੜਕੇ ਕਰੇ ਸੁਆਹ।
ਨੀਵੇਂ ਰੁਖਾਂ ਨੂੰ ਫਲ ਲੱਗਦੇ, ਉੱਚੇ ਸਰੂਆਂ ਨੂੰ ਲੱਗੇ ਢਾਹ।
ਨਿਮਰਤਾ ਨਾ ਛੱਡੇ ਹਾਕਮ ਹੰਕਾਰ ਨੂੰ ਪਏ ਮਾਰ ਸਦਾ।

ਸੱਚਾ ਦੋਸਤ ਹੈ ਉਹ, ਜੋ ਮਿਲਨ ਤੇ ਸਤਕਾਰ ਕਰਦਾ।
ਪਿੱਠ ਪਿੱਛੇ ਨਿਸ਼ਕਾਮ ਸਿਫਤ ਸਲਾਹ ਦੇ ਪੁੱਲ ਬਨਦਾ।
ਹਰ ਕਸ਼ਟ ਵਿੱਚ ਮਿਤਰ ਲਈ, ਜਾਨ ਤਲੀ ਤੇ ਧਰਦਾ।
ਹਮਦਰਦ ਮਿਤਰ ਨਾਲ ਹਾਕਮ ਹਰ ਕੋਈ ਤਰਦਾ।

ਕਲੀ ਤੋੜਕੇ ਸੁੰਘਣ ਵਿੱਚ, ਸਿਆਣਪ ਨਹੀਂ, ਭਲਾ ਨਹੀਂ।
ਟਾਹਣੀਉਂ ਤੋੜ ਹੱਸਦੇ ਵਸਦੇ ਫੁੱਲ, ਪੈਰੀਂ ਰਲ੍ਹਾ ਨਹੀਂ।
ਕੰਡਿਆਂ' ਚ ਮੁਸਕਰਾਂਦੇ ਫੁੱਲ ਦੇਖ, ਆਪ ਨੂੰ ਜਲਾ ਨਹੀਂ।
ਮਰਕੇ ਖੁਸ਼ਬੂ ਵੰਡੇ ਹਾਕਮ ਕਿਸੇ ਤੇ ਕਰੇ ਗ਼ਿਲਾ ਨਹੀਂ।

ਜੀਵਨ ਖੇੜ੍ਹਾ ਖਿੜ੍ਹਿਆ, ਖ਼ੁਸ਼ੀ ਦੀ ਮਹਿਕ ਨਿਰਾਲੀ ਨਿਰਾਲੀ।
ਹਿਰਦੈ ਦੇ ਪੰਛੀ ਚਹਿਕਨ, ਉੱਡਦੇ ਫਿਰਨ ਡਾਲ੍ਹੀ ਡਾਲ੍ਹੀ।
ਮਸਤੀ ਦੇ ਰੰਗ' ਚ ਰੰਗੇ ਸਾਰੇ, ਕੋਈ ਨਾ ਦਿਸੇ ਖਾਲੀ ਖਾਲੀ।
ਹਰ ਵੇੜੇ ਖੇੜ੍ਹਾ ਹਾਕਮ ਜੇ ਚੰਗਾ ਬਣੇ ਹਰ ਮਾਲੀ ਮਾਲੀ।

ਦੇਖੋ! ਫੁੱਲ ਖਿੜ੍ਹੇ ਕੰਡਿਆਲੀ ਵਾੜ ਵਿੱਚ, ਹੱਸਦੇ ਹੱਸਦੇ।
ਗੱਲਾਂ ਗੱਲਾਂ ਵਿੱਚ ਦੁੱਖੀ ਰਗ ਛੇੜੋ ਨਹੀਂ, ਹੱਸਦੇ ਹੱਸਦੇ।
ਇੱਕ ਇਸ਼ਾਰਾ ਬੇਗ਼ਾਨਾ ਬਣਾ ਦਿੰਦਾ ਹੈ, ਹੱਸਦੇ ਹੱਸਦੇ।
ਹਾਸੇ ਦਾ ਰੰਗ ਹਾਕਮ ਹਰੇਕ ਤੇ ਚੜੇ, ਹੱਸਦੇ ਹੱਸਦੇ।

ਪਰੇਸ਼ਾਨੀ ਵਿੱਚ ਖਿੜਨ ਦਾ, ਨਾ ਹੱਸਣ ਦਾ ਆਏ ਸਲੀਕਾ।
ਖ਼ੁਸ਼ਦਿਲ ਬਣ, ਸੋਹਣਾ ਬਣਨ ਦਾ ਫਿਰ ਆਏ ਤਰੀਕਾ।
ਦੂਈ ਦੂਰ ਕਰ, ਧਰਤੀ ਹੀ ਸੁਰਗ ਬਣੇ ਇੰਦ੍ਰਪਰੀਕਾ।
ਮਾਨਸ ਦੀ ਜਾਤ ਇੱਕੋ ਹਾਕਮ ਹਰ ਬੰਦਾ ਰੂਪ ਹਰੀਕਾ।

ਪਿਆਰ ਕਰੇ ਪ੍ਰੇਮ ਮਿਲੇ, ਪਿਆਰ ਅਰਸੋਂ ਵਰਦਾ ਨਹੀਂ।
ਪਿਆਰ ਹੀ ਭਗਵਾਨ ਹੈ, ਪਿਆਰ ਹਟੀਉਂ ਲਭਦਾ ਨਹੀਂ।
ਪ੍ਰੇਮੀ ਪ੍ਰੇਮ ਕਰੇ ਨਿਸ਼ਕਾਮ, ਸਨੇਹ ਕੁੱਝ ਮੰਗਦਾ ਨਹੀਂ।
ਪਿਆਰ ਕਰੇ ਸੋ ਯਾਰ ਪਾਏ ਹਾਕਮ ਮੁੱਲ ਲਗੱਦਾ ਨਹੀਂ।

ਪਿਆਰ ਪਛਾਨ ਹੈ ਕਬਜ਼ਾ ਨਹੀਂ, ਇਹ ਮਿਲਦਾ ਨਾ ਮੰਗੇ।
ਹੁਸੱਨ ਪ੍ਰੇਮ ਫੁੱਲ ਮਾਨਣ, ਜੇ ਤੋੜੇ ਚੁਭਨ ਕੰਡੇ।
ਸੂਲਾਂ ਵਿੱਚ ਰਹਿਕੇ, ਹੋਰਨਾਂ ਨੂੰ ਪਿਆਰ ਦੀ ਮਹਿਕ ਵੰਡੇ।
ਕੰਡਿਆਂ ਵਿੱਚ ਹੱਥ ਪਾਕੇ ਹਾਕਮ ਨਾ ਤੋੜੇ, ਨਾ ਗਾਲੇ ਗੰਡੇ।

ਫੁੱਲ ਕੰਡਿਆਂ ਵਿੱਚ ਰਹਿਕੇ ਵੀ, ਵੰਡੇ ਸੁਗੰਧੀ ਨਾਲ ਪ੍ਰੇਮ।
ਕੰਡੇ ਖਾਕੇ ਤੋੜਨ, ਮੱਥੇ ਅੱਖੀਂ ਲਾਕੇ, ਸਿਰਤੇ ਟੁੰਗ ਲੈਣ।
ਇਜ਼ਤ ਸਤਕਾਰ ਦੁਆਵੇ, ਇਹੀ ਪ੍ਰੇਮ ਦਾ ਇੱਕ ਨੇਮ।
ਧਰਮੀ ਬਣਕੇ ਹਾਕਮ ਬੰਦਾ ਬਣਿਆ ਬੰਦੇ ਲਈ ਡੈਣ।

ਜੇ ਹੱਕ ਮਾਰਨ ਵਾਲੇ ਆਗੂ ਹੋਣ, ਤਾਂ ਹੱਕ ਕਿੱਥੋਂ ਲਭਨ।
ਜੋ ਉਪਰੋਂ ਥੋਥੇ ਧਰਮੀ, ਅੰਦਰ ਚੋਰੀ ਦਾ ਮਾਲ ਦਬਨ।
ਕਥਾ ਥੋਥੇ ਗਿਆਨ ਦੀ, ਫਸੇ ਪਾਸ ਕਾਣੀ ਕੌਡੀ ਨਾ ਛੱਡਨ।
ਬਾਹਰੋਂ ਧਾਰਮਿਕ ਹਾਕਮ ਅੰਦਰੋਂ ਕਾਲੇ ਨਾਗ ਡੱਸਨ।

ਸਾਰੀ ਉਮਰ ਮਾਇਆ ਪਿੱਛੇ ਲਗਕੇ ਰਹਿੰਦੇ ਭਟਕਦੇ।
ਸੱਪ ਦੀ ਖੁੱਡ ਵਿੱਚ ਹੱਥ ਪਾਕੇ, ਕਾਣੀ ਕੋਡੀ ਨਹੀਂ ਛੱਡਦੇ।
ਧੰਨ ਭੁੱਖੇ, ਰਹਿਬਰ ਬਣਕੇ, ਰਾਹ ਸੁਰਗਾਂ ਦਾ ਦਸਦੇ।
ਆਪ ਨਰਕੀਂ ਰਹਿਕੇ ਹਾਕਮ ਜੱਮ ਦੀ ਫਾਸ' ਚ ਫਸਦੇ।

ਵਿਆਪਕ ਹੋਣ ਲਈ, ਭੀੜ ਦਾ ਤਿਆਗ ਕਰਨਾ ਪਏਗਾ।
ਭੀੜ ਛੱਡਕੇ ਇਕੱਲੇ, ਖੰਡੇ ਦੀ ਧਾਰ ਤੇ ਤੁਰਨਾ ਪਏਗਾ।
ਸੱਤ ਮਾਰਗ ਔਖਾ ਹੈ, ਭੀੜ ਦੇ ਉਲਟ ਮੁੜਨਾ ਪਏਗਾ।
ਉਤੇ ਝੱਗ ਹਾਕਮ ਮੋਤੀ ਲਈ ਪਾਣੀ' ਚ ਵੜਨਾ ਪਏਗਾ।

ਮਨੁੱਖਾ ਦੇਹੀ ਪਾਕ ਧਰਤੀ' ਚੋਂ, ਮਹਿਕਦੇ ਫੁੱਲ ਖਿੜਦੇ।
ਕੰਡਿਆਂ ਵਿਚਕਾਰ ਸੁਗੰਧ ਵੰਡਦੇ, ਨਾ ਭੀੜ' ਚ ਵੜਦੇ।
ਥੋਥੇ ਧਰਮ ਦੇ ਦਹਿਕਦੇ ਅੰਗਾਰਾ ਵਿੱਚ ਨਹੀਂ ਸੜਦੇ।
ਇੱਕ' ਚ ਮੈਂ ਪਰੋਕੇ ਹਾਕਮ ਹਰ ਗਲ ਦਾ ਹਾਰ ਬਣਦੇ।

ਭੀੜ ਵਧਦੀ ਹੀ ਜਾ ਰਹੀ ਹੈ, ਮਨੁੱਖਤਾ ਜਾਂਦੀ ਹੈ ਘਟਦੀ।
ਕੰਡਿਆਲੇ ਝਾੜ ਵਧੀ ਜਾ ਰਹੇ ਹਨ, ਛਾਂ ਜਾਂਦੀ ਹੈ ਘਟਦੀ।
ਇੱਕ ਚੁੱਪ ਸੌ ਸੁੱਖ, ਬੋਲਨ ਨਾਲ ਸ਼ਾਂਤੀ ਜਾਂਦੀ ਹੈ ਘਟਦੀ।
ਲੜਾਈ ਝਗੜਾ ਵਧੇ ਹਾਕਮ ਕਮਾਈ ਜਾਂਦੀ ਹੈ ਘਟਦੀ।

ਚੁੱਪ ਰਹਿ ਅੱਖ ਮੀਟਾਂ ਝੂਠ ਪਖੰਡ ਨੂੰ ਨਹੀਂ ਦੇਵੇ ਹਵਾ।
ਸੱਚ ਹੱਕ ਤੇ ਪਹਿਰਾ ਦੇਕੇ, ਲੁਟੇਰੀ ਧਾੜ ਦੇਵੇ ਭਜਾ।
ਭੋਲੀ ਭਾਲੀ ਫਸੀ ਜੰਤਾ ਨੂੰ, ਦੰਭੀਆਂ ਦੇ ਜਾਲ' ਚੋਂ ਲਵੇ ਛਡਾ।
ਸੋ ਧੰਨ! ਜੱਗ ਆਇਆ ਹਾਕਮ ਜੋ ਭਰਮਾਂ ਤੋਂ ਲਵੇ ਬਚਾ।

ਮੰਜ਼ਲ ਸੌਖੀ ਸੀ, ਉਲਝਾਤੀ ਭਰਮਾਂ' ਚ, ਥੋਥੇ ਗੁਰੂ ਪੀਰਾਂ।
ਨਰਕ ਸੁਰਗ ਬਣਾ, ਜਨਮਾਂ' ਚ ਪਾਤੇ ਲਾਕੇ ਲਾਰੇ ਹੀਰਾਂ।
ਨਵੇਂ ਘਰ ਦੇ ਲਾਰੇ, ਹੱਥਲਾ ਘਰ ਢਾਹਕੇ, ਕਰਤਾ ਲੀਰਾਂ।
ਇੱਟਾਂ ਗੁਰੂ ਲੈ ਗਏ ਹਾਕਮ ਲੋਕ ਫਿਰਦੇ ਹਾਲ ਫਕੀਰਾਂ।

ਕੋਈ ਨਹੀਂ ਸਮਝਾਏ, ਦੁਨੀਆਂ ਮਿਥਿਆ ਸੁਪਨ ਸਮਾਨ।
ਜੱਗ ਸਰਾਂ, ਰੈਨ ਬਸੇਰਾ, ਚੰਦ ਰੋਜ ਦੇ ਹਨ ਮਹਿਮਾਨ।
ਸਰਾਂ ਵਾਸਤੇ ਲੜਨ, ਇੱਕ ਹੱਥ ਛੁਰਾ, ਦੂਜੇ ਕਿਰਪਾਨ।
ਇੱਕ ਦੂਜੇ ਨੂੰ ਮਾਰਕੇ ਹਾਕਮ ਖੁਸ਼ ਕਰਨ ਭਗਵਾਨ।

ਆਪਣੀ ਨਿੱਜੀ ਖ਼ੁਸ਼ੀ ਲਈ, ਧੋਖਾ ਦੇਣਾ ਠੀਕ ਅਸੂਲ ਨਹੀਂ।
ਦੀਵੇ ਲਈ ਘਰ ਸਾੜਨਾ, ਸੋ ਅਕਲ ਕਬੂਲ ਨਹੀਂ।
ਥੋਥੇ ਧਰਮ ਲਈ ਲੋਕ ਮਾਰਨੇ, ਛੋਟੀ ਮੋਟੀ ਭੂਲ ਨਹੀਂ।
ਪਿਆਰ ਵੰਡ ਹਾਕਮ ਏਕਤਾ ਦਾ, ਫੁੱਲ ਬਣ ਸੂਲ ਨਹੀਂ।

ਥੌਥੇ ਧਰਮੀ ਪੰਥੀ ਠੋਕਰ ਬਣੇ, ਅਨੁਭਵ ਦੇ ਰਾਹ ਦੀ।
ਝੂਠੇ ਗੂਰੂ ਸੰਤ ਬਣ, ਭਰਾ ਤੋਂ ਇਜ਼ਤ ਲੁਹਾਈ ਭਰਾ ਦੀ।
ਧਰਤੀ ਨੂੰ ਨਰਕ ਬਣਾਕੇ, ਝਾਕ ਰਖਾਈ ਦਰਗਾਹ ਦੀ।
ਰੱਬ ਨਾਲ ਜੋੜਕੇ ਹਾਕਮ ਥਾਹ ਨਾ ਪੁਆਈ ਅਥਾਹ ਦੀ।

ਬੇਕਸੂਰਾਂ ਦਾ ਲਹੂ, ਜਿਹੜੇ ਧਰਮ ਦੇ ਨਾਂ ਤੇ ਡੁਲਦਾ ਹੈ।
ਉਹ ਇੱਕ ਦਿਨ ਮਰ ਮਿਟਦਾ ਹੈ, ਪੈਰਾਂ ਥੱਲੇ ਰੁਲਦਾ ਹੈ।
ਅਜੇਹਾ ਧਰਮ ਹੀ ਧਰਮ ਨਹੀਂ ਹੈ, ਤੇਲ ਉਬਲਦਾ ਹੈ।
ਕਾਲਾ ਨਾਗ ਹੈ ਹਾਕਮ ਹਰ ਸਮੇਂ ਜ਼ਹਿਰ ਉਗਲਦਾ ਹੈ।

ਸੱਭ ਫੁੱਲਾਂ ਦਾ ਬਾਗ਼' ਚ, ਬਰਾਬਰ ਦਾ ਹੱਕ ਹੈ ਮਾਲੀ ਲਈ।
ਇੱਕ ਮੂਲ, ਇੱਕ ਮੁੱਡ, ਇੱਕ ਹੀ ਪਰਵਾਰ ਹੈ, ਡਾਲੀ ਲਈ।
ਰੱਬ, ਕੁਦਰੱਤ ਵੰਡਨਾ, ਧ੍ਰਿਕਾਰ ਧਰਮ ਜਾਲ੍ਹੀ ਲਈ।
ਥੋਥਾ ਧਰਮੀ ਨਾ ਬਣ ਹਾਕਮ ਜੱਗ ਦੀ ਮੰਦਹਾਲੀ ਲਈ।

ਅੱਜ ਬੰਦਾ ਸ਼ੇਰ ਤੋਂ ਨਹੀਂ ਡਰਦਾ, ਬੰਦੇ ਤੋਂ ਬੰਦਾ ਡਰਦਾ।
ਪੱਕੀਆਂ ਕੰਧਾਂ ਬਣਾ, ਤਾਲੇ ਲਾਕੇ, ਡਰਦਾ ਅੰਦਰ ਵੜਦਾ।
ਬੰਦਾ ਬੰਦੇ ਦਾ, ਪੰਥੀ ਭੇਖ ਦੇਖ, ਡਰ ਨਾਲ ਜਾਏ ਮਰਦਾ।
ਧਰਮੀ ਹੀ ਹਾਕਮ ਧਰਮੀ ਨੂੰ ਦੇਖ, ਥਰ ਥਰ ਕੰਬਦਾ।

ਸਾਰੀ ਭੀੜ ਨਾਮ ਜਪਦੀ, ਗਾਹਲਾਂ ਦੀ ਬੁਛਾੜ ਕਿੱਥੋਂ ਆਈ?
ਸੱਭ ਦੇ ਹੱਥੀਂ ਮਾਲਾ, ਵਸਦੇ ਘਰੀਂ ਫੂਕ ਸਾੜ ਕਿੱਥੋਂ ਆਈ?
ਸਭਨੀਂ ਮੱਥੀਂ ਧਰਮੀ ਟਿੱਕੇ, ਮੱਥੇਪਾੜ ਡਾਂਗ ਕਿੱਥੋਂ ਆਈ?
ਹੱਥਾਂ' ਚ ਫੁੱਲ ਹਾਕਮ ਪੱਥਰ ਮਾਰੀ ਦੀ ਮਾਰ ਕਿੱਥੋਂ ਆਈ?

ਅਗਿਆਨ ਅੱਗੇ ਸਿਰ ਝੁਕਾ ਨਹੀਂ, ਇਸਨੂੰ ਬਲ ਮਿਲੇਗਾ।
ਗੁਆਂਡੀਆਂ ਦਾ ਘਰ ਸਾੜ ਨਹੀਂ, ਅਪਣਾ ਵੀ ਜਲ ਬਲੇਗਾ।
ਸਰਬੱਤ ਦੀ ਮੰਗ ਸੁੱਖ ਸ਼ਾਂਤੀ, ਸਰਵ ਦਾ ਦੁੱਖ ਟਲੇਗਾ।
ਹਰ ਹਰ ਰੂਪ ਜਾਣ ਹਾਕਮ ਹਰ ਹੀ ਹਰ' ਚ ਰਲੇਗਾ।

ੳ – ਊੜਾ ਉੱਠ ਜਾਗ, ਸੱਤ ਲੱਗ, ਮੋਹ' ਚ ਘੁਰਾੜੇ ਮਾਰ ਨਹੀਂ।
ਅਗਿਆਨ ਨੀਂਦ ਤੱਗ, ਸੱਚ ਲੱਭ, ਵਧੇ ਹੰਕਾਰ ਨਹੀਂ।
ਗਿਆਨ ਜਗ੍ਹਾ, ਸੁੱਖ ਵਧਾ, ਹੋਏ ਕਦੀ ਲਾਚਾਰ ਨਹੀਂ।
ਆਪਾ ਜਾਨਣਾ ਹਾਕਮ ਇਸਤੋਂ ਚੰਗੀ ਹੋਰ ਕਾਰ ਨਹੀਂ।

ਅ – ਆੜਾ ਅੱਖ ਖੁਲ੍ਹੀ, ਨਦਰੀਂ ਆਇਆ, ਹਰ ਵਿੱਚ ਰਹਾਏ ਰੱਬ।
ਏਕ ਤੋਂ ਅਨੇਕ ਹੋਏ, ਅੰਤ ਏਕ ਵਿੱਚ ਹੀ ਸਮਾਏ ਸੱਭ।
ਭੇਦ ਖੁਲ੍ਹੇ ਸੱਭ, ਏਕ ਨਾਲ ਏਕ ਹੋ, ਦੂਈ ਮਿਟਾਏ ਜੱਬ।
ਹੋਏ ਅਭੇਦ ਹਾਕਮ ਮਿਟੇ ਭੇਦ, ਮੁਕਤ ਕਹਾਏ ਤੱਬ।

ੲ – ਈੜੀ ਈਰਖਾ ਦਵੈਸ਼ ਤਜ, ਹਰ ਇੱਕ ਵਿੱਚ ਇੱਕ ਜੱਪ।
ਮੈਂ ਦੇਹੀ ਅਭਿਮਾਨ ਨਾ ਰੱਖ, ਨਾ ਮਾਰ ਕੁਆਂਟਲ ਦੇ ਗੱਪ।
ਪਾ ਆਪੇ ਦਾ ਗਿਆਨ, ਨੱਠੇ ਕਲਪਤ ਜੱਗ, ਰੱਸੀ ਦਾ ਸੱਪ।
ਆਪੇ ਦੀ ਸੋਹਝੀ ਰੱਖ ਹਾਕਮ ਬਾਕੀ ਸੱਭ ਵਹਿਮ ਠੱਪ।

ਸ – ਸਸਾ ਸਾਖੀ ਸਤ ਚਿੱਤ ਅਨੰਦ ਬ੍ਰਹਮ ਸਵੈਰੂਪ ਤੇਰਾ।
ਦ੍ਰਿਸ਼ਟਮਾਨ ਦੇਹੀ ਦਾ ਮਾਲਕ ਤੂੰ, ਨਹੀਂ ਕੁੱਝ ਹੇਰਾ ਫੇਰਾ।
ਮਾਲਕ ਮਲਕੀਅਤ ਨਹੀਂ ਹੋ ਸਕਦਾ, ਸੋਚ ਇੱਕ ਵੇਰਾ।
ਦੇਹੀ ਨਹੀਂ, ਤੂੰ ਮਾਲਕ ਹਾਕਮ ਇਹ ਬੰਨ ਸਿਰ ਸੇਹਰਾ।

ਹ – ਹਾਹਾ ਹਰ ਰੂਪ ਤੇਰਾ, ਹਰ ਪਾਸੇ ਤੇਰਾ ਹੀ ਪਸਾਰਾ।
ਇਹ ਕੁਦਰੱਤ ਦੀ ਖੇਡ, ਤੂੰ ਦੇਖ ਤਮਾਸ਼ਾ, ਖੜ ਨਿਆਰਾ।
ਕਾਦਰ ਤੂੰ, ਕੁਦਰਤ ਕਾਇਨਾਤ, ਮਦਾਰੀ ਦਾ ਖੇਲ ਸਾਰਾ।
ਅਨਾਦੀ ਅਮਰ ਹਾਕਮ ਅਕਾਲ ਅਟੱਲ ਤੂੰ ਹੈਂ ਅਪਾਰਾ।

ਕ - ਕਕਾ ਕਾਇਆ ਦੀ ਕਰੇ ਨਾ ਮੈਂ ਮਮਤਾ ਹਉਮੈ ਅਭਿਮਾਨ।
ਆਪਾ ਮੈਂ ਸ਼ਾਖਸ਼ੀ ਪਛਾਣੇ, ਤਜ ਮਾਇਆ ਮੋਹ ਅਗਿਆਨ।
ਹਰ ਸਮੇਂ ਜਾਣੀਜਾਣ ਬਣ ਵਾਚੇ ਧਿਆਤਾ ਧੇਯ ਧਿਆਨ।
ਵੱਡਭਾਗ ਹੋਏ ਹਾਕਮ ਪੁਰਖੁ ਪਾਏ ਬ੍ਰਹਮ ਗਿਆਨ।

ਖ - ਖਖਾ ਖਸਮ ਵਿਸਾਰੇ, ਨਾਉਂ ਪਏ ਅਖਸਮੀ, ਕਮਜਾਤ।
ਸਹੁ ਪਾਏ ਸੁਹਾਗਨ ਹੋਏ, ਸੁੱਖ ਹੰਡਾਏ ਦਿਨ ਰਾਤ।
ਕਰਮ ਕਰਦੀ ਨਿਹਕਰਮੀ ਹੋਏ, ਅਥਾਹ ਸੁੱਖ ਪਾਤ।
ਰਾਂਝਾ ਮਿਲ ਰਾਂਝਾ ਹੋਏ ਹਾਕਮ ਸ਼ਰਮਾਏ ਹੀਰ ਕਹਾਤ।

ਗ - ਗੱਗਾ ਗ਼ੁਮਾਨ ਨਾ ਕਰੀਂ, ਧੰਨ ਮਾਲ ਜੋਬਨ ਚਾਰ ਦਿਹਾੜੇ।
ਇੰਦਰੀਆਂ ਗੋ ਨੂੰ, ਬਿੰਦ ਪ੍ਰੇਰੇ, ਇਸ ਨਾਲ ਨਾ ਕਦੀ ਬਿਗਾੜੇ।
ਗੋਬਿੰਦ ਜੱਪ, ਗੋਬਿੰਦ ਹੋਜਾ, ਹਰ ਸਮੇਂ ਜੋ ਨਾਲ ਤਿਹਾੜੇ।
ਹਰ ਹੀ ਹਰ ਹੈ ਹਾਕਮ ਫੁੱਲ ਬਣਕੇ ਮਹਿਕ ਖਿਲਾੜੇ।

ਘ - ਘੱਘਾ ਘੋਗੜ ਕਾਗ ਨਾ ਬਣੇ, ਹੰਸ ਬਣ ਦੁੱਧੋਂ ਪਾਣੀ ਛਾਣੇ।
ਹੰਸ ਬੁੱਧੀ ਕਰ, ਮਾਇਆ' ਚ ਮਿਲਿਆ, ਆਪਾ ਰਾਮ ਪਛਾਣੇ।
ਕਾਇਆ ਦ੍ਰਿਸ਼ ਜਾਣਕੇ, ਸ਼ਾਖਸ਼ੀ ਆਪ ਮੈਂ, ਵੱਖ ਜਾਣੇ।
ਬ੍ਰਹਮ ਗਿਆਨ ਪਾ ਹਾਕਮ ਸੋ ਮੈਂ ਪਛਾਣੇ, ਖ਼ੁਸ਼ੀਆਂ ਮਾਣੇ।

ਙ - ਙੰਙਾ ਙੰਗਨਾ ਕੱਚ ਦਿਆ ਕੱਚਿਆ, ਇੱਕ ਦਿਨ ਭੱਜ ਜਾਣਾ।
ਹੱਸ ਖੇਹੜ ਲੈ, ਖ਼ੁਸ਼ੀਆਂ ਮਾਣ ਲੈ, ਸੱਭ ਕੁੱਝ ਛੱਡ ਜਾਣਾ।
ਹੱਸਦੇ ਰਹੇ, ਹੱਸਦੇ ਗਏ, ਜਿਨ੍ਹਾਂ ਹੱਸਨ ਦਾ ਚੱਜ ਜਾਣਾ।
ਹਰ ਹਾਸਾ ਹੈ ਹਾਕਮ ਹਾਸਾ ਹੱਸਦੇ ਹੱਸਦੇ ਹੱਸ ਜਾਣਾ।

ਚ – ਚੱਚਾ ਚਾਰ ਰੋਜ਼ ਦੀ ਹੈ ਚਾਂਦਨੀ, ਫਿਰ ਕਾਲੀ, ਅੰਧੇਰੀ ਰਾਤ।
ਜੋਬਨ ਵਿੱਚ ਜੋਰੂ ਲੁੱਟਿਆ, ਰੁੱਝ ਗਿਆ ਪਹਿਨਣ ਖਾਤ।
ਧੰਨ ਜੋੜਨ' ਚ ਸਮਾਂ ਗਿਆ, ਸਮਝੀ ਨਾ ਗਿਆਨ ਦੀ ਬਾਤ।
ਆਏ ਮੌਤ ਹਾਕਮ ਵਾਰਸ ਰੱਬ ਵੱਲ ਧਿਆਨ ਲਗਾਤ।

ਛ – ਛੱਛਾ ਛਾਇਆ ਪਿੱਛੇ ਲੱਗ, ਮਨੁੱਖਾ ਦੇਹੀ ਗਵਾ ਲਈ ਸਾਰੀ।
ਸਮਝ ਨਹੀਂ ਪਾਈ, ਆਪੇ ਸੋ ਮੈਂ ਦੀ, ਧੰਦਿਆਂ ਨੇ ਮੱਤ ਮਾਰੀ।
ਖੁੱਭੀ ਝੂਠ' ਚ ਬੁਧੀ ਨੂੰ, ਸੱਚ ਵਿਚਾਰ ਮਿਸ਼ਰੀ, ਲੱਗੇ ਖਾਰੀ।
ਕੁੱਝ ਨਹੀਂ ਵਿਗੜਿਆ ਹਾਕਮ ਜੇ ਸੱਚ ਨਾਲ ਲਾਏਂ ਯਾਰੀ।

ਜ – ਜੱਜਾ ਜੁਦਾ ਜਿਸਨੂੰ ਜਾਣਦਾ ਏਂ, ਤੇਰਾ ਅਪਨਾ ਆਪ ਖ਼ੁਦਾ।
ਸੂਖਸ਼ਮ ਤੇ ਸੂਖਸ਼ਮ ਕਰ ਚੀਨੇ, ਜਾਪੇਗਾ ਨਹੀਂ ਜੁਦਾ।
ਜ਼ਾਹਰਾ ਜ਼ਹੂਰ, ਹਾਜ਼ਰਾ ਹਜ਼ੂਰ, ਨੇੜੇ ਤੋਂ ਨੇੜੇ ਹੈ ਸਦਾ।
ਤੂੰ ਹੀ ਤੂੰ ਹਾਕਮ ਆਦਿ ਜੁਗਾਦੀ ਅਨਾਦੀ ਬੇਅੰਤ ਬੇਹੱਦਾ।

ਝ – ਝੱਝਾ ਝਗੜਾ ਕਰੇਂ, ਧਰਮਾਂ ਦੇ ਨਾਂ ਤੇ, ਝਗੜਾਲੂ ਨਿਲੱਜਾ।
ਮੰਦਰ ਪੈਸੇ ਦੇ ਠੇਕੇ ਬਣਾਏ, ਵੇਚ ਸ਼ਰਮ ਹਯਾ ਲੱਜਾ।
ਧਰਮ ਨਾਲ ਮੱਤ ਮਾਰ, ਪੈਸਾ ਮੰਗਨ, ਲੜਾਕੇ ਪਰਜਾ।
ਪੈਸੇ ਅੰਨੇ ਕੀਤੇ ਹਾਕਮ ਲਲਕਾਰਦੇ ਮਾਰ ਜਾਂ ਮਰਜਾ।

ਞ – ਞੰਞਾ ਞਾਨ ਬੁੱਝਕੇ ਕਾਜ ਵਿਗਾੜੇ, ਥੋਥੀ ਚੌਧਰ ਖ਼ਾਤਰ।
ਇਹ ਬੂਰ ਦੇ ਲੱਡੂ ਹੱਥ ਨਾ ਆਵਨ, ਜੋ ਦੇਖਣ ਮਾਤਰ।
ਅਹਿਲਾ ਜਨਮ ਗਵਾਇਆ, ਬਣ ਆਗੂ ਧੋਖੇ ਦਾ ਪਾਤਰ।
ਫਾਹੀ' ਚ ਫਸਾਇਆ ਹਾਕਮ ਆਪਣੀ ਚਤੁਰਾਈ ਚਾਤਰ।

ਟ - ਟੈਂਕਾ ਟੱਲ ਵਜਾ, ਟਰੱਕਾਂ' ਚ ਧਰਮ ਚੜ੍ਹਾ, ਕੱਡੇ ਜਲੂਸ।
ਗਲੀ ਮਹੱਲੇ, ਅਗਿਆਨ ਵੰਡਨ, ਗਿਆਨ ਪੱਖੋਂ ਕੰਜੂਸ।
ਦੂਸਰੇ ਮੱਤ ਵਾਲੇ, ਪੱਥਰ ਮਾਰਨ, ਕਹਿਨ ਮਨਹੂਸ।
ਭਗਦੜ ਵਿੱਚ ਹਾਕਮ ਇੱਕ ਦੂਜੇ ਦਾ ਕੱਡ ਦੇਣ ਜੂਸ।

ਠ - ਠੱਠਾ ਠੱਲ ਨਾ ਪਏ, ਠਾਠਾਂ ਮਾਰਦੇ, ਅਗਿਆਨ ਸਾਗਰ ਨੂੰ।
ਨੇੜੇ ਆਏ ਰੁੜਦਾ ਜਾਏ, ਕੱਛੇ ਮਾਰ ਸ਼ਰਧਾ ਗਾਗਰ ਨੂੰ।
ਭੇੜ ਭੀੜ ਕਉਣ ਖੰਡਾਏ, ਸਮਝਾ ਉਜ੍ਹਾਲੀ ਜਾਬਰ ਨੂੰ।
ਬਾਬੇ ਵਧਾਈ ਜਾਨ ਹਾਕਮ ਧਰਮੀ ਰਾਮ ਰੌਲੇ ਝਾਗਰ ਨੂੰ।

ਡ - ਡੱਡਾ ਡੱਡੂ ਬਣਕੇ, ਨੱਚਨ ਬੱਗ ਅੱਗੇ, ਖਾਦੇ ਜਾਨ ਲਈ।
ਇੱਕ ਕਾਹਲੇ ਖਾਣਾ ਬਣਨ ਲਈ, ਇੱਕ ਬੈਠੇ ਖਾਨ ਲਈ।
ਦੇਣ ਗ਼ਰੀਬੀ ਹਟਾਨ ਨੂੰ, ਇੱਕ ਲੈਣ ਵਧਾਨ ਤਾਨ ਲਈ।
ਦੇਕੇ ਧੰਨ ਘਟੇ ਹਾਕਮ ਲੈ ਧੰਨ ਵਧੇ ਖੇਹ ਖਾਨ ਲਈ।

ਢ -ਢੱਡਾ ਢਾਹਕੇ ਚਾਰੇ ਢੇਰੀਆਂ, ਲੱਗੇ ਆਪੇ ਸਾਖੀ ਸ਼ਰਨ।
ਧਰਮ ਅਰਥ ਕਾਮ ਮੋਖ ਲਈ, ਨਾ ਫੜੀਂ ਜੜ ਦੇ ਚਰਨ।
ਸਿਰ ਚੁੱਕ ਕੇ ਜੀਣਾ ਹੈ ਮਨੁੱਖਤਾ, ਮਨੁੱਖ ਦਾ ਹੈ ਧਰਮ।
ਅਗਿਆਨ ਧਰਮ ਛੱਡ ਹਾਕਮ ਜਾਣ ਗਿਆਨ ਕਰਮ।

ਨ - ਨਨਾ ਨਕਲੀ ਨਰਾਇਣ ਬੁੱਕ ਬੁੱਤ ਨਾਲ ਨਾ ਰੱਖ ਵਾਹ।
ਜੜ ਪੂਜਕੇ, ਜੜ ਬਣ ਜਾਏਗਾ, ਜੈਸੀ ਚਾਹ ਵੈਸਾ ਰਾਹ।
ਜੜ ਸੁਧਾਰੇ ਨਾ ਸ਼ੰਕਾ ਨਿਵਾਰੇ, ਪਰ ਅਧੀਨ ਨਿਰ ਸਾਹ।
ਗਿਆਨ ਬੁੱਧੀ ਪਾ ਹਾਕਮ ਬਿਨੁ ਚੇਤਨ ਨਾ ਕਰੀਂ ਵਸਾਹ।

ਤ – ਤੱਤਾ ਤੱਤ ਵੇਤਿਆਂ ਵੱਲ ਚੱਲ, ਜਿਨ੍ਹਾਂ ਇੱਕ ਦੀ ਸਾਰ ਹੋਈ।
ਭੇਖੀ ਦੰਭੀਆਂ ਤੋਂ ਮੂੰਹ ਮੋੜ, ਜਿਨ੍ਹਾਂ ਮਾਇਆ ਦੀ ਮਾਰ ਹੋਈ।
ਦੇਹੀ ਵਾਸਤੇ ਨੱਕ ਰਗੜਨੇ, ਬਹੁਤ ਮਾੜੀ ਕਾਰ ਹੋਈ।
ਤੱਤਸਾਰ ਪਾਈ ਹਾਕਮ ਜੱਦੋਂ ਬੁੱਧੀ ਖੰਡੇ ਦੀ ਧਾਰ ਹੋਈ।

ਥ – ਥੱਥਾ ਥਾਹ ਪਾ ਅਥਾਹ ਦੀ, ਸ਼ਾਹਰਗ ਤੋਂ ਨੇੜੇ ਹੂੰ ਤੇ ਨੇੜੇ।
ਬੁੱਧੀ ਤੋਂ ਲਾਹ ਅਗਿਆਨ ਦੇ ਪੜਦੇ, ਹੈ ਅੜਿਕਾ ਜਿਹੜੇ।
ਅਥਾਹ ਨਾਲ ਰਲ ਅਥਾਹ ਹੋਜਾ, ਛੱਡ ਝਗੜੇ ਝਿਹੜੇ।
ਸਹੁ ਦੇ ਰੰਗ' ਚ ਰੰਗ ਜਾ ਹਾਕਮ ਛੱਡਕੇ ਪੇਕੇ ਖਿਹੜੇ।

ਦ – ਦਦਾ ਦੋਸ਼ ਨਾ ਦੂਜੇ ਨੂੰ ਦੇ, ਦੋਸ਼ ਦੇ ਆਪਾ ਮੈਂ ਭੁੱਲੀ ਸੋਚ ਨੂੰ।
ਦੂਈ ਪਿੱਛੇ ਲੱਗਕੇ ਦੂਜਾ ਹੋਇਆ, ਭੁੱਲ ਗਿਆ ਸੋ ਇੱਕ ਤੂੰ।
ਇੱਕ ਮਿਲ ਇੱਕ ਵਿਆਪਕ ਹੋਜਾ, ਛਿੱਜੇ ਨਹੀਂ ਇੱਕ ਵੀ ਲੂੰ।
ਦੇਹੀ' ਚ ਅੰਨੇ ਬੋਲਿਆਂ ਦੇ ਹਾਕਮ ਸਰਕੇ ਨਾ ਕੰਨ ਤੇ ਜੂੰ।

ਧ – ਧਧਾ ਧੰਦੇ ਦੀ ਧੂੜ ਵਿੱਚ ਧਾਂਵਦਿਆਂ, ਬੁੱਧੀ ਹੋਈ ਮਲਨ।
ਸੰਵੇਦਨਸ਼ੀਲ ਗਿਆਨ ਤੰਤੂ, ਕੁਸੰਗਤ ਸੰਗ ਗਲਨ।
ਸਤ ਸੰਗ ਦਾ ਪਾਣੀ ਮਿਲਜੇ, ਰੰਗ ਦੂਣ-ਸਵਾਏ ਚੜਨ।
ਜੈਸਾ ਸੰਗ ਤੈਸਾ ਰੰਗ ਹਾਕਮ ਫੁਰਨੇ ਆਪੇ ਹੀ ਫੜਨ।

ਣ – ਣਾਣਾ ਣਾ ਕਰ ਣਰਕੀ ਕੰਮ, ਮਨੁੱਖਾ ਦੇਹੀ ਦਾ ਨਾ ਧਰਮ।
ਣਾ ਸੋਚ ਮੰਦਾ ਣਾ ਕਰ ਕੁਕਰਮ, ਣਾ ਫਲਾ ਮਾਰੂ ਜਰਮ।
ਚੰਗੀ ਚਾਹ ਚੰਗਾ ਰਾਹ, ਸੋ ਪਉਣਾ ਹੈ ਜੀਵਨ ਦਾ ਮਰਮ।
ਠੱਗੀ ਠੋਰੀ ਯਾਰੀ ਚੋਰੀ ਹਾਕਮ ਤਿਆਗਨ ਯੋਗ ਕਰਮ।

ਪ – ਪੱਪਾ ਪਾਪ ਪੁੰਨ ਕਹਾਵਤ, ਦੰਭੀ ਡਰਾਕਲ ਨੂੰ ਡਰਾਵੇ।
ਕੋਈ ਨਰਕ ਸੁਰਗ ਕਹੇ, ਕੋਈ ਭੀੜੀ ਗਲੀ' ਚ ਫਸਾਵੇ।
ਬੰਦਾ ਬੰਦੇ ਨੂੰ ਲੁਟਨ ਲਈ, ਭਾਂਤ ਭਾਂਤ ਦੇ ਜਾਲ ਵਛਾਵੇ।
ਧਰਮ ਦੇ ਨਾਂ ਤੇ ਹਾਕਮ ਲੋਟੂ ਛਲੀਏ ਕਰਨ ਛਲਾਵੇ।

ਫ – ਫਫਾ ਫਿਰਕਾਪਰਸਤੀ ਦੇ ਫੇਰ' ਚ, ਫਿਰਕੇ ਫੱਸ ਗਏ।
ਫਿਰਕਿਆਂ ਵਿਰੁਧ ਫਿਰਕਿਆਂ, ਕਮਰ ਕੱਸੇ ਕੱਸ ਲਏ।
ਮਨੁੱਖਤਾ ਤੋਂ ਡਿੱਗਕੇ, ਸੰਪਰਦਾਈ ਪੰਥਾਂ' ਚ ਧੱਸ ਗਏ।
ਧਰਤੀ ਤੇ ਹਾਕਮ ਧਰਮ ਨਰਕ ਬਣਕੇ ਵਸ ਗਏ।

ਬ – ਬਬਾ ਬੰਦੇ ਦਾ ਦਾਰੂ ਬੰਦਾ, ਜਾਏ ਬੰਦਾ ਵਾਰੇ ਵਾਰੇ ਬੰਦੇ ਤੋਂ।
ਬੰਦੇ ਦੀ ਜਾਤ ਪਾਤ ਬੰਦਾ, ਜਾਏ ਬੰਦਾ ਬੱਲ ਬੱਲ ਬੰਦੇ ਤੋਂ।
ਸ਼ਰ੍ਹਾ ਧਰਮ ਦੇ ਲੇਬਲ ਕਰਕੇ, ਬੰਦੇ ਮਰਨ ਬੰਦੇ ਤੋਂ।
ਬਿਨ ਲੇਬਲ ਹਾਕਮ ਕਦੀ ਨਹੀਂ ਬੰਦੇ ਡਰਨ ਬੰਦੇ ਤੋਂ।

ਭ – ਭੱਭਾ ਭਰਮ ਭੁਲੇਖਿਆਂ' ਚ, ਪਾਇਆ ਸ਼ਰਾ ਅੰਧਿਆਰੀ ਨੇ।
ਇੱਕ ਰੱਬ ਦੇ ਬੰਦੇ ਸਾਰੇ, ਵੱਖ ਕੀਤੇ ਸ਼ਰ੍ਹਾ ਕੂੜਿਆਰੀ ਨੇ।
ਜਾਤੀ ਧਰਮਾਂ ਦੇ ਠੱਪੇ ਲਾਕੇ, ਲੜਾਤੇ ਸ਼ਰ੍ਹਾ ਝੂਠਿਆਰੀ ਨੇ।
ਮੈਤ੍ਰੀ ਛਡਾ ਹਾਕਮ ਸ਼ਤਰੂ ਬਣਾਤੇ ਸ਼ਰ੍ਹਾ ਬਦਕਾਰੀ ਨੇ।

ਮ – ਮਮਾ ਮਮਤਾ ਮੋਹ ਮਾਇਆ ਮੇਰ ਨੇ, ਕੀਤਾ ਖ਼ੂੰਨ ਸਫੈਦ।
ਮਨੁੱਖਤਾ ਲਈ ਬਣੇ ਦੀਰਘ ਰੋਗ, ਨਹੀਂ ਲੱਭਦਾ ਵੈਦ।
ਰਾਹ ਮੋਖ ਦਾ ਤਜ, ਪੈ ਗਿਆ ਵਿੱਚ ਧਰਮ ਸ਼ਰ੍ਹਾ ਦੀ ਕੈਦ।
ਪੈਂਦਾ ਪੈਂਦਾ ਪੈ ਗਿਆ ਹਾਕਮ ਹੁਣ ਨਿਕਲ ਨਾ ਸਕੇ ਸ਼ੈਦ।

ਯ – ਯਯਾ ਯਾਰ ਬੁੱਕਲ' ਚ ਵੱਸੇ, ਗਲੀਂ ਮਾੜੀਂ ਨਾ ਗੁੱਠ ਗਿਆ ਈ।
ਸਾਖੀ ਹਰ ਸਮੇਂ ਹਰਜਾਈ ਹੱਸੇ, ਕਹੀਂ ਨਾ ਰੁੱਠ ਗਿਆ ਈ।
ਆਪ ਮੂੰਹ ਫੇਰ ਬੈਠੈਂ, ਉਹ ਕਿਤੇ ਦੂਰ ਨਾ ਛੁੱਪ ਗਿਆ ਈ।
ਦੀਦਾਰ ਯਾਰ ਦਾ ਹਾਕਮ ਚਾੜ੍ਹ ਮਸਤੀ ਦੀ ਪੁੱਠ ਗਿਆ ਈ।

ਰ – ਰਾਰਾ ਰਾਹ ਤਿਆਗਕੇ ਸ਼ਰਾਹ ਦਾ, ਘਰੇ ਲੈ ਸੁੱਖ ਦਾ ਸਾਹ।
ਸ਼ਰ੍ਹਾ ਧਰਮ ਪੰਥ ਕੰਡਿਆਲੀਆਂ ਵਾੜਾਂ, ਲੀੜੇ ਨਾ ਪੜਾਹ।
ਨਿਰਪੱਖ ਹੋਕੇ, ਇਹਨਾਂ ਲੜਦਿਆਂ ਮਰਦਿਆਂ ਨੂੰ ਬਚਾਹ।
ਸ਼ਾਖਸ਼ੀ ਹੋਜਾ ਹਾਕਮ ਸ਼ਰ੍ਹਾ' ਚ ਵੜਕੇ, ਪੱਤ ਨਾ ਲੁਆਹ।

ਲ – ਲੱਲਾ ਲੜਾਈ ਦੀਆਂ ਪੰਡਾਂ, ਆਪਾ ਭੁੱਲ ਬਣ ਗਏ ਧਰਮੀ।
ਅਕਰੇ ਅਬਿਨਾਸ਼ੀ ਅਵਸਥਾ ਭੁੱਲ, ਬਣ ਗਏ ਕਰਮੀ।
ਵਿਹਿਮਾਂ ਭਰਮਾਂ' ਚ ਪੈਕੇ, ਪਾਲਨ ਸੱਪ, ਮਾਰਨ ਵਰਮੀ।
ਕਰਮਾਂ' ਚ ਫਸਕੇ ਹਾਕਮ ਰਹਿਗੀ ਲੁੱਟਮਾਰ ਕਰਨੀ।

ਵ – ਵਵਾ ਵਾਵਾ ਵਾਹਗੁਰ ਅਨੁਭਵੀ ਨਾਲ, ਵਾਹ ਸੀ ਪਉਨੀ।
ਵਾਹ ਪਾਈ ਅੰਧੇਰ ਨਾਲ, ਹਨ੍ਹੇਰੇ' ਚ ਲੱਗ ਗਈ ਤਉਨੀ।
ਗਿਆਨ ਹੱਥ ਨਹੀਂ ਆਇਆ, ਅਗਿਆਨ ਲਾ ਲਈ ਛਉਨੀ।
ਕੀ ਦੋਸ਼ ਕੱਚੇ ਨੂੰ ਦੇਣਾ ਹਾਕਮ ਏਵੇਂ ਸੀ ਕਰਮੀਂ ਹਉਨੀ।

ੜ – ੜਾੜਾ ੜਾੜ ਪੈਣ ਕਰਮਾਂ' ਚ ਫੱਸਿਆਂ, ਸਕੇ ਨਾ ਕੋਈ ਛਡਾ।
ਜਦ ਤਕ ਕਰਮੀ ਧਰਮੀ, ਤਦ ਤਕ ਹੀ ਰਹਿਨ ਜੁਦਾ।
ਕਰਮਾਂ ਧਰਮਾਂ ਸ਼ਰ੍ਹਾ ਦੇ ਸ਼ਾਖਸ਼ੀ ਹੋਕੇ, ਰਹਿਨਾ ਹੀ ਖ਼ੁਦਾ।
ਦੇਹੀ ਸਮਝ ਅਪਨਾ ਆਪਾ ਹਾਕਮ ਦੁਖੀ ਰਹਿਨਾ ਸਦਾ।

ਸ਼ - ਸ਼ਸ਼ਾ ਸ਼ੀਸ਼ੇ ਵਾਂਗ ਸਾਫ ਅੰਤਾਕਰਨ' ਚ, ਚਮਕੇ ਸ਼ਾਖਸ਼ੀ।
ਦੈਵੀ ਵਿਰਤੀਆਂ ਪ੍ਰਗਟਨ, ਛੁਪਨ ਵਿਰਤਿਆਂ ਰਾਖਸ਼ੀ।
ਮਿਟਨ ਦੂਰੀਆਂ ਮਿਲਨ ਹਜ਼ੂਰੀਆਂ, ਮਿਟੇ ਭੇਦ ਆਪਸੀ।
ਹਰ'ਚ ਹਰ ਹੋ ਰਹੇ ਹਾਕਮ ਏਦਾਂ ਹੀ ਹਰ ਮਲਾਪ ਸੀ।

ਖ - ਖ਼ਖ਼ਾ ਖ਼ੁਦਾ ਨਹੀਂ ਜੁਦਾ, ਭੁੱਲ ਅਪਨਾ ਆਪ ਪਾਈ ਜੁਦਾਈ।
ਬਾਹਰਮੁੱਖੀ ਦੇਹੀ ਹੋ, ਅੰਦਰਲੀ ਸਾਂਝੀ ਭੁਲਾਈ ਖ਼ੁਦਾਈ।
ਇੱਕ ਸਾਂਝਾ ਛੱਡ, ਵੱਖ ਹੋ, ਇੱਕ ਦੂਜੇ ਨਾਲ ਕਰੀ ਲੜਾਈ।
ਵਿਦਿਆ ਏਕੇ ਦੀ ਛੱਡ ਹਾਕਮ ਦਵੈਸ਼ ਦੀ ਕਰੀ ਪੜ੍ਹਾਈ।

ਗ਼ - ਗ਼ਗ਼ਾ ਗ਼ੁਰਜ਼ ਵਿੱਚ ਗ਼ਰਕ ਗਿਆ, ਮੂੰਹ ਤੇ ਮਲਿਆ ਗ਼ਾਰਾ।
ਆਪਨੀ ਗ਼ਰਜ਼ ਨੂੰ ਮਨੁੱਖ ਮਰਵਾਏ, ਲਾਏ ਤਾਨ ਸਾਰਾ।
ਆਪਣੇ ਹੱਥੀਂ ਪਰਵਾਰ ਮਾਰੇ, ਭੁਲਕੇ ਅਪਰ ਅਪਾਰਾ।
ਇੱਕ ਹੀ ਢੱਬਰ ਹਾਕਮ ਆਪ ਮਾਰੇ ਆਪ ਹੀ ਮਰਨੇ ਹਾਰਾ।

ਜ਼ - ਜ਼ਜ਼ਾ ਜ਼ਰ ਜ਼ੋਰ ਜ਼ੋਰੂ ਸ਼ੋਰ ਮਚਾਇਆ, ਛੱਡ ਨਿੱਜ ਸੁੱਖ।
ਪਿੱਛੇ ਲੱਗ ਪਰਛਾਈਂ, ਨੀਂਦ ਗਵਾਈ, ਉਠਾਏ ਬੁਹ ਦੁੱਖ।
ਧੰਨ ਜੋੜ ਚੌਧਰ ਪਾਈ, ਮਟਾਈ ਗਈ ਨਾ ਮਨ ਦੀ ਭੁੱਖ।
ਬਣ ਗਿਆ ਸਰੂ ਹਾਕਮ ਬਣਿਆ ਗਿਆ ਨਹੀਂ ਨੀਵਾਂ ਰੁੱਖ।

ਫ਼ - ਫ਼ਫ਼ਾ ਫ਼ਿਕਰ ਨਾ ਕੋਈ ਫ਼ਕੀਰ ਨੂੰ, ਸ਼ਾਂਤੀ ਸਾਹਸ ਸਾਹਸ।
ਫ਼ਿਕਰ ਫ਼ੰਗ ਲਾ ਉੱਡੇ, ਸਹਿਜ ਅਵਸਥਾ' ਚ ਹੋਏ ਵਾਸ।
ਭੁੱਖ ਨਾ ਸ਼ੋਹਰਤ ਸਲਾਮਾਂ ਦੀ, ਹੋਕੇ ਸਾਖੀ ਕਰੇ ਨਿਵਾਸ।
ਛੱਡੀ ਮੇਰ ਦੇਹੀ ਦੀ ਹਾਕਮ ਆਤਮ ਮੈਂ ਹੀ ਬਣਾਈ ਰਾਸ।

ਸਦੀਆਂ ਤੋਂ ਪੂਜਾ ਹੁੰਦੀ ਆ ਰਹੀ ਹੈ, ਪਿਪਲ ਜੰਡ ਬੇਰ ਦੀ।
ਚੁਰਾਹੇ' ਚ ਕੁਕੜ ਰੱਖ, ਨਹਾਉਂਦੀ ਓਟ ਲੈ ਹਨ੍ਹੇਰ ਦੀ।
ਮੜੀ ਮਸਾਣੀਆਂ ਪੂਜਨ ਜਾਂਦੇ, ਓਟ ਲੈ ਸਾਂਝ ਸਵੇਰ ਦੀ।
ਹੁਣ ਦਿਨੇ ਹਾਕਮ ਪੂਜਾ ਕਰਦੇ ਅਗਿਆਨ ਦੇ ਢੇਰ ਦੀ।

ਰੁੱਖਾਂ'ਚ ਲਾਟੂ ਜਗ੍ਹਾ ਬਾਰੀ' ਚ ਰੱਖ ਬੇਸਮਝੀ ਚਮਕਾਨ।
ਨਵੇਂ ਯੁਗ ਵਿੱਚ ਨਵਾਂ ਢੰਗ ਪੂਜਾ ਦਾ, ਹਨ੍ਹੇਰ ਨੂੰ ਦਿਖਾਨ।
ਮੜੀ ਤੇ ਸੋਨਾ ਮੜਕੇ, ਬੁੱਤ ਰੱਖ ਕੇ, ਦਿਨੇ ਪੂਜਨ ਜਾਨ।
ਸ਼ੇਮ ਹੈ! ਹਾਕਮ ਚੇਤਨ ਜੜ ਨੂੰ ਪੂਜਦੇ ਨਾ ਸ਼ਰਮਾਨ।

ਜੰਗਲੀ, ਗੰਵਾਰ, ਵਿਦਿਆਹੀਨ, ਪੂਜਦੇ ਸਨ ਪਸੂ ਢੋਰ।
ਮੁਰਦਿਆਂ ਨੂੰ ਪੂਜਦੇ ਸਨ, ਬਣਾਕੇ ਮੁਰਦਿਆਂ ਦੀ ਗ਼ੋਰ।
ਹਨ੍ਹੇਰ' ਚ ਬੰਦਾ ਹੀ ਬੰਦੇ ਨੂੰ, ਲੁੱਟਨ ਲੱਗਾ ਬਣਕੇ ਚੋਰ।
ਪੀੜੀ ਹੀ ਚੱਲੀ ਹਾਕਮ ਚੋਰਾਂ ਨੂੰ ਪਈ ਜਾਂਦੇ ਮੋਰ।

ਰੁੱਖ ਸੰਵਾਰਕੇ, ਮੜੀਆਂ ਸ਼ੰਗਾਰਕੇ, ਬਣਾਕੇ ਪਾਕ ਥਾਨ।
ਰੁੱਖਾਂ ਦੀ ਥਾਂ ਝੰਡਿਆਂ ਲੈ ਲਈ, ਵਿਦਿਆਲਿਆਂ ਦੀ ਥਾਂ ਦੁਕਾਨ।
ਰਾਤ ਨੂੰ ਪੂਜਦਿਆਂ ਸ਼ਰਮ ਸੀ ਆਉਂਦੀ, ਦਿਨੇ ਪੂਜੀ ਜਾਨ।
ਅੱਖਾਂ ਮੀਟ ਕੇ ਹਾਕਮ ਕੁਕੜ ਖੇਹ ਉਡਾਕੇ ਸਿਰ ਪਾਨ।

ਵਿਦਿਆ ਨੇ ਸੀ, ਟੂਣੇ-ਟਾਮਣ ਪੂਜਨੋ ਹਟਾਣੇ, ਦੇਕੇ ਮੱਤ।
ਮੜੀਆਂ ਦੇ ਨਾਂ ਬਦਲ ਦਿੱਤੇ, ਲਾਕੇ ਸੋਨ ਚਾਂਦੀ ਦੇ ਪੱਤ।
ਕਬਰਾਂ ਪੂਜਦੇ, ਚੜ੍ਹਾ ਪੈਸਾ, ਫੁਲ, ਚਾਦਰ ਹਰ ਵਕਤ।
ਚੜ੍ਹਾਵੇ ਦਾ ਨਾਂ ਬਦਲ ਹਾਕਮ ਦਰਸ਼ਨੀ ਭੇਟਾ ਰਖਤ।

ਗਿਆਨ ਦੀ ਜੋਤ ਬੁੱਝ ਗਈ, ਅਗਿਆਨ ਦੇ ਦੀਵੇ ਜਗਾਏ।
ਸੁੱਖ ਸ਼ਾਂਤੀ ਧੰਨ ਲਈ, ਸੋ ਦਸਵੰਦ ਬਣਾ, ਵੱਡੀ ਚੜਾਏ।
ਸਵੈਮਾਨ ਸੀ ਪਉਣਾ, ਉਲਟੇ ਵੱਡੀ ਦੇਕੇ, ਨੱਕ ਵਡਾਏ।
ਅਗਿਆਨ ਵਧਾ ਹਾਕਮ ਲੁਟੱਨ ਲਈ ਮੂਰਖ ਬਣਾਏ।

ਅਗਿਆਨ ਜਾਏ ਵਧਦਾ, ਮਾਇਆ ਦਾ ਸੱਪ ਜਾਏ ਡੰਗਦਾ।
ਪੂਜਾਰੀਆਂ ਦੇ, ਅਗਿਆਨ ਦਾ ਡੰਗਿਆ, ਪਾਣੀ ਨਹੀਂ ਮੰਗਦਾ।
ਹੋਸ਼ ਅਉਣ ਤੇ ਵੀ, ਸਪੇਰਿਆਂ ਪਾਸ, ਜਾਣੋਂ ਨਹੀਂ ਸੰਗਦਾ।
ਉਤੋਂ ਕੂਲੇ ਚਿੱਟੇ ਹਾਕਮ ਅੰਦਰ ਜ਼ਹਿਰ ਕਾਲੇ ਰੰਗਦਾ।

ਧਰਤੀ ਤੇ, ਸ਼ਾਂਤੀ ਸੁਰਗ ਬਣਾਉਣ ਦੀ, ਇੱਕੋ ਹੈ ਜੁਗਤੀ।
ਥੋਥੇ ਧਰਮਾਂ ਕਰਮਾਂ ਪੰਥਾਂ ਤੋਂ, ਪਉਣੀ ਪਊ ਹੈ ਮੁਕਤੀ।
ਮਨੁੱਖਤਾ ਨੇ ਸਦੀਆਂ ਤੋਂ, ਇਹਨਾਂ ਹੱਥੋਂ ਸਜ਼ਾ ਹੈ ਭੁਗਤੀ।
ਇਹਨਾਂ ਨਾਵਾਂ ਤੇ ਹਾਕਮ ਮਨੁੱਖ ਦੀ ਇਜ਼ਤ ਹੈ ਰੁਲਤੀ।

ਮਿਥਿਆ ਧਰਮੀ ਫਿਰਕਿਆਂ ਨੇ, ਥੋਥੇ ਰੱਖੇ ਬਾਹਰੀ ਨਾਮ।
ਬੰਦੇ ਨਹੀਂ ਰਹਿਨ ਬੰਦੇ, ਇਨਸਾਨ ਤੋਂ ਬਣਨ ਸ਼ੈਤਾਨ।
ਹੱਸਦੇ ਵਸਦੇ ਘਰਾਂ ਨੂੰ, ਪਲਾਂ' ਚ ਬਣਉਣ ਸ਼ਮਸ਼ਾਨ।
ਸੁਰਗਾਂ ਨੂੰ ਅੱਗ ਲਾਣ ਹਾਕਮ ਦਿਲਾਂ ਨੂੰ ਕਰਨ ਵੈਰਾਨ।

ਧਰਮੀ ਨਾਵਾਂ ਦੇ ਮਖੌਟੇ ਲਾਕੇ, ਇਨਸਾਨ ਬਣੇ ਹੈਵਾਨ।
ਬੰਦਾ ਬੰਦੇ ਮਾਰੇ ਸੁਆਰਥ ਲਈ, ਆਸਰਾ ਲੈ ਭਗਵਾਨ।
ਰੱਬ ਭਲਾ ਕਰੂ, ਸੂਲੀ ਚੜੇ ਮੂਰਖ, ਲੈਕੇ ਰੱਬ ਦਾ ਨਾਮ।
ਧਰਮ ਦੇ ਨਾਮ ਤੇ ਹਾਕਮ ਕਸਾਈ ਬਣ ਮਾਰਨ ਤਮਾਮ।

ਰੱਬ ਭੱਜ ਸੋ ਹੰ ਸੋ, ਸੱਚ ਬੋਲ, ਗਜ ਵਜ, ਨਾ ਕਰ ਜੰਗ।
ਪੰਥ ਛੱਡਾ, ਮਨੁੱਖ ਸਜਾ, ਚੜ੍ਹਾ ਮਨੁੱਖਤਾ ਦਾ ਪੱਕਾ ਰੰਗ।
ਧਰਮ ਧੁੱਜ, ਮੈਂ ਬੁੱਝ, ਸੱਭ ਵਿੱਚ, ਸਦਾ ਰਹੇ ਅੰਗ ਸੰਗ।
ਮਨੁੱਖ ਹੀ ਮਨੁੱਖ ਦਿਸੇ ਹਾਕਮ ਪਏ ਨਾ ਰੰਗ' ਚ ਭੰਗ।

ਅੱਕਾਂ ਵਿੱਚ ਰਿੰਡ ਪ੍ਰਧਾਨ, ਅੰਨ੍ਹਿਆਂ ਵਿੱਚ ਹੋਏ ਰਾਜਾ ਕਾਨਾ।
ਬਹੁ ਮੂਰਖ ਬਣਾ, ਮੂਰਖਤਾ ਵਧਾਏ, ਕਹਿਨ ਸਿਆਨਾ।
ਸਿਆਨੇ ਬਣਾਏ, ਸ਼ਾਂਤੀ ਵਰਤਾਏ, ਕਹਿਨ ਕੁਰਾਹੇ ਪਾਨਾ।
ਲੁੱਚਾ ਲੰਡਾ ਚੌਧਰੀ ਹਾਕਮ ਗੁੰਡੀ ਰੰਨ ਕਹਾਏ ਪ੍ਰਧਾਨਾ।

ਸਦੀਆਂ ਤੋਂ ਗੁਰੂ ਬਣ, ਮੂਰਖ ਬਣਾ, ਚੇਲੇ ਭੇਡਾਂ ਬਣਾਏ।
ਅਜੇ ਤੱਕ ਟੁਕੜੇ ਮੰਗਨ, ਉਹਨਾਂ ਦੀਆਂ ਤੁਕਾਂ ਸੁਣਾਏ।
ਮਰ ਗਿਆਂ ਦੇ ਨਾਵਾਂ ਤੇ, ਮਕੜੀਆਂ ਨੇ ਥਾਂ ਥਾਂ ਜਾਲ ਤਣਾਏ।
ਜ਼ਮੀਰ ਮਰਗੀ ਹਾਕਮ ਖ਼ੁਦੀ ਸ੍ਵੈਮਾਨ ਕੋਈ ਨਾ ਜਣਾਏ।

ਉਜੜੇ ਪਿੰਡ ਪੜੋਲਾ ਮਹਿਲ, ਮੂਰਖਾਂ' ਚ ਚੱਲੇ ਲਹਿਰ।
ਸਿਆਣਾ ਸੌ ਵਾਰ ਸੋਚੇ, ਮੂਰਖ ਅੱਖ ਮੀਟ ਪੁੱਟੇ ਪਹਿਰ।
ਖ਼ੂਹ ਖਾਤੇ ਡਿੱਗੇ, ਪਰ ਮੂਰਖ ਨੂੰ ਪਿੱਛੇ ਹਟਨਾ ਕਹਿਰ।
ਮੂਰਖਾਂ ਨੇ ਹਾਕਮ ਪਖੰਡ ਦੀ ਕਰਤੀ ਲਹਿਰ ਬਹਿਰ।

ਅਕਲ ਛਿੱਕੇ ਢੰਗੀ, ਸ਼ਰਮ ਧਰਮ ਲਾਹਕੇ ਢੰਗੇ ਕਿੱਲੇ।
ਟੁਕੜਿਆਂ ਖ਼ਾਤਰ ਭੇਖ ਬਣਾਕੇ, ਵਿੱਚ ਬਾਜ਼ਾਰ ਨਿਕਲੇ।
ਸੋਈ ਪੈਸਾ ਗ਼ਨੀਮਤ, ਧਰਮ ਯਾਤਰਾ ਦੇ ਨਾਂ ਜੋ ਵੀ ਮਿਲੇ।
ਪਾਪ ਦਾ ਪੈਸਾ ਮਾਰੇ ਹਾਕਮ ਕਦੇ ਨਹੀਂ ਵਧੇ ਫੁੱਲੇ ਖਿਲ੍ਹੇ।

ਥੋਥੀ ਧਰਮ ਯਾਤਰਾ' ਚ, ਵੱਜਿਆ ਗੱਜਿਆ ਢੋਲ ਢਮਾਕਾ।
ਵਿਰੋਧੀ ਭੇਖੀ ਧਰਮੀ ਨੇ, ਭੀੜ ਉਪੱਰ ਸੁਟਿਆ ਪਟਾਕਾ।
ਐਸੀ ਭਗਦੜ ਮੱਚੀ ਅਨੇਕਾ ਦਰੜੇ ਗਏ ਕਾਕੀ ਕਾਕਾ।
ਅਜੇਹੀ ਮੂਰਖਤਾ ਦਾ ਹਾਕਮ ਮੂਰਖਤਾ ਹੈ ਲੈਣਾ ਝਾਕਾ।

ਗੁਰਕਾ ਸ਼ਬਦ ਲਾਲ ਸੁਣਨਾ ਮੰਣਨਾ ਮਾਨਕ ਰਤਨ।
ਹੀਰੇ ਜਵਾਹਰ ਹੈ, ਸਮਝਕੇ, ਕੰਠ ਕਰਨ ਦਾ ਯਤਨ।
ਪਾਕੇ ਲਖਸ਼ ਸੋ ਹੰ, ਬਣ ਜਾਏ, ਨੌ ਲੱਖਾ ਹਾਰ ਹਰ ਤਨ।
ਨਿਖੁੱਟ ਨਾ ਜਾਏ ਹਾਕਮ ਇਹ ਹੈ ਅਮੁੱਲਾ ਅਮੁੱਕ ਧੰਨ।

ਕਰ ਸੇਵਾ ਗੁਰ ਦੀ, ਤਜ ਮਨ ਦਾ ਥੋਥਾ ਦੇਹ ਅਭਿਮਾਨ।
ਗੁਰ ਕਹੇ ਸੋਈ ਕਾਰ ਕਮਾਏ, ਤੁਰੰਤ ਮਿਟੇ ਅਗਿਆਨ।
ਮਨ ਨਿਰਮਲ, ਬੁੱਧੀ ਸ਼ੁਧ, ਹੋ ਪ੍ਰਗਟੇ ਸਹਿਜ ਗਿਆਨ।
ਸ਼ੁਧੋ ਹੰ ਬੋਧੋ ਹੰ ਹਾਕਮ ਕਦੀ ਤੁੱਟੇ ਨਹੀਂ ਸੋ ਹੰ ਧਿਆਨ।

ਕਰੋੜਾਂ ਵਿੱਚ ਕੋਈ ਹੈ ਪੂਰਾ, ਚਿੱਤ ਵਿੱਚ ਹਰ ਹਾਂ, ਨਾ ਦੇਹੀ।
ਕੂੜਾ ਮਾਨ ਅਭਿਮਾਨ ਤਜ ਦੇਹੀ, ਸਵੈ-ਗਿਆਨ ਹੈ ਏਹੀ।
ਤਨ ਤਜ, ਮਨ ਛੱਡ, ਹਰ ਲੱਭ, ਤੱਬ ਰੱਬ ਪਾਏ ਲੇਹੀ।
ਹਮ ਮਮ, ਤਜ ਹਾਕਮ ਇੱਕ ਬੇਗ਼ਮ ਦੂਈ ਗ਼ਮ ਦੇਹੀ।

ਡਰ, ਕਾਹਲ, ਫਿਕਰ ਨਾ ਕਰਨਾ, ਸਹਿਜ ਮਨ ਰੱਖਣਾ।
ਪਰਾਰਥਨਾ ਰੋਜ਼, ਕਸਰਤ ਜ਼ਰੂਰੀ ਹੈ, ਪੱਲੇ ਬੰਨਣਾ।
ਹਾਜ਼ਮਾ ਠਕਿ ਰੱਖਣਾ, ਤਿੰਨ ਵੇਲੇ ਭੁੱਖ ਰੱਖ ਕੇ ਛਕਣਾ।
ਗਰਮ ਨਹੀਂ ਹੋਣਾ ਹਾਕਮ ਨਰਮਾਈ ਨਾਲ ਵਰਤਣਾ।

ਇਸਤਰੀ ਬੁੱਡੇ ਨੂੰ ਸਤਕਾਰ, ਬੱਚੇ ਨੂੰ ਪਿਆਰ ਜਰੂਰੀ।
ਚੋਰੀ ਨਾ ਕਰਨੀ, ਸੱਚ ਬੋਲਨਾ, ਕਰਨੀ ਨਹੀਂ ਮਗ਼ਰੂਰੀ।
ਨਮਕ ਹਰਾਮੀ ਨਾ ਹੋਣਾ, ਝੂਠ ਨਾ ਬੋਲਨਾ, ਪੈਣੀ ਨਾ ਪੂਰੀ।
ਗਿਆਨ ਲਈ ਹਾਕਮ ਗੁਰੂ ਸੇਵਾ ਕਰਨੀ ਅਤੀ ਜ਼ਰੂਰੀ।

ਸ਼ੁੱਭ ਸਾਧਨ, ਸ੍ਵਨਆਦਿ ਵਿਚਾਰ ਨਿਧਿਆਸਨ ਕਰੇ।
ਪਰਤੱਖ ਨਿੱਜ ਆਤਮ ਕਰੇ, ਹਮ ਮਮ ਚਿੱਤ ਤੋਂ ਟਰੇ।
ਵਸਤੂ ਅਕਾਰ ਨਾ ਰਹੇ, ਸੱਤ ਚਿੱਤ ਰਹੇ, ਮੂਰਤੀ ਮਰੇ।
ਪ੍ਰਮਾਨੰਦ ਹਾਕਮ ਜਾਗ੍ਰਤ ਸੁਪਨ ਸਖੋਪਤੀ ਤੋਂ ਪਰੇ।

ਨਾਮ

ਨਾਮ ਦਾ ਕੰਮ, ਦੇਹੀ ਮੈਂ ਛਡਾ, ਸਾਖੀ ਮੈਂ ਦੀ ਕਰਾਏ ਪਛਾਣ।
ਨਾ-ਨੈਗਟਿਵ ਮ-ਪੋਜ਼ੇਟਿਵ ਦੋਨੋਂ ਧੁਰੇ ਜਗਤ ਚਲਾਣ।
ਤਿਆਗ ਗ੍ਰਹਿਣ ਦੋਵੇਂ ਹੀ, ਸੰਸਾਰ ਨੂੰ ਗਤੀਸ਼ੀਲ ਬਨਾਣ।
ਨਾਮ ਰੂਪ ਨਾ ਹਾਕਮ ਮ-ਸੱਤ ਚਿੱਤ ਅਨੰਦ ਪਹਿਚਾਣ।

ਨਾਮ ਕੋਈ ਵਸਤੂ ਦਾ ਨਾਉਂ ਨਹੀਂ, ਇਹ ਹੈ ਇੱਕ ਨਿਯਮ।
ਮਾਇਆ ਚੱਲੇ, ਰੱਬ ਅਚੱਲ, ਸੋ ਅਸੱਤ (ਨ), ਸੱਤ (ਮ) ਕੰਮ।
ਮਾਇਆ ਨਾਮ ਰੂਪ (ਨ), ਸੋ ਸਤਿ ਚਿੱਤ ਅਨੰਦ (ਮ) ਬ੍ਰਹਮ।
ਪੱਕਾ ਨੇਮ ਹੈ ਹਾਕਮ ਨਾਮ ਅਸੱਤ ਗੱਮ, ਸੱਤ ਅਗੱਮ।

ਰੱਬ ਦਾ ਜਾਪ ਪਹਿਚਾਣ ਹੈ, ਪ੍ਰਤੀਤ ਕਰਨਾ, ਜਿਉਂ ਕਾ ਤਿਉਂ।
ਵਿਆਪਕ ਸਪਰਸ਼ ਮੈਂ ਪ੍ਰਤੀਤ, ਹੱਥ ਤੇ ਕਮਲ ਜੀਉਂ।
ਨਾਮ ਪਛਾਣ ਹੈ, ਕਬਜ਼ਾ ਨਹੀਂ, ਲੈਣ ਦੇਣ ਕਰਦੇ ਕਿਉਂ।
ਨਾਮ ਸਰਵਮਈ ਹਾਕਮ ਘਟ ਘਟ' ਚ ਹੈ ਰਮਿਉਂ।

ਨਾਮ ਮੈਂ ਦੀ ਪਛਾਨ, ਅਨੁਭਵ ਨਾਲ ਸੋ ਇਸਨੂੰ ਸਮਝੋ।
ਇਹ ਇੱਕ ਅਵਸਥਾ ਹੈ, ਬੋਲਣ ਸੁਨਣ' ਚ ਨਾ ਉਲਝੋ।
ਬਾਹਰ ਰਸ ਨਾ, ਨਾਲ ਜਪੋ, ਅਭੇਦ ਹੋ, ਮੈਂ ਅੰਦਰ ਖੋਜੋ।
ਨਾ ਦੇਹ ਹਾਕਮ ਅੰਦਰੋਂ ਹੀ ਮ (ਮੈਂ) ਸ਼ਾਖਸ਼ੀ ਦੇਹੀ ਦੇ ਹੋਜੋ।

ਵਾਚਕ ਨਾਮ ਦੇਹੀ ਨਾ-ਮੁ (ਮੈਂ) ਲਖਸ਼ੇ ਨਾਮ ਸੋ ਹੰ ਸ਼ਾਖਸ਼ੀ।
ਸੱਤ ਲਖਸ਼ ਰੱਖਕੇ, ਮਿਥਿਆ ਵਾਚਕ ਦ੍ਰਿਸ਼ ਤਿਆਗਸੀ।
ਨਾਮ ਰੂਪ ਅਸੱਤ (ਨਾ) ਸੱਤ (ਮੈਂ) ਸੋ ਦੀ ਪ੍ਰਤੀਤ ਰਾਖਸੀ।
ਵਾਚਕ ਬਦਲੇ ਸੋ ਦ੍ਰਿਸ਼ ਹਾਕਮ ਲਖਸ਼ੇ ਥਿਰ ਰਹਾਸੀ।

ਨਾਮ ਸਿ-ਮਰ-ਨਾ, ਸਦਾ ਅਟੱਲ ਇੱਕ ਰਸ ਅਮਰ ਨਿੱਤ।
ਨਿਯਮ ਹੈ ਦ੍ਰਿਸ਼ ਸਿ-ਮਰੇ, ਦ੍ਰਿਸ਼ਟਾ ਸ਼ਾਖੀ ਅਜਰ ਅਜਿੱਤ।
ਸਿ-ਮਰੋ ਮਾਇਆਮਈ ਨਾਮ, ਸਤ' ਚ ਕਲਪੱਤ ਅਨਿੱਤ।
ਵਾਚਕ ਨਾਮ ਤਜੇ ਹਾਕਮ ਲਖਸ਼ੇ ਨਾਮ ਹੀ ਰੱਖੇ ਚਿੱਤ।

ਨਾਮ ਜਪੇ, ਵਾਚੇ, ਝੂਠ ਤਜੇ, ਲਖਸ਼ੇ, ਸੱਤ ਕਰੇ ਪ੍ਰਤੀਤ।
ਨਾਮ ਸਿਮਰੇ, ਵਾਚੇ, ਝੂਠ ਸਿ-ਮਰੇ, ਲਖਸ਼ੇ ਸੱਤ ਹੈ ਨੀਤ।
ਨਾਮ ਮੰਤਰ, ਵਾਚੇ, ਮੈਂ ਮਨ ਤੋਂ ਵੱਖ, ਲਖਸ਼ੇ, ਸਾਖੀ ਚੀਤ।
ਮੂਲ ਮੰਤਰ, ਵਾਚੇ, ਮੁਡੋਂ ਵੱਖ ਹਾਕਮ ਲਖਸ਼ੇ, ਅਤੀਤ।

ਇੱਕ ਸੱਤ ਚਿੱਤ ਅਨੰਦ ਮੂਲ, ਨਾਮ ਰੂਪ ਮਨ ਅੰਤਰ।
ਨਾਮ ਰੂਪ ਮਨੋ ਕਲਪਤ, ਸੱਤ ਇੱਕ ਰਹੇ ਅਨੰਤਰ।
ਸੱਤ-ਮੈਂ, ਲਖਸ਼ੇ ਗਿਆਨ, ਨਾਮ ਰੂਪ-ਮੈਂ ਵਾਚੇ ਉਡੰਤਰ।
ਸਤਨਾਮ ਹਾਕਮ ਸੱਤ-ਮੈਂ ਹੀ, ਨਾਮ ਰੂਪ-ਮੈਂ ਭਸਮੰਤਰ।

ਸੋ ਅਨਹੱਦ ਸ਼ਬਦ, ਮੁੱਖ ਕੰਨਾਂ ਦਾ ਵਿਸ਼ਾ ਨਾ, ਸੱਚਾ ਤੱਥ।
ਅਨੁਭਵ ਕਰੇ, ਜਾਣੇ, ਪਾਣੀ ਰਿੜਕੇ, ਕੁੱਝ ਨਾ ਆਏ ਹੱਥ।
ਗੁਰੂ ਸਮਝਾਏ ਤਾਂ ਸਮਝੇ, ਅਭਿਆਸ ਕਰ ਜਾਣੇ ਤੱਤ।
ਮੂਰਖਾਂ ਵੱਖੋ ਵੱਖਰੀ ਹਾਕਮ ਸੌ ਸਿਆਣਿਆਂ ਇੱਕੋ ਮੱਤ।

ਨਾਮ ਧਿਆਏ, ਪਰਮ ਪਦ ਪਾਏ, ਗੁਰ ਹੀ ਭੇਤ ਬਤਾਏ।
ਭੇਤ ਪਾਏ, ਝੂਠੀ ਦੇਹੀ ਜਾਏ, ਸਤ ਪਾਏ, ਗੁਰੂ ਬਣ ਜਾਏ।
ਭੇਦ ਭਰਮ ਮਿਟਾਏ, ਇੱਕ ਹੋ ਇੱਕ ਸੱਤ ਮਾਹਿ ਸਮਾਏ।
ਸਦਾ ਰਹੇ ਅਨੰਦਮਈ ਹਾਕਮ ਮਿਥਿਆ ਦੇਹੀ ਨਸਾਏ।

ਅਣਹੱਦ ਨਾਮ ਸਦਾ ਸਮਝ ਮੈਂ ਸੱਤ, ਦੇਹੀ ਨਾ ਸਮਝ।
ਸੋ ਹੰ ਨਾਮ ਕਮਾਏ, ਸੱਚ ਸਮਾਏ, ਇਹ ਤਾਂ ਇੱਕ ਰਮਜ਼।
ਸਫਲ ਹੋਏ ਜੀਵਨ ਸੱਚ ਪਾਏ, ਸੱਚ ਦਾ ਕਰੇ ਵਣਜ।
ਮਾਇਆ ਲਈ ਹਾਕਮ ਮਿਥਿਆ ਮਕੜੀ ਜਾਲ ਨਾ ਤਣਜ।

ਨਾਮ ਹੈ, ਜਦੋਂ ਇੱਕ ਰਹੇ, ਦੁੱਤੀਆ ਰਹੇ ਨਹੀਂ ਸ਼ਾਖਸ਼ੀ ਮੈਂ।
ਸ਼ਬਦ ਹੈ, ਜਦੋਂ ਰਹੇ ਸਤ, ਰਹੇ ਨਹੀਂ ਬਦ ਮੈਂ ਤੂੰ ਹੂੰ ਟੈਂ।
ਸ ਭਾਵ ਸੱਤ ਹੈ, ਬਦ ਭਾਵ ਖ਼ਤਮ ਹੈ ਫੁਰਨੇ, ਦੀ ਚੂੰ ਚੈਂ।
ਸਤਾ ਰਹੇ ਹਾਕਮ ਅਧਿਅਸਤ ਬਦ ਨਾ ਰਹੇ ਹਾਂ ਤਾਂ ਤੈਂ।

ਨਾਮ ਦੇ ਧਾਰੇ ਸਗਲੀ ਧਰਤੀ, ਸਾਰੇ ਹੀ ਖੰਡ ਬ੍ਰਹਮੰਡ।
ਨਾਮ ਦੇ ਆਸਰੇ ਅਕਾਸ਼ ਪਵਨ ਪਾਣੀ ਅਗਨੀ ਪ੍ਰਚੰਡ।
ਉਪਰੋਕਤ ਕਥਨ ਭਾਵ, ਸੱਤ' ਚ ਅਧਿਅਸਤ ਖੰਡ।
ਮਿਥਿਆ ਮਾਇਆ ਖੰਡ ਹਾਕਮ ਸੱਤ ਚਿੱਤ ਬ੍ਰਹਮ ਮੰਡ।

'ਨਾ-ਨਾ-ਨਾ' ਨਸ਼ੇਦ ਕਰਦਿਆਂ, ਕੁੱਜ ਨਾ ਰਹੇ ਜੋ, ਜਾਣੇ ਸੋ 'ਮ'।
ਆਦਿ 'ਨਾ' ਅਨੰਤ 'ਮ' ਰਲਕੇ ਬਣੇ, ਸੋ 'ਸਤ' ਸੰਸਾਰ ਨਾਮ।
'ਨਾਂ ਸੰਸਾਰ, ਸੋ ਸੱਤ 'ਮ', ਮਿਲ ਸਾਰ ਬਣੇ, ਸੋ ਹੰ, ਸਤਨਾਮ।
'ਨ' ਨਸ਼ੇਦ ਮਾਦਾ ਬਣੇ ਮਰੇ ਹਾਕਮ 'ਮ' ਅਟੱਲ ਰਹਾਸ।

ਸੱਤ ਲਾਲ ਰੰਗੀਲੇ ਵਿਚਾਰ, ਸੋ ਹੰ ਸੋਮਰਸ ਬਣ ਜਾਣ।
ਸੋਮਰਸ ਪੀ ਮਸਤ ਅਲਮਸਤ, ਹੋਏ ਅੰਮ੍ਰਿਤ ਪਾਣ।
ਸੋ ਹੰ, ਸੋਮ, ਸੋਮਰਸ ਦੇਹ ਮੈਂ ਨਾ, ਸਤ ਹੀ ਹਾਂ ਸਤਨਾਮ।
ਸਤਨਾਮ ਜਪੇ ਹਾਕਮ ਰਹੇ ਸਤ, ਰਹੇ ਨਾ ਮੈਂ, ਹੈ ਨਾਮ।

ਸੱਤ ਲਾਲਨ ਦੇ ਲਾਲ, ਸੋ ਹੰ ਹਰ ਗੋਪਾਲ, ਪਾ ਗਲ ਮਾਲਾ।
ਹੱਥ ਕੰਙਨ ਆਰਸੀ, ਸੋਹੰ ਹੋਏ ਦੇਖਕੇ ਮੁੱਖ ਉਜਾਲਾ।
ਜੀਵਨ ਮਰੇ ਮਰ ਜੀਵੇ, ਹੈ ਕਠਨ ਇਹ ਖੇਲ੍ਹ ਨਿਰਾਲਾ।
ਇਹ ਖੇਡ ਖੇਡਕੇ ਹੀ ਹਾਕਮ ਹੋਏ ਸੋ ਜੀਵਨ ਸੁਖਾਲਾ।

ਅਨਅਧਿਕਾਰੀ, ਜੜ ਵਿਅਕਤੀ, ਨਾਮ ਜਪੇ ਕਹੇ ਰਾਮ।
ਵਾਹਗੁਰੂ ਬੋਲੇ, ਅਲਾਹ ਕਹੇ, ਚਾਹੇ ਕੁੱਝ ਵੀ ਕਰੇ ਕਾਮ।
ਵਿਦਿਆ ਪੜ੍ਹੇ, ਗ਼ਰੀਬੀ ਹਟਾਏ, ਕਮਾਏ ਦਿਨ ਰਾਤ ਦਾਮ।
ਵਧੇ ਬੁੱਧ ਹਾਕਮ ਆਏ ਸੁੱਧ, ਕੁੱਝ ਸੁਣੇ ਪੜ੍ਹੇ ਗਿਆਨ।

ਅਸੱਤ ਸੱਤ ਦਾ ਸਾਰ ਭੂਤ ਹੈ, ਸੋ ਹੰ ਨਿਰਨਾਇਕ ਨਾਮ।
'ਰਾ' ਭਾਵ ਰਵਿਆ ਸਰਵ, 'ਮ' ਭਾਵ ਮੈਂ ਸ਼ਾਖਸ਼ੀ ਸੱਤਨਾਮ।
ਤੱਤਸਾਰ ਨਚੋੜਕੇ ਪੁਨਿਆ, ਇੱਕ ਰਸ ਰਹੇ ਸੋ ਰਾਮ।
ਸੋ ਗ਼ਿਰੀ ਹੀ ਬਾਦਾਮ ਹਾਕਮ ਫੋਕ ਛਿਲੜ ਸੁੱਟੋ ਬੇਦਾਮ।

ਬਾਨੀ

ਅਨੁਭਵੀ ਗੁਰੂ ਬਿਨਾ ਕੋਈ ਨਹੀਂ ਕਹਿੰਦਾ 'ਬਾ' 'ਨੀ' ਮੈਂ ਦੋ ਨੀ।
ਅਗਿਆਨੀ ਜੋ ਕਹਿੰਦਾ ਬਾਨੀ ਸੋ ਕਹਿਨੀ ਕੱਚੀ ਬਿਖਿਆਨੀ।
ਆਪ ਦੋ ਵਿੱਚ ਰਹੇ, ਸੋ ਕਿਵੇਂ ਕਹਿ ਸਕਦਾ ਦੋ ਨਹੀਂ, ਬਾਨੀ।
ਬਾਨੀ ਗੁਰੂ ਹਾਕਮ ਗੁਰੂ ਬਾਨੀ ਏਕ ਗ੍ਰੰਥਾਂ ਆਪ ਵਖਾਨੀ।

ਬਾ ਤੋਂ ਭਾਵ ਹੈ ਦੋ, ਨੀ ਤੋਂ ਭਾਵ ਹੈ ਨਹੀਂ, ਇੱਕ ਹੀ ਆਦਿ ਸੱਤ।
ਬਾਨੀ ਬਣੇ ਭਾਵ ਇੱਕ ਹੀ ਆਦਿ ਸੱਤ ਬਣੇ, ਛੱਡੇ ਅਸੱਤ।
ਵੇਦ ਬਾਨੀ, ਵਿਦਿਆ ਦੋ ਨਹੀਂ, ਅਵਿਦਿਆ ਅਨੇਕ ਕੁਸੱਤ।
ਬ੍ਰਹਮ ਬਾਨੀ, ਦੋ ਨਹੀਂ ਹਾਕਮ ਵੇਦ ਬਾਨੀ ਹੈ ਇਹੀ ਸੱਚ।

ਬਾਨੀ ਵਿੱਚ, ਇੱਕ' ਚ ਹੀ ਹਨ ਅੰਮ੍ਰਿਤ, ਹੋਣ ਅਮਰ ਸਾਰੇ।
ਹਰ ਕੋਈ ਅਮਰ ਅਜਰ ਹੋਏ, ਇੱਕ ਵਿੱਚ ਚੁੱਭੀ ਮਾਰੇ।
ਗੁਰੂ ਬਾਨੀ ਕਹੇ ਇੱਕ ਕਹੇ, ਸੇਵਕ ਇੱਕ ਗੁਰੂ ਹੀ ਪਾਰੇ।
ਗੁਰੂ ਹੋਕੇ ਹਾਕਮ ਫਿਰ ਨਾ ਕਰੇ ਮਾਇਆ ਦੇ ਝੂਠੇ ਕਾਰੇ।

ਅੰਮ੍ਰਿਤ

ਅੰਮ੍ਰਿਤ ਦਾ ਭੇਤ ਕਿਸੇ ਵਿਰਲੇ ਪਾਇਆ, ਜਿਸ ਸੋਝੀ ਆਈ।
ਜੋ ਵੀ ਆਪੇ ਦੀ ਸਾਰ ਨਾ ਪਾਏ, ਅੰਮ੍ਰਿਤ ਰਸ ਨਾ ਸਕੇ ਪਾਈ।
ਭੇਖ' ਚ ਭਟਕਦਾ ਫਿਰੇ, ਤ੍ਰਿਸ਼ਨਾ ਅੱਗ ਨਾ ਜਾਏ ਬੁਝਾਈ।
ਆਪੇ ਡੁੱਬਦੇ ਨੂੰ ਹਾਕਮ ਬਚਾ ਨਾ ਸਕੇ ਕੋਈ ਭੇਣੇ ਭਾਈ।

ਅਨੁਭਵੀ, ਦੇਹੀ ਬਣੇ ਮੁਰਦੇ ਨੂੰ, ਸ਼ਾਖਸ਼ੀ ਬਣਾ ਜੀਵਾਏ।
ਮਾਇਆਵੀ ਦੇਹੀ ਛਡਾ, ਸੱਤ ਚਿੱਤ ਨੰਦ ਅੰਮ੍ਰਿਤ ਛਕਾਏ।
ਸੋ ਹੰ ਸ਼ਾਖਸ਼ੀ ਬਣਾ ਪੀਤਅੰਬਰ ਪਹਿਰਾਵਾ ਪਹਿਨਾਏ।
ਅਮਰ ਕਰੇ ਹਾਕਮ ਜੰਮੇ ਮਰੇ ਵਧੇ ਘਟੇ ਨਹੀਂ ਜਾਏ।

ਸੋ ਵੱਡੀ ਵਡਿਆਈ ਜਿੱਤ ਪੀਤੇ ਸੋ ਹੰ ਨਾਮ ਅਮਰ ਹੋਏ।
ਅੰਮ੍ਰਿਤ ਏਕ ਹੈ ਪੀਕੇ, ਇੱਕ ਹੋਏ, ਦੂਜਾ ਅੰਮ੍ਰਿਤ ਨਾ ਕੋਏ।
ਮਨ ਮਾਹਿ ਅਨੁਭਵ ਸੋ ਹੰ ਅੰਮ੍ਰਿਤ, ਸਦਾ ਥਿਰ ਹੋਏ।
ਜਿਨ ਪੀਤਾ ਹਾਕਮ ਖਾਲਸ ਹੋਏ ਰਹਿਨ ਨਵੇਂ ਨਰੋਏ।

ਕੀਰਤਨ

ਸੋ ਹੰ ਅਨੁਭਵ ਹੋਵੇ, ਤਾਂ ਹੀ ਸਹਿਜ ਸ਼ਾਂਤੀ ਸੱਚ ਪਾਇਆ।
ਮਨ ਵੱਸ ਆਏ, ਘਰੇ ਸੁੱਖ ਵਸਾਏ, ਨਾ ਤਪੇ ਤਪਾਇਆ।
ਸੁੰਨ ਸਹਿਜ ਕੀਰਤਨ, ਸ਼ਬਦ ਅਣਹੱਦ ਸੁਣਾਇਆ।
ਆਵਾਗੋਣ ਮੁੱਕਿਆ ਹਾਕਮ ਨਾ ਗੌਣ ਸੁਣਿਆ ਨਾ ਗਾਇਆ।

ਸ਼ਬਦ ਕੀਰਤਨ ਦੇ ਨਾਮ ਤੇ, ਲੋਕਾਂ ਵਿੱਚ ਸੰਗਤ ਲਾਣ।
ਫਿਲਮੀ ਤਰਜਾਂ ਉੱਤੇ, ਧਾਰਮਿਕ ਸ਼ਬਦ ਗ੍ਹਾਕੇ ਸੁਨਾਣ।
ਲੋਕਾਂ ਅੱਗੇ, ਪੈਸੇ ਵਾਸਤੇ, ਝੋਲੀ ਅੱਡਨ, ਚਾਦਰ ਵਛਾਣ।
ਮਦਾਰੀ ਹਾਕਮ ਜਿਵੇਂ ਲੋਕਾਂ ਨੂੰ ਖੇਲ ਦਖਾਕੇ ਪਰਚਾਣ।

ਕਰੀਏ ਸੰਗਤ ਸੰਤ ਦੀ, ਜਿਸਤੋਂ ਮਿਲੇ ਬ੍ਰਹਮ ਗਿਆਨ।
ਪੂਰਨ ਕੀਰਤਨ, ਜੋਤ ਜਾਗਤ ਦੀ, ਕਰਾ ਦੇਣ ਪਛਾਨ।
ਖਿੰਨ' ਚ ਪਤਿਤ ਪੁਨੀਤ ਹੋਏ, ਪ੍ਰਗਟੇ ਆਪਾ ਸਵੈ-ਮਾਨ।
ਅਣਹੱਦ ਜਾਣੇ ਹਾਕਮ ਸ਼ਬਦ ਕੀਰਤਨ ਇਹ ਜਾਨ।

ਅਰਦਾਸ

ਨਾਮਹੀਨ ਦੀਨ, ਸੋ ਕਿਸ ਅੱਗੇ ਕਰੇ ਪੁਕਾਰ, ਅਰਦਾਸ।
ਅੰਤਰਜਾਮੀ ਸਰਵ ਸੁਆਮੀ, ਸੱਭ ਵਿੱਚ ਕਰੇ ਨਿਵਾਸ।
ਆਪਾ ਸਾਖੀ ਤਜ, ਦੂਜੇ ਲੱਗ, ਹੋਏ ਸਰਬ ਗੁਣਾਂ ਦਾ ਨਾਸ।
ਅੰਨ੍ਹਾ ਹੈ ਹਾਕਮ ਦੂਜੇ' ਚ ਆਪਾ ਲੱਭਨ ਜਾਏ ਕਿਸੇ ਪਾਸ।

ਬਿਨ ਬੋਲੇ, ਸੱਭ ਦਾ ਸ਼ਾਖਸ਼ੀ, ਕਿਸ ਅੱਗੇ ਕਰੇ ਅਰਦਾਸ।
ਆਪਾ ਭੁੱਲਕੇ, ਦੂਜਾ ਸਮਝ, ਗਵਾ ਬੈਠੇ ਹੋਸ਼ ਹਵਾਹਸ।
ਸੱਭ ਥਾਂ ਹੱਥ ਬੰਨ ਖਲੋਏ, ਆਪਾ ਭੁੱਲ ਹੋਇਆ ਨਿਰਾਸ।
ਆਪਾ ਸਾਖੀ ਸੋ ਹੰ ਪਛਾਨ ਹਾਕਮ ਨਾ ਰੱਖ ਬੇਗਾਨੀ ਆਸ।

ਅਨੁਭਵੀ ਸੋ ਬੇਪਰਵਾਹ, ਬੇਗ਼ਰਜ਼, ਨਹੀਂ ਮੰਨੇ ਈਨ।
ਸਮਝਨ ਲਈ ਆਪਾ ਉਸਤੋਂ, ਬੇਨਤੀ ਕਰੇ ਹੋਕੇ ਦੀਨ।
ਨਾ ਜੜ ਅੱਗੇ ਕਰੇ ਅਰਦਾਸ, ਨਾ ਮੱਝ ਅੱਗੇ ਵਜਾਏ ਬੀਨ।
ਮੱਤਹੀਨ ਹਾਕਮ ਰਹਿਨ ਪਰ ਆਸਰੇ ਪਰਅਧੀਨ।

ਗਿਆਨੀ

ਗਿਆਨੀ ਸੋ ਜੋ ਆਪਾ ਬੂਝੇ, ਸੋ ਹੰ ਸ਼ਾਖਸ਼ੀ ਤ੍ਰੈ-ਕਾਲ ਰਹਾਏ।
ਬੁੱਤ ਨਾ ਪੂਜੇ, ਸਿਰ ਨਾ ਝੁਕੇ, ਗਿਆਨ ਵੇਚ ਅੰਨ ਨਾ ਖਾਏ।
ਪਾਠ ਪੂਜਾ ਕਰ ਘਰ ਘਰ, ਲੋਕਾਂ ਦੀ ਰੰਨ ਨਾ ਬਣ ਜਾਏ।
ਗਿਆਨੀ ਹੈ ਹਾਕਮ ਸੁੱਖ ਲਏ, ਧੰਨ ਪਿੱਛੇ ਦੁੱਖ ਨਾ ਪਾਏ।

ਗਿਆਨੀ ਗਿਆਨ ਪਾਏ ਅਨੁਭਵੀ ਹੋਏ, ਗਿਆਨ ਬਤਾਏ।
ਸ਼ਰ੍ਹਾ ਭੇਖ ਨਾ ਬਣਾਏ, ਸੋ ਗਿਆਨ ਵੇਚ ਧੰਨ ਨਾ ਕਮਾਏ।
ਪਾਠ ਪੂਜਾ ਆਪਾ ਜਾਣ ਦੂਜਾ, ਭੇਡ ਚਾਲੀ ਪੰਥ ਨਾ ਚਲਾਏ।
ਗਿਆਨ' ਚ ਰੰਗਿਆ ਹਾਕਮ ਸੋ ਹੀ ਗਿਆਨੀ ਨਾਮ ਧਰਾਏ।

ਇੱਲ ਦੀ ਥਾਂ ਕੁੱਕੜ ਜਾਣੇ, ਭੇਡਾਂ ਚੋਂ ਊਠ ਪਛਾਨੇ ਗਿਆਨੀ।
ਟੁੱਕੜੇ ਮੰਗਕੇ ਖਾਏ, ਨਾਮ ਰਖਾਇਆ ਗਿਆਨੀ ਧਿਆਨੀ।
ਭੇਖ ਧਾਰੇ ਧਰਾਏ, ਧੱਕੇ ਨਾਲ ਲੋਕ ਬਣਾਏ ਅਗਿਆਨੀ।
ਸੱਭੋ ਸਦਾਨ ਗਿਆਨੀ ਹਾਕਮ ਦੇਖ ਦੇਖ ਹੋਏ ਹੈਰਾਨੀ।

ਸੰਤ

ਸੰਤ ਸੋ ਜਾਣੀਏ ਪੂਰਾ, ਜਿਸਦੀ ਸੰਗਤ ਹੋਈਏ ਮੁਕਤ।
ਭਰਮਾਂ ਵਿੱਚੋਂ ਕੱਡੇ, ਦੱਸੇ ਸੋ ਹੰ ਸ਼ਾਖਸ਼ੀ ਹੋਣ ਦੀ ਜੁਗਤ।
ਨਿਸ਼ਾਨੀ ਸਾਧ ਦੀ, ਹੱਸਦੇ ਹਸਉਂਦੇ ਪਾਏ ਰਾਹ ਸੁਖਤ।
ਸੋ ਸੱਚਾ ਸੰਤ ਹਾਕਮ ਨਾ ਝੁਕਾਏ, ਨਾ ਕਿਸੇ ਅੱਗੇ ਝੁਕਤ।

ਸੰਤ ਸੰਗਤ ਸੋ, ਜੇ ਬ੍ਰਹਮ ਵਿਚਾਰ ਪੜੇ ਸੁਣੇ ਬਖਾਣੇ।
ਸ਼ਾਖਸ਼ੀ ਮੈਂ, ਰੱਬ ਦੀ ਏਕਤਾ, ਜੁਗਤੀ ਉਕਤੀ ਨਾਲ ਜਾਣੇ।
ਜੋ ਰੱਬ ਵਿੱਚੋਂ ਮਾਇਆ ਵੱਖ ਕਰਕੇ, ਸੋ ਦੁੱਧੋਂ ਪਾਣੀ ਛਾਣੇ।
ਸਾਖੀ ਸੋ ਹੰ ਪਾਏ ਹਾਕਮ ਸੋ ਕਰੇ ਮਨ ਪਾਕ, ਸੁੱਖ ਮਾਣੇ।

ਜਿਸ ਪੱਲੇ ਆਪਣੀ ਨਿੱਜ ਮੱਤ ਨਾ, ਗ੍ਰੰਥ ਨਾ ਸਮਝ ਆਏ।
ਸੰਤ ਸੰਗ ਕਰੇ, ਮੱਤ ਪਾਏ, ਨਹੀਂ ਰਾਮ ਰਾਮ ਕਹੀ ਜਾਏ।
ਵਾਰ ਵਾਰ ਸੰਤ ਸੰਗ ਕਰੇ, ਜੜ ਮਨ ਸੋ ਸੋਹਜ਼ੀ ਪਾਏ।
ਪਾਕ ਹੋਏ ਮਨ ਸੰਤ ਸੰਗ ਹਾਕਮ ਸੁੱਤੀ ਬੁੱਧੀ ਜਗਾਏ।

ਸੰਤ ਭ੍ਰਿਸ਼ਟ ਨੂੰ ਉਪਦੇਸ਼ ਨਹੀਂ ਕਰਦਾ, ਜੋ ਹੋਵੇ ਦੁੱਖੀ।
ਚਿੜੀ ਕੱਪੀ ਕਿਹਾ, ਘਰ ਬਣਾ, ਉਸਦਾ ਢਾਏ, ਬੋਲੀ ਰੁੱਖੀ।
ਕਾਂ ਅਟਾਰੀ ਬੈਠ ਗਰੜ ਨਾ ਬਣੇ, ਫਰੋਲੇ ਗੰਦਗੀ ਸੁੱਕੀ।
ਭੇਖੀ ਸੰਤ ਨਾ ਬਣੇ ਹਾਕਮ ਜੇ ਅੰਦਰ ਮੈਂ ਨਾ ਜਾਣੀ ਸੁੱਚੀ।

ਅੰਮ੍ਰਿਤ

ਹਿਰਦੇ' ਚ ਅੰਮ੍ਰਿਤ ਭਰਪੂਰ, ਮੂਰਖ ਭੇਦ ਨਾ ਆਇਆ।
ਕਸਤੂਰੀ ਮਿਰਗ ਨਾ ਜਾਣੇ, ਮਰੇ ਅਗਿਆਨ ਮਰਾਇਆ।
ਆਪਾ ਅੰਮ੍ਰਿਤ ਤਜ, ਬਿੱਖ ਖੱਟੇ, ਭੁਲਾ ਭਰਮ ਭੁਲਾਇਆ।
ਵਿਰਲੇ ਤ੍ਰਿਪਤ ਹਾਕਮ ਜਿੰਨ੍ਹਾਂ ਅੰਦਰੋਂ ਅੰਮ੍ਰਿਤ ਪਾਇਆ।

ਸ਼ਬਦ

ਸੀਤਲ ਹੋਆ ਤਨ ਮਨ, ਹਿਰਦੇ ਸਹਿਜ ਸ੍ਵਾਦ ਆਇਆ।
ਦੇਹੀ 'ਬਦ' ਮੈਂ 'ਸ' ਉਲਟਾਕੇ ਸਬਦ, ਸ਼ਬਦ ਬਣਾਇਆ।
ਅੰਮ੍ਰਿਤ ਏਕੋ ਸ਼ਬਦ ਹੈ, ਭਾਵ 'ਸ' ਹੀ ਮੈਂ ਸੱਤ ਕਹਾਇਆ।
ਸ਼ਬਦ ਹਾਕਮ ਸਤ ਆਪਾ ਮੈਂ ਪਾ, 'ਬਦ' ਦੇਹ ਗਵਾਇਆ।

ਕਵੀ

ਕਹੇ ਵਿਚਾਰ ਤੱਤਸਾਰ ਸੰਗਾਰ, ਕਵੀ ਕਵੀਸ਼ਰ ਬਣੇ।
ਕਲਪੱਤ ਵਿਚਾਰ ਤੱਤਸੰਵਾਰ, ਲਿਖਤ ਕਵਿਤਾ ਗਣੇ।
ਸ਼ਬਦ ਰਸ ਸ਼ੈਲੀ ਲੈਅ ਤੁਕਾਂਤ ਸੋਹਜ ਸੁਆਦ ਬਣੇ।
ਆਪਣਾ ਅਨੁਭਵ ਹੀ ਹਾਕਮ ਕਵੀ ਅੱਖਰਾਂ ਵਿੱਚ ਤਣੇ।

ਸ਼ਬਦ ਵਾਚੇ ਲਖਸ਼ ਪਰੋਏ ਰੂਪ ਰਸ ਤੱਤ ਸੁਗੰਧ।
ਤੋਲ ਤੁਕਾਂਤ ਵਿਚਾਰ ਵਜ਼ਨ ਅਨੁਸਾਰ ਸੋ ਘੜੇ ਛੰਦ।
ਸੁਣੇ ਪੜ੍ਹੇ ਵਿਚਾਰੇ, ਹੋ ਜਾਏ ਚਤੁਰ ਸੁਜਾਨ, ਬੁਧੀ ਮੰਦ।
ਸੋ ਕਵਿਤਾ' ਚੋਂ ਕਵੀ ਦਿਸੇ ਹਾਕਮ ਜਿਵੇਂ ਬੱਦਲਾਂ, ਚੋਂ ਚੰਦ।

ਕਵੀ ਕਲਪਨਾ ਨੂੰ ਅੱਖਰਾਂ ਦੇ ਪਿੰਜਰੇ ਵਿੱਚ ਬੰਦ ਕਰੇ।
ਧਰਤੀ ਦੀ ਦੁੱਖੀ ਦੁਨੀਆਂ ਵਿੱਚ, ਸੁਪਨਿਆਂ ਦੇ ਰੰਗ ਭਰੇ।
ਬੱਦਲਾਂ ਦੀ ਬੇੜੀ ਵਿੱਚ ਚਲਕੇ, ਨੀਲ ਅਕਾਸ਼ ਸੰਗ ਤਰੇ।
ਕਵਿਤਾ ਦੇ ਸ਼ਾਂਤ ਰਸ ਨਾਲ ਹਾਕਮ ਹਿਰਦੇ ਠੰਡ ਧਰੇ।

ਅੰਤਕਾਲ ਬਹੁ ਸਮੇਂ ਤੱਕ ਜੋ ਮਾਇਆ ਸਿਮਰੇ ਚਿੰਤਾ ਕਰੇ।
ਰੁਪਿਆ ਚਿੰਤਨ ਕਰਦੇ ਦਾ, ਸ੍ਵੈਰੂਪ ਅਪਨਾ ਆਪ ਮਰੇ।
ਜੀਉਂਦਾ ਹੀ ਮੁੜ ਮੁੜ ਸੱਪ ਦੀ ਜੂਨ ਆਪ ਉਹ ਵਿੱਚਰੇ।
ਧੰਨ ਸਿਮਰੇ ਹਾਕਮ ਅੰਦਰੋਂ ਗੋਬਿੰਦ ਆਪ ਨਾ ਵਿਸਰੇ।

ਜੋ ਹਰ ਸਮੇਂ ਹੀ, ਇਸਤਰੀ ਦੀ ਸੂਰਤ ਮਨ ਵਿੱਚ ਰੱਖੇ।
ਚਿੱਤ ਵਿੱਚ ਤਿੰਨ ਕਾਲ, ਵਿਸ਼ੇ ਚਿੰਤਨ ਦੀ ਹੀ ਅਗਨੀ ਭੱਖੇ।
ਵਿੱਖ ਵਿਸ਼ੇ ਚਿੰਤਨ ਵਿੱਚ ਹੀ ਮਰੇ, ਮਨ ਹਰ ਸਮੇਂ ਧੁਖੇ।
ਵੇਸ਼ਵਾ ਰੂਪ ਹੋ ਜਾਏ ਹਾਕਮ ਹੋਰਾਂ ਦੁਖਾਏ ਆਪੇ ਦੁੱਖੇ।

ਮੁੱਡ ਤੋਂ ਅੰਤਕਾਲ ਤੱਕ ਹੀ ਜੋ ਪੁਤਰਾਂ ਧੀਆਂ ਲਈ ਜੀਵੇ।
ਸਾਰੀ ਉਮਰ ਮਾਇਆ ਮਿਥਿਆ ਲਈ ਮਰਦਾ ਸੂਰ ਥੀਵੇ।
ਚਿਕੜ' ਚ ਸੂਰ ਬਣ ਜੀਵੇ, ਖਿੰਨ ਸੱਤਸੰਗ ਨਾ ਕਰੀਵੇ।
ਮੋੜ ਮੋੜਕੇ ਹਾਕਮ ਮਨ ਨੂੰ ਮਾਇਆ ਵਿੱਚ ਹੀ ਰਖੀਵੇ।

ਸਾਰੀ ਉਮਰ ਜੋ ਮਹਿਲ ਮਾੜੀਆਂ ਵਿੱਚ ਹੀ ਖੁੱਭਿਆ ਰਹੇ।
ਪੰਜ ਭੂਤਾਂ ਦੀ ਸਮੱਗਰੀ' ਚ ਫੱਸਿਆ ਭੂਤ ਜੂਨ ਹੀ ਗਹੇ।
ਬਿਨ ਸਤ ਸੰਗਤ ਮੈਂ ਸਾਖੀ ਜਾਣੇ, ਭੂਤ ਦੇਹੀ ਬਣ ਬਹੇ।
ਕਲਪਤ ਧਰਮੀ ਹਾਕਮ ਪ੍ਰੇਤ ਬਣੇ ਬਿਨ ਸੋ ਹੰ ਕਹੇ।

ਸ਼ਾਖਸ਼ੀ ਮੈਂ ਸਿਮਰਨ ਹੀ ਚਿੱਤ' ਚ ਹਰ ਸਮੇਂ, ਮਨ ਮਰੇ।
ਅਜੇਹੇ ਚਿੰਤਨ' ਚ ਤਿੰਨ ਕਾਲ ਮਰਨਾ ਹੀ ਮੁਕਤ ਕਰੇ।
ਸੋ ਸ਼ਾਖਸ਼ੀ ਹਿਰਦੇ ਵਸੇ ਤਾਕੇ, ਦੇਹੀ ਤੋਂ ਮਨ ਰਹੇ ਪਰੇ।
ਸਾਖੀ ਹੋਕੇ ਸੋ ਮੈਂ ਹਾਕਮ ਭਵਸਾਗਰ ਪਾਰ ਉਤਰੇ।

ਲਛਮੀ ਇਸਤਰੀ, ਪੁਤੱਰ, ਮੰਦਰ ਵਿੱਚ ਜੇ ਮਨ ਰੱਖੇ।
ਸੱਪ, ਵੇਸ਼ਵਾ, ਸੂਰ, ਪ੍ਰੇਤ, ਬਣ ਸਾਰੀ ਉਮਰ ਖੇਹ ਭੱਖੇ।
ਸੋ ਹੰ ਮੈਂ ਸ਼ਾਖਸ਼ੀ ਜਪੇ ਵਾਰ ਵਾਰ ਮੁਕਤੀ ਰਸ ਚੱਖੇ।
ਆਪ ਤਰੇ ਹਾਕਮ ਹੋਰਾਂ ਨੂੰ ਸਤਕਰਤਾਰੇ, ਰਾਹ ਦੱਸੇ।

ਅਪਨਾ ਆਪ ਤਜ, ਪਰ ਤੋਂ ਪ੍ਰੇਰਿਆ ਜਾਏ, ਸੋਈ ਹੈ ਪ੍ਰੇਤ।
ਸੱਤ ਚਿੱਤ ਅਨੰਦ ਅੰਮ੍ਰਿਤ ਤਜ, ਨਾਮ ਰੂਪ ਫੱਕੇ ਰੇਤ।
ਪਰ ਇਸਤਰੀ ਭੋਗਨੀ ਹੈ, ਸੱਪ ਨਾਲ ਕਰਨਾ ਹੇਤ।
ਪੁਤਰੀਂ ਸੁੱਖ ਭਾਲਨਾ ਹਾਕਮ ਸੂਰ ਬਣ ਰਹਿਨਾ ਨੇਤ।

ਹਰ ਹਰਜਨ ਦੋਨੋ ਇੱਕ ਹਨ, ਦੂਜੀ ਵਿਚਾਰ ਨਾ ਕਾਏ।
ਅੱਗ ਦੇ ਕਿਣਕੇ ਅੱਗ ਚੋਂ ਉੱਠਕੇ ਅੱਗ ਵਿੱਚ ਹੀ ਸਮਾਏ।
ਇੱਕ ਤੋਂ ਅਨੇਕ ਹੋਏ, ਫਿਰ ਇੱਕ ਹੀ ਵਿੱਚ ਕਾਰ ਕਮਾਏ।
ਨਾਮ ਰੂਪ ਬਦਲਨ ਹਾਕਮ ਇੱਕ ਸਦਾ ਸੱਤ ਸਦਾਏ।

ਸੁਰਗ ਪ੍ਰਾਪਤੀ ਕਾਮਨਾ ਲਈ, ਨਹੀਂ ਪੁੰਨ ਦਾਨ ਕਰੀਏ।
ਨਿਸ਼ਕਾਮ ਹੋਕੇ ਸਹਾਇਤਾ ਕਰੀਏ, ਭਾਵੇਂ ਦੁੱਖ ਜਰੀਏ।
ਪਰਉਪਕਾਰ ਕਰਦੇ ਰਹੀਏ, ਸੁਰਗ' ਚ ਨਾ ਵੜੀਏ।
ਨਿਮਰਤਾ ਰੱਖੀਏ ਹਾਕਮ ਆਪਣੇ ਆਪੇ ਵਿੱਚ ਮਰੀਏ।

ਹੋਣਾ ਹੈ, ਸੋ ਹੋਣਾ ਹੀ ਹੈ, ਮਨ' ਚ ਨਾ ਰੱਖੀਏ ਬੇਗ਼ਾਨੀ ਆਸ।
ਨਿਸ਼ਕਾਮ ਕਰਮਸ਼ੀਲ ਰਹੇ, ਫਲ ਤੋਂ ਨਾ ਹੋਏ ਨਿਰਾਸ।
ਸ਼ਾਖਸ਼ੀ ਬਣ ਰਹੀਏ ਅਕਰਤਾ, ਮਨ' ਚ ਰਹੇ ਬਿਗਾਸ।
ਹੱਥ ਕਾਰ' ਚ ਹਾਕਮ ਦਿਲ ਯਾਰ' ਚ ਮੁਖੋਂ ਸੋ ਹੰ ਬਿਲਾਸ।

ਜੱਪ ਤੱਪ ਪੂਜਾ ਪਾਠ, ਕਿਸੇ ਕੰਮ ਨਾ ਤੀਰਥ ਇਸ਼ਨਾਨ।
ਕਰਮ ਧਰਮ ਸੰਜਮ, ਪਾਪ ਪੁੰਨ, ਕਿਸੇ ਲੇਖੇ ਨਾ ਦਾਨ।
ਸੂਰਤ ਨਾਲ ਮੈਂ ਸਾਖੀ ਨਾ ਜਾਣੀਏ, ਜੱਦ ਤੱਕ ਭਗਵਾਨ।
ਬਿਫਲ ਹੈ ਹਾਕਮ ਜੇ ਉਪਕਾਰੀ ਨਾ ਬਣੀਏ ਇਨਸਾਨ।

ਰੰਗ ਰੂਪ ਦੇਖ ਨਾ ਤਿਲਕੀਏ, ਕੋਝਾ ਦੇਖ ਨਾ ਹੱਸੀਏ।
ਖੇੜ੍ਹਾ ਵੰਡਦੇ, ਖਿੜ੍ਹੇ ਫੁੱਲਾਂ ਦੀ ਮਹਿਕ ਲਏ, ਨਾ ਫੱਸੀਏ।
ਕੰਡਿਆਂ' ਚ ਨਾ ਹੱਥ ਪਾਈਏ, ਹੱਸਨ ਦੇਈਏ, ਨਾ ਕਟੀਏ।
ਚਮਕ ਤੇ ਨਾ ਡਿੱਗੀਏ ਹਾਕਮ ਲਗ਼ਾਮ ਕਾਮਨਾ ਦਾ ਕੱਸੀਏ।

ਸੰਤ ਦੀ ਸੇਵਾ ਕਰੀਏ, ਹਰ ਵਸੇ ਜਿਸ ਹਿਰਦੇ ਮਝਾਰ।
ਚਮੜੀ ਨਾ ਹੋਏ ਸੋ ਸਾਧ, ਸ਼ਾਖਸ਼ੀ ਮੈਂ ਵਿੱਚ ਹੋਏ ਮੁਰਾਰ।
ਸੇਵਕ ਸੇਵਾ ਕਰ ਬਣੇ ਸੰਤ, ਝੂਠੀ ਦੇਹੀ ਤੋਂ ਹੋਏ ਪਾਰ।
ਸੱਤ' ਚ ਜਾਗਕੇ ਹਾਕਮ ਮਿਥਿਆ ਸੁਪਨਾ ਲੱਗੇ ਸੰਸਾਰ।

ਅੱਠ ਪਹਿਰ ਮੈਂ ਸਰਵਮਈ, ਨੇੜੇ ਤੋਂ ਨੇੜੇ ਕਰ ਜਾਨੇ।
ਦੁੱਖ ਸੁੱਖ ਮਾਨ ਅਮਾਨ, ਮਨ ਦੇ ਧਰਮ ਪ੍ਰਤੱਖ ਮਾਨੇ।
ਦੇਹੀ ਜੜਵਤ ਹੈ, ਇਸਨੂੰ ਨਹੀਂ ਕੋਈ ਮਾਨ ਅਭਿਮਾਨੇ।
ਜਾਨਣਹਾਰ ਹਾਕਮ ਸੋ ਸਾਖੀ ਵੱਖ ਸਮਝੇ ਭਗਵਾਨੇ।

ਡਿਗਨ ਡੋਲਨ, ਮਰਨ ਜਨਮ, ਸੱਭ ਮਨ ਦੇ ਭਰਮਾ।
ਭਰਮ ਕੱਟੇ, ਸੋ ਹੰ ਗਿਆਨ ਪਾਏ, ਮਨ ਪਾਏ ਬਿਸਰਾਮਾ।
ਹਰ ਬਿਸਰਤ ਦੇਹੀ ਬਣੇ, ਮਨ ਧਿਆਂਏ ਨਾ ਸੋ ਹੰ ਨਾਮਾ।
ਸੋ ਹੰ ਧਿਆਏ ਹਾਕਮ ਪਾਏ ਸੋ ਸਾਖੀ ਮੈਂ ਅਗਮ ਅਗਾਮਾ।

ਸੋ ਮੈਂ ਜੋ ਪਾਏ, ਸਰਵ ਫਲ ਪਾਏ, ਸੋ ਜਨ ਹੋਏ ਸੁਖੀਆ।
ਉਸਦੇ ਭਾਣੇ ਕੋਈ ਨਹੀਂ ਭੁੱਲਿਆ, ਕੋਈ ਨਾ ਦਿਸੇ ਦੁਖੀਆ।
ਹਰ ਸਮੇਂ ਭੀਤਰ, ਗਿਆਨ ਦੀ ਜੋਤ ਜਗ੍ਹੇ, ਚਹੁ ਮੁਖੀਆ।
ਖੋਜ ਕਰੇ ਹਰ ਹਾਕਮ ਅੰਤਰਜਾਮੀ ਸਰਵ ਸੁਖੀਆ।

ਭੇਖ ਬਣਾਏ, ਜਟਾਂ ਵਧਾਏ, ਗਲੀਂ ਪਉਣ ਜਪ ਮਾਲੀਆਂ।
ਮੁੱਡ ਨਾ ਜਾਨਣ, ਸੁੱਖ ਨਾ ਮਾਨਣ, ਪੂਜਨ ਪੱਤ ਡਾਲੀਆਂ।
ਬਾਹਰ ਦਿਖਾਵਾ ਭੇਖ ਡਰਾਵਾ, ਬੁੱਧੀਆਂ ਅਸਲੋਂ ਖਾਲੀਆਂ।
ਠੂਠੇ ਫੜ ਗਲੀਏਂ ਫਿਰਨ ਹਾਕਮ ਜਿਵੇਂ ਸੂਰ ਨਾਲੀਆਂ।

ਰੱਬ ਦੇ ਭਗਤ ਨਹੀਂ ਆਖੀਏ, ਇਹ ਭਿਖਾਰੀਆਂ ਦੇ ਵੱਗ।
ਮੰਤਰ ਜੰਤਰ ਟੂਣੇ ਕਰਕੇ, ਸੁਆਣੀਆਂ ਨੂੰ ਲੈਣ ਠੱਗ।
ਦੁੱਖਾਂ ਦੇ ਮਾਰੇ ਬੁਹਤੇਰੇ, ਜਾਲ' ਚ ਫੱਸ ਜਾਣ, ਲਾਈ-ਲੱਗ।
ਪੂਰੀ ਨਾ ਪਏ ਹਾਕਮ ਸਾਰੀ ਉਮਰ ਲੁੱਟਕੇ ਖਾਨ ਜੱਗ।

ਨਿਰਜੀਵ ਬੁੱਤ ਬੁੱਕ ਅੱਗੇ, ਜੀਵ ਫੁੱਲ ਤੋੜ ਚੜਉਨ।
ਟਹਿਕਦੇ ਮਹਿਕਦੇ ਫੁੱਲ, ਅੰਨੇ ਜੜ ਅੱਗੇ ਟਕਉਨ।
ਪੂਜਾਰੀ ਮੂਰਖਤਾ ਦੇਖ, ਅੱਖੀਆਂ ਵਿੱਚ ਮੁਸਕਰਉਨ।
ਵਿਦਿਆ ਤੋਂ ਹਾਕਮ ਚਾਨਣ ਨਹੀਂ ਲਿਆ, ਜੇਬਾਂ ਕਟਉਨ।

ਆਪ ਉਠਾਏ ਬਠਾਏ, ਕਪੜੇ ਵਛਾਏ ਪੁਆਏ ਉਤਾਰੇ।
ਸ਼ਰਮ ਨਾ ਆਏ, ਓਲਟੇ ਨੱਕ ਰਗੜਨ, ਦੁੱਖਾਂ ਦੇ ਮਾਰੇ।
ਸੋ ਸੁੱਖ ਕਿੱਦਾਂ ਦੇਊ, ਜੋ ਆਪ ਪਰਅਧੀਨ, ਪਰ ਸਹਾਰੇ।
ਪੂਜਾਰੀ ਦੀ ਚਾਂਦੀ ਹਾਕਮ ਉਹ ਪੈਸੇ ਦੇਖ ਬੜਕਾਂ ਮਾਰੇ।

ਪੂਜਾਰੀਆਂ ਨੇ ਜੜ ਉਪੱਰ, ਸੁਨਹਿਰੀ ਛੱਤਰ ਝਲਾਏ।
ਹੱਥ ਡੰਡੇ ਫੜਕੇ, ਮੱਖੀਆਂ ਅਡਉਨ ਦੇ ਢੰਗ ਬਣਾਏ।
ਹਾਰਾਂ ਫੁੱਲਾਂ ਧੂਪਾਂ ਜੋਤਾਂ ਸੈਂਟਾਂ ਨਾਲ, ਚਾਰ ਚੁਫੇਰੇ ਮ੍ਹੈਕਾਏ।
ਸੋਹਣੀ ਦੁਕਾਨ ਹੈ ਹਾਕਮ ਕਿਤੇ ਨਜ਼ਰ ਨਾ ਲੱਗ ਜਾਏ।

ਪਉਣਾ ਸੀ ਗਿਆਨ, ਬਨਣਾ ਸੀ ਦਾਨਾ ਇਨਸਾਨ ਮਹਾਨ।
ਬੁੱਤਾਂ ਬੁੱਕਾਂ ਤੋਂ ਪ੍ਰੇਰਨਾ ਸੀ ਲੈਣੀ, ਬਣਾ ਲਏ ਭਗਵਾਨ।
ਠੀਕ ਅਦਬ ਕਰਨਾ, ਚੰਗਾ ਨਹੀਂ ਲਗਦਾ ਪੂਜਾ ਕਰਾਨ।
ਕੋਈ ਸਮਝਾਏ ਹਾਕਮ ਦੇਖਾ ਦੇਖੀ ਸੱਭ ਡੁੱਬੀ ਜਾਨ।

ਸੰਭਾਲੋ ਅਦਬ ਨਾਲ, ਗਿਆਨ ਲਉ, ਆਪਾ ਸੋ ਵੀ ਸੰਭਾਲੋ!
ਆਤਮ ਧੰਨ ਪਾਉ! ਸਿਰ ਚੁੱਕੋ! ਹੋ ਜਾਉ ਸੋ ਮੈਂ ਮਾਲਾ-ਮਾਲੋ!
ਜੜ ਅੱਗੇ ਸਿਰ ਨਾ ਸੁੱਟੋ! ਚੇਤਨ ਬਣੋ! ਸ੍ਵੈਮਾਨ ਨਾ ਗਾਲੋ!
ਮਨੁੱਖਤਾ ਨੂੰ ਦਾਗ਼ ਨਾ ਲਾਉ ਹਾਕਮ ਰੱਬ ਹੋ ਰੱਬ ਭਾਲੋ!

ਨਿਰਗੁਣ ਹੋਕੇ, ਗੁਣ ਪੂਜਕੇ, ਇਹ ਤਾਂ ਪੁੱਠੀ ਹੋਈ ਮੱਤ।
ਬੁੱਤ ਪੂਜਾਕੇ, ਵਿਹਲੇ ਬਹਿਕੇ, ਖਾਣ ਦੀ ਪੈ ਗਈ ਇਲੱਤ।
ਕੋਹੜੀ ਬਣੇ, ਪੂਜਾ ਪਾਕ ਖਾਏ ਡੁੱਬੇ, ਨਹੀਂ ਰਹੇ ਇਜ਼ੱਤ।
ਗਿਆਨ ਪਉਣਾ ਸੀ ਹਾਕਮ ਸੋ ਉਲਟੀ ਗਵਾ ਲਈ ਪੱਤ।

ਅਗਿਆਨੀ ਅੰਨਿਆਂ ਨੂੰ ਜਿੱਥੇ ਕੋਈ ਲਾਏ ਉੱਥੇ ਲੱਗ ਜਾਨ।
ਜੈਸੇ ਕਰਮ ਕਾਂਡ ਵਿੱਚ ਲਾਏ, ਵੈਸੇ ਕਰਮ ਕਮਾਨ।
ਪਖੰਡੀ ਭੇਖੀ ਦੇ ਮਗਰ ਲੱਗਕੇ, ਵੈਸੀ ਹੀ ਖੇਹ ਉਡਾਨ।
ਅਨੁਭਵੀ ਜੇ ਮਿਲੇ ਹਾਕਮ ਉਸਨੂੰ ਸਮਝ ਹੀ ਨਾ ਪਾਨ।

ਗੁਰ ਭੇਟੇ ਸੋ, ਪੁਨਰ ਜਨਮ ਦਾ ਮਿੱਟੇ ਵਹਿਮ ਅੰਧੇਰ।
ਨਰਕ ਸੁਰਗ ਪੁੰਨ ਪਾਪ ਦੀ, ਰਹੇ ਨਹੀਂ ਘੁੰਮਨਘੇਰ।
ਸ਼ਾਖਸ਼ੀ ਮੈਂ ਸੋ ਹੰ ਦਾ ਅਨੁਭਵ ਕਰਾਏ, ਸੋ ਲਾਏ ਨਾ ਦੇਰ।
ਦੁਬਦਾ ਮਟਾਏ ਹਾਕਮ ਦੇਹੀ ਮੈਂ ਮੇਰੀ ਦੀ ਛਡਾਏ ਮੇਰ।

ਚਿੱਤ ਚੇਤ ਸਰਵ ਵਿਆਪਕ, ਸਰਵਮਈ ਸਰਵ ਕੋਏ।
ਜੋ ਖੰਡੀ ਬ੍ਰਹਮੰਡੀਂ ਪਾਵੇ, ਹੋਇਆ ਪਹਿਲਾਂ, ਹੋਣਾ ਹੈ ਸੋਏ।
ਜਨਨੀ ਉਦਰ ਮਾਹਿ ਜਿਸ ਕੀਆ ਹੈ, ਬਾਹਰ ਸੋਈ ਹੋਏ।
ਬਾਹਰ ਆਏ ਰੋਏ ਹਾਕਮ ਸੋਈ ਭਰੋਸਾ ਛੱਡ ਖਲੋਏ।

ਉਦਰ ਵਿੱਚ, ਸਰੀਰ ਘੜਕੇ ਬਣਾਇਆ ਦੱਸ ਦੁਆਰਾ।
ਗਿਆਨ ਅਤੇ ਕਰਮ ਇੰਦਰੀਆਂ ਨਾਲ, ਸੋ ਕੀਤਾ ਸੰਗਾਰਾ।
ਪਾਣੀ ਮਿੱਟੀ ਦੇ ਬੁੱਤ ਵਿੱਚ ਪ੍ਰਾਨ ਪਾਕੇ, ਕੀਤਾ ਚਲਨਹਾਰਾ।
ਅੱਗ' ਚ ਨਹੀਂ ਸੜਨ ਦਿੱਤਾ ਹਾਕਮ ਐਸਾ ਰਖਨਹਾਰਾ।

ਕਛੂਕੁੰਮੀ ਵਾਸ ਜਲ' ਚ, ਬੱਚੇ ਦਿੱਤੇ ਖ਼ੁਸ਼ਕ ਰੇਤ ਮਾਹਿ।
ਪਾਣੀ ਨਹੀਂ, ਮਰੇ ਨਹੀਂ, ਮਾਂ ਬਾਪ ਨਹੀਂ ਪਾਸ ਕੋਈ ਰਹਾਇ।
ਪਾਲਨਹਾਰਾ ਪਾਲਦਾ ਹੈ, ਕਿਸੇ ਤੋਂ ਬੇਨਤੀ ਨਹੀਂ ਕਰਾਇ।
ਰੱਬ ਭੁਲਾ ਹਾਕਮ ਸਾਰੀ ਉਮਰ ਪਾਲਨ' ਚ ਮਰੀ ਜਾਇ।

ਪੱਥਰ ਵਿੱਚ ਕੀੜਾ, ਬਾਹਰ ਨਿਕਲਨ ਦਾ ਮਾਰਗ ਨਾਹੀ।
ਕਾਦਰ ਦੀ ਕੁਦਰੱਤ ਦੇਖੋ! ਵਿੱਚੇ ਰਿਜ਼ਕ ਦੇ ਪਹੁਚਾਹੀ।
ਰੱਬ ਨੇ ਆਦਮੀ ਨੂੰ, ਅਪਣਾ ਮੁਖਤਿਆਰ ਬਣਾ ਭੇਜਾਹੀ।
ਪਾਲਨ ਦੀ ਥਾਂ ਹਾਕਮ ਮਨੁੱਖ ਮਾਰੀ ਜਾਏ ਬੇ-ਵਜਾਹ ਹੀ।

ਬੰਦਾ, ਰੱਬ ਨੇ ਅਪਨਾ ਸਰਗੁਣ ਰੂਪ, ਪ੍ਰਗਟ ਕਰਾ ਹੀ।
ਰੱਬ ਤੋਂ ਵੱਖ ਹੋਕੇ, ਆਦਮੀ ਨਾਲ ਆਦਮੀ ਲੜ ਮਰਾ ਹੀ।
ਸਰਗੁਣ ਰੂਪ ਰੱਬ ਦਾ ਮਨੁੱਖ, ਸੋ ਬੰਦੇ ਤੋਂ ਹੀ ਡਰਾ ਹੀ।
ਕਦੀ ਨਹੀਂ ਮਰੇਂਗਾ ਹਾਕਮ ਨਿਰਗੁਨ ਰੱਬ ਸੋ ਹੰ ਪਾ ਹੀ।

ਦੇਹੀ ਬਣ, ਬਿੱਖ ਬਣਿਆ, ਸੋ ਹਰ ਅੰਮ੍ਰਿਤ ਬੰਦੇ ਅੰਦਰ।
ਦੇਹੀ ਡਾਕੂ ਲੁਟੇਰੀ ਬਣਾਈ, ਬਣਉਨੀ ਸੀ ਹਰਮੰਦਰ।
ਬੰਦੇ ਦਾ ਦਿਲ ਸੰਘਾਸ਼ਨ ਜਿਥੇ ਬਿਰਾਜੇ ਸੋ ਵਿਸ਼ਵਾਭੰਰ।
ਮੈਲਾ ਨਾ ਕਰ ਦਿਲ ਨੂੰ ਹਾਕਮ ਸਾਫ ਰੱਖ ਵਾਂਗ ਅੰਬਰ।

ਅੰਮ੍ਰਿਤ ਪਾਣੀ ਨਹੀਂ, ਵਿਚਾਰ ਹੈ, ਨਾਮ ਹੈ ਸਦ ਮੀਠਾ ਲਗੇ।
ਸੱਚ ਬਾਨੀ, ਸੱਚ ਸਮਾਣੀ ਸਮਝੇ ਪ੍ਰਾਨੀ, ਇਸਨੂੰ ਨਾ ਤਗੇ।
ਸੱਚ ਜਾਣ, ਗਿਆਨ ਤੇਲ ਪਾਏ, ਅੰਦਰ ਬੁਝੀ ਜੋਤ ਜਗੇ।
ਸੱਚ ਚੰਦਰਮਾ ਚੜ੍ਹੇ ਹਾਕਮ ਅਗਿਆਨ ਅੰਧੇਰ ਭਜੇ।

ਸੱਚ ਝੂਠ ਦਾ ਵੈਰ ਹੈ, ਦੋਵੇਂ ਨਹੀਂ ਰਹਿ ਸਕਨ ਇੱਕ ਥਾਂ।
ਮਨ ਮਾਇਆ ਸਿਮਰੇ ਜਾਂ ਚਿਤਵੇ ਸੱਤ ਚਿੱਤ ਅਨੰਦ ਹਾਂ।
ਜੱਗ ਦੇ ਦੁੱਖ ਸੁੱਖ ਸਹੇ ਜਾਂ ਮਾਣੇ ਸਵੈਰਗ ਆਪੇ ਦੀ ਛਾਂ।
ਦੇਹੀ ਨੂੰ ਫੜਕੇ ਹਾਕਮ ਕੋਈ ਨਾਂ ਲੰਘੇ ਦੁੱਖਾਂ ਤੋਂ ਅਗਾਂਹ।

ਇੱਕੋ ਜਿਹਾ ਜੰਮਨਾ ਮਰਨਾ ਸੌਣਾ ਜਾਗਣਾ ਰਹਿਨਾ ਜੱਗ।
ਥੋਥੇ ਧਰਮ ਦੀ, ਭਿੰਨ ਭਿੰਨ ਸੋਚ, ਪਰਜਾ ਲਈ ਠੱਗ।
ਪਹਿਰਾਵੇ ਪਿੱਛੇ ਲੜ ਮਰਨ, ਸੋ ਭੇਖੀਆਂ ਮਗਰ ਲੱਗ।
ਏਕਤਾ ਤੋਂ ਹਾਕਮ ਸੁਆਰਥੀਆਂ ਨੇ ਕਰ ਦਿੱਤੇ ਅਲੱਗ।

ਪਾਠ ਪੜ੍ਹੇ, ਵੇਦ ਵਿਚਾਰੇ, ਨੇਤੀ ਧੋਤੀ ਕਰੇ ਸਮਝ ਦੇਹੀ।
ਪੰਜ ਰਸਾਂ ਤੋਂ ਸੰਗ ਨਾ ਛੁਟਕੇ, ਮਾਇਆਵੀ ਕਾਰ ਕਰੇਹੀ।
ਅਹੰਬੁੱਧ ਕਰਮ ਕਰੇ, ਇਸ ਬਿਧ ਸੋ ਹਰ ਮਿਲੇ ਨੇਹੀ।
ਹਰ ਮਿਲੇ ਹਾਕਮ ਹਰ ਬਿਨ ਆਪ ਨਹੀਂ ਸਮਝੇ ਕੇਹੀ।

ਨੰਗਾ ਫਿਰੇ, ਕਰਪਾਤੀ ਹੋਏ, ਮੋਨੀ ਹੋਏ ਵਸੇ, ਬਨ ਮਾਹਿ।
ਧਰਤੀ ਫਿਰੇ, ਤੀਰਥ ਵਸੇ, ਲੂੰ ਦੇ ਕਟਾਏ ਦੂਈ ਨਾ ਜਾਹਿ।
ਮੰਨ ਦੀ ਮੈਲ ਨਹੀਂ ਜਾਏ, ਦੁਬਿਧਾ ਵਸੇ, ਸਹਿਜ ਨਾ ਪਾਹਿ।
ਲੱਖ ਕਰਮ ਕਮਾਏ ਹਾਕਮ ਗੁਰ ਬਿਨ ਗਿਆਨ ਨਾਹਿ।

ਖੱਟ ਕਰਮ, ਡੰਡਉਤ ਬੰਦਨ, ਪੂਜਾ ਪਾਠ ਨਾਮ ਦਾਨ।
ਚਉਰਾਸੀਹ ਆਸਨ, ਸਿਧੀ, ਜੋਗ ਨਾਲ ਨਹੀਂ ਬਣੇ ਕਾਮ।
ਰਾਜ ਵਡਿਆਈ ਸੋਭਾ ਸੁੰਦਰ ਸੇਜ ਸੱਭ ਨਰਕ ਧਾਮ।
ਸੋ ਹੰ ਜਾਪ ਹਾਕਮ ਜਾਣੇ ਆਪ ਸੁੱਖ ਸ਼ਾਂਤੀ ਮਿਲੇ ਨਿਧਾਨ।

ਸੰਤ ਸੰਗਤ, ਹਰ ਕੀ ਰੱਤ, ਸੋ ਸੱਰਵ ਸ੍ਰੇਸ਼ਟ ਕਰਮ।
ਹਰ ਲੱਖ ਹਰਜਾਈ, ਹਰ ਸਮੇਂ ਸਰਵ ਸੱਤ ਧਰਮ।
ਹਰ ਜਾਣ, ਹਰ ਹੋ, ਹਰ ਪੱਲ ਸ਼ਾਖਸ਼ੀ ਹੈ, ਦੁੱਖ ਹਰਨ।
ਦ੍ਰਿਸ਼ਟਾ ਹੋਕੇ ਹਾਕਮ ਸੁਖੀ ਹੋ, ਰੱਖ ਨਾ ਮਨ' ਚ ਭਰਮ।

ਕੋਈ ਬੁੱਤ ਪੂਜ ਪੂਜਕੇ ਮਰੇ, ਕੋਈ ਮਰੇ ਸਿਰ ਝੁਕਾਏ।
ਕੋਈ ਪੂਜਾ ਕਰਾਏ ਕਰਾਏ ਮਰੇ, ਕੋਈ ਮਰੇ ਪੂਜਾ ਖਾਏ।
ਕੋਈ ਮਾਇਆ ਲੁਟਾਏ ਮਰੇ, ਕੋਈ ਮਰੇ ਮਾਇਆ ਕਮਾਏ।
ਸੱਭ ਆਪਾ ਗਵਾ ਮਰੇ ਹਾਕਮ ਕੋਈ ਨਾ ਮਰੇ ਆਪਾ ਪਾਏ।

ਕੋਈ ਹਿੰਦੂ ਮੁਸਲਿਮ ਸਿੱਖ ਪਾਰਸੀ ਇਸਾਈ ਬਣ ਗਿਆ।
ਕੋਈ ਪੂਜਾਰੀ ਮੁੱਲਾਂ ਕਾਜ਼ੀ ਪਾਦਰੀ ਬੋਧੀ ਭਾਈ ਬਣ ਗਿਆ।
ਇਨਸਾਨੀਅਤ ਛੱਡ ਜਦੋਂ ਆਦਮੀ ਧਰਮੀ ਬਣ ਗਿਆ।
ਉਦੋਂ ਧਰਮੀ ਲਈ ਹਾਕਮ ਧਰਮ ਕਸਾਈ ਬਣ ਗਿਆ।

ਕੀ ਪੜ੍ਹੀਏ, ਕੀ ਸੁਣੀਏ, ਕੀ ਮੰਨੀਏ, ਕੀ ਜਾਣੀਏ, ਕੀ ਗੁਣੀਏ।
ਕੀ ਵੇਦ ਪੁਰਾਨਾਂ ਗ੍ਰੰਥਾਂ ਕਤੇਬਾਂ ਦੀ, ਕਥਾ ਕਹਾਣੀ ਸੁਣੀਏ।
ਮਾਇਆ ਮਈ ਰਚਨਾ ਦਾ, ਬਖੀਆ ਕੀ ਦੇੜੀਏ, ਕੀ ਬੁਣੀਏ।
ਪੜ੍ਹੇ ਸੁਣੇ ਕੀ ਹੋਏ ਹਾਕਮ ਜੇ ਝੂਠ' ਚੋਂ ਸੱਤ ਨਾ ਚੁਣੀਏ।

ਜੇ ਕਹੇ ਮੈਂ ਦੇਹੀ, ਤਾਂ ਸੱਤ ਚਿੱਤ ਅਨੰਦ ਨਾ ਹੋਇਆ ਜਾਈ।
ਜੇ ਸੱਤ ਹੋ ਜਾਏ, ਸਰਵ ਵਿਆਪਕ, ਦੇਹੀ ਰਹੇ ਨਾ ਰਾਈ।
ਜਾਪਣ ਸਾਰੇ ਆਪਣੇ, ਬੇਗ਼ਾਨਾ ਲੱਗੇ ਨਹੀਂ ਕਾਈ।
ਇੱਕ ਜੋਤ ਜਗ੍ਹੇ ਹਾਕਮ ਡਰੌਣੇ ਲੱਗਨ ਨਾ ਮੁੱਲਾਂ ਭਾਈ।

ਸੋਈ ਜਪ ਤਪ ਪੂਜਾ, ਜਿਸ ਨਾਲ ਹਰ ਹੀ ਹੋਇਆ ਜਾਏ।
ਜੋ ਜਪ ਤਪ ਪਾਠ ਪੂਜਾ, ਇੱਕ ਦੂਜੇ ਨਾਲ ਵੈਰ ਵਧਾਏ।
ਦੂਈ ਦਵੈਸ਼ ਪੈਦਾ ਕਰੇ, ਇੱਕ ਦੂਜੇ ਨਾਲ ਸਿੰਗ ਫਸਾਏ।
ਪੂਜਾ ਨਾ, ਦੂਜਾ ਹਾਕਮ ਪੂਜਾ / ਪੁੱਜਾ ਦੂਈ ਦਵੈਸ਼ ਮਟਾਏ।

ਭੱਠ ਪਿਆ ਸੋਨਾ, ਜਿਹੜਾ ਚੋਰਾਂ ਡਾਕੂਆਂ ਤੋਂ ਕੰਨ ਪੜਾਏ।
ਭੱਠ ਪਈ ਪੂਜਾ ਸੰਧਿਆ, ਜਿਹੜੀ ਰੱਬ ਤੋਂ ਵੱਖ ਕਰਾਏ।
ਭੱਠ ਪਏ ਥੋਥੇ ਧਰਮ ਕਰਮ, ਜੋ ਆਪਸ' ਚ ਲੜਾਏ।
ਪੂਜਾ ਹੈ ਮਟੌਣਾ ਦੂਜਾ ਹਾਕਮ ਹਰ ਹੀ ਮੈਂ ਨਦਰੀਂ ਆਏ।

ਬੰਦੇ ਖੋਜ ਹਰ ਰੋਜ਼ ਹਿਰਦੇ ਮਾਹਿ, ਨਾ ਫਿਰ ਵਾਂਗ ਢੋਰ।
ਇਹ ਜੱਗ ਮੇਲਾ, ਹੱਥ ਨਾ ਆਏ ਧੇਲਾ, ਨਾ ਬਣ ਵਾਧੂ ਚੋਰ।
ਸੱਤ ਬਿਨ ਜਿੰਦ ਨਾ ਰੋਲ, ਜਿਵੇਂ ਪੈਰਾਂ ਨੂੰ ਦੇਖ ਝੁਰੇ ਮੋਰ।
ਮਿੱਟੀ ਨਾ ਫਰੋਲ ਹਾਕਮ ਨਾ ਲੱਭਨੇ ਸ੍ਵਾਸ ਗਵਾਚੇ ਹੋਰ।

ਹਿਰਦੇ' ਚ ਵਸ਼ੇਸ਼ ਠਾਕੁਰ ਖੋਜੇ ਨਹੀਂ, ਪਥੱਰ ਪੂਜਾਏ।
ਦੇਖਤ ਸੁਣਤ ਸਦਾ ਹੈ ਨਾਲੇ, ਉਸਦੀ ਨਾ ਪੂਜ ਕਰਾਏ।
ਬੁੱਤਾਂ ਬੁੱਕਾਂ ਦੀ ਪੂਜਾ ਕਰੇ, ਗਲ' ਚ ਮੂਰਤ ਲੈ ਲਟਕਾਏ।
ਪੱਥਰਾਂ ਹੇਠ ਦੱਬੇ ਨੂੰ ਹਾਕਮ ਕੋਈ ਨਹੀਂ ਸਕੇ ਬਚਾਏ।

ਭਰਮਾਂ' ਚ ਭੁਲਿਆ, ਮੜੀ ਮਸਾਨੀ ਸੁੱਖ ਭਾਲੇ ਮੱਤ ਮਾਰੇ।
ਪਾਣੀ ਰਿੜਕੇ, ਖੱਪ ਖੱਪ ਮਰੇ, ਆਪਣਾ ਆਪ ਨਾ ਸਵਾਰੇ।
ਜਿਸ ਜੜ ਬੁੱਤ ਨੂੰ ਗੁਰੂ ਮੰਨੇ, ਸੋ ਡੋਬੇ ਅੱਧਵਿਚਕਾਰੇ।
ਗੁਰ ਬਿਨ ਗ੍ਰੰਥ ਹਾਕਮ ਭਵਸਾਗਰ ਨਾ ਪਾਰ ਉਤਾਰੇ।

ਗੁਰੂ ਬ੍ਰਹਮ ਗਿਆਨ ਕਰਾਕੇ, ਪਿੰਗਲੇ ਪਹਾੜ ਚੜਾਏ।
ਦੇਹੀ ਬਣ ਪਿੰਗਲਾ ਹੋਏ, ਗੁਰ ਗਿਆਨ ਬ੍ਰਹਮ ਬਣਾਏ।
ਮੈਂ ਹੀ ਹਰ ਬੋਲਨ, ਨਾ ਸੋ ਗੂੰਗੇ, ਗੁਰ ਗਿਆਨ ਮੈਂ ਬੁਲਾਏ।
ਅੰਨੇ ਤ੍ਰੈ-ਭਵਨ ਦਿਸਨ ਹਾਕਮ ਜੇ ਸਾਖੀ ਮੈਂ ਬਣ ਜਾਏ।

ਮਹਿਮਾ ਅਨੁਭਵੀ ਦੀ, ਕਹੀ ਨਾ ਜਾਏ, ਮੇਰੇ ਸਜਨ ਮੀਤਾ।
ਮਿਲਕੇ ਬੁੱਧੀ ਮਨ ਉਜੱਲ ਹੋਏ, ਨਿਰਮਲ ਹੋਏ ਚੀਤਾ।
ਬ੍ਰਹਮਗਿਆਨ ਦੇ ਕੇ, ਜਨਮ ਮਰਨ ਤੋਂ ਨਿਰਭੈ ਕੀਤਾ।
ਗੁਰ ਬਿਨ ਸਾਰਥਕ ਨਾ ਹਾਕਮ ਸੁਣੇ ਵੇਦ ਗ੍ਰੰਥ ਗੀਤਾ।

ਨਿਕਟ ਰਹੇ ਦੇਖੇ ਸੱਭ, ਸੱਧ ਸਰੂਪ ਸੋਈ ਹਰ ਕੋਏ।
ਜੋ ਸੱਤ ਸਮਝਾਏ, ਹੋ ਸਾਖੀ, ਗੁਰਮੁੱਖ ਕਹਾਏ ਸੋਏ।
ਰੋਟੀਆਂ ਕਾਰਨ ਪੂਰੇ ਤਾਲ ਰਾਗ, ਸੋਈ ਅਗਿਆਨੀ ਹੋਏ।
ਅੰਦਰੋਂ ਲੋਭੀ ਹਾਕਮ ਅਗਿਆਨੀ ਬਹਿ ਰੋਟੀਆਂ ਨੂੰ ਰੋਏ।

ਸਤਗੁਰ ਸੇਵੇ ਗਿਆਨ ਪਾਏ, ਸੋ ਹੰ ਰੱਖੇ ਮਨ ਵਸਾਏ।
ਮਾਇਆ ਜਾਲ' ਚ ਫਸਕੇ, ਨਾ ਢੋਲਕੀ ਚਮਟੇ ਖੜਕਾਏ।
ਗਿਆਨੀ, ਰਾਗ ਰਾਗਣੀਆਂ ਤਾਲ ਨਾਲ ਨਾ ਰੋਟੀਆਂ ਕਮਾਏ।
ਵੱਡਭਾਗੀ ਹੋਏ ਹਾਕਮ ਹਰ ਖੋਜੇ ਹਰ ਹੀ ਹੋ ਰਹਾਏ।

ਸਦਾ ਗ੍ਰਹਿਨ ਕਰੇ ਸਦ ਗੁਣ ਸੋ ਨੇਕ ਕਰਮ ਕਮਾਏ।
'ਸੋ ਪ੍ਰਭ ਦੂਰ ਨਹੀਂ ਪ੍ਰਭ ਤੂੰ' ਸਦਾ ਇਹ ਅਨੁਭਵ ਪਾਏ।
ਮੰਗਤ ਜਨ ਨਾ ਬਣੇ, ਭਾਵੇਂ ਪੁਰਜਾ ਪੁਰਜਾ ਕੱਟ ਜਾਏ।
ਗਿਆਨ ਗੌਣ ਬਣਾ ਹਾਕਮ ਇਸਦੀ ਨਹੀਂ ਖੇਹ ਉਡਾਏ।

ਬ੍ਰਹਮਗਿਆਨ ਨਹੀਂ, ਜੇ ਥੋਥੇ ਦੰਭੀ ਕਰਮ ਨਹੀਂ ਨੱਸੇ।
ਸੋ ਸ਼ੇਰ ਸ਼ਰਨ ਗਿਆਂ, ਭੇਖ ਪਖੰਡ ਗਿਦੜ ਨਹੀਂ ਗ੍ਰੱਸੇ।
ਅਨੁਭਵ ਦੀ ਰੰਗਤ ਨਾਲ, ਅਗਿਆਨ ਸਰਪ ਨਾ ਡੱਸੇ।
ਗਿਆਨ ਪਾਕੇ ਹਾਕਮ ਗਿਆਨੀ ਗੌਣ' ਚ ਕਦੀ ਨਹੀਂ ਫੱਸੇ।

ਪਰਉਪਕਾਰੀ ਬੋਲ, ਕਸ਼ਟ ਨਿਵਾਰਨ ਸੁਖੀ ਕਰਨ।
ਅਗਿਆਨ ਹਟਾ, ਗਿਆਨ ਦੇ, ਦੂਈ ਦਵੈਸ਼ ਦੁੱਖ ਹਰਨ।
ਨਾ ਨਿੰਦਿਆ ਬੁਰਿਆਈ ਕਰੇ, ਨਹੀਂ ਹੋਏ ਮਾਰਨ ਮਰਨ।
ਗਿਆਨ ਪਾ ਹਾਕਮ ਰੁੱਖਾਂ ਵਰਗੀ ਕਰੇ ਪ੍ਰਾਪਤ ਜਰਨ।

ਭਰਿਆ ਕਦੀ ਨਾ ਡੋਲੇ, ਊਨਾ ਛੱਲਕ ਛੱਲਕ ਖਾਲੀ ਹੋਏ।
ਸਿਆਣਾ ਸ਼ਾਂਤ ਰਹੇ, ਮੂਰਖ ਉਛੱਲ ਉਛੱਲ ਗਾਲੀ ਢੋਏ।
ਸੁੱਖਾਂ ਦੇ ਸੱਭ ਸਾਂਝੀਵਾਲ, ਦੁੱਖਾਂ' ਚ ਨਹੀਂ ਭਾਈ ਵਾਲੀ ਕੋਏ।
ਸੱਤ ਅਮਰ ਹਾਕਮ ਸਦਾ ਹੀ, ਝੂਠ ਨਕਲੀ ਜਾਲ੍ਹੀ ਮੋਏ।

ਚਾਰ ਵੇਦ ਅਠਾਰਾਂ ਪੁਰਾਨ, ਛੇ ਸ਼ਾਸ਼ਤਰ ਇੱਕ ਕਹਿਨ।
ਇੱਕ ਹੀ ਸਦੀਵ ਸੱਚ ਹੈ, ਦੁੱਤੀਆ ਤਿੰਨ ਕਾਲ ਨਾ ਰਹਿਨ।
ਤ੍ਰੈ-ਕਾਲ ਅਜਰ ਅਮਰ ਸਾਖੀ ਸੋ, ਜੋ ਸੱਤ' ਚ ਸੱਤ ਹੋ ਬਹਿਨ।
ਸੱਤ ਸਦਾ ਸਲਾਮਤ ਹਾਕਮ ਕੂੜ ਪਸਾਰੇ ਹੀ ਢਹਿਨ।

ਤੀਰਥ ਤਪ ਜੱਗ ਦਾਨ ਸਰਵ ਪ੍ਰਕਾਰੀ, ਕਿਸੇ ਨਾ ਕਾਮ।
ਸਰਵੋ ਸਰਵ ਉਪਰ, ਸਰਵਮਈ ਮੈਂ ਅਪਨਾ ਮਾਨ।
ਬਾਹਰ ਢੂੰਡਨ ਛੱਡ, ਰੱਬ ਹਿਰਦੇ ਮਾਹਿ ਲਏ ਪਛਾਨ।
ਪਰਮਾਨੰਦ ਪਾਏ ਹਾਕਮ ਸਰਵ ਦੁੱਖਾਂ ਦਾ ਹੋਏ ਘਾਨ।

ਰੱਬ ਅਨੁਭਵ ਰੂਪ ਅਸਚਰਜ, ਜਾਣੇ ਹੀ ਮਰੇ ਮਨ।
ਅਮੁੱਲ ਹੈ, ਮੁੱਲ ਨਾ ਪਾਇਆ ਜਾਏ, ਇੱਹ ਗੱਲ ਪੱਲੇ ਬੰਨ।
ਅਖੁੱਟ ਧੰਨ ਹੈ, ਨਿਖੁੱਟ ਨਹੀਂ ਜਾਏ, ਚੋਰ ਨਾ ਲਾਏ ਸੰਨ।
ਅਮੁੱਕ ਭੰਡਾਰ ਹਾਕਮ ਅੰਮ੍ਰਿਤਮਈ ਸੋ ਮੈਂ ਸਾਖੀ ਧੰਨ।

ਅਪਰੰਪਰ ਬ੍ਰਹਮ ਉੱਪਰ, ਬਣੀ ਸੁੰਨ ਛਾਇਆ ਕਲਾ।
ਫੁਰਨਾ ਅਗਿਆਨ, ਵਿਆਪਕ ਹੋਕੇ, ਮਾਇਆ ਬਣ ਚਲਾ।
ਸੋ ਕੁਦਰਤ, ਅਕਾਸ਼ ਹਵਾ ਅੱਗ ਪਾਣੀ ਧਰਤੀ ਹੈ ਖਲਾ।
ਕੁਦਰਤੋਂ ਹਾਕਮ ਬ੍ਰਹਮ ਬਿਸ਼ਨ ਮਹੇਸ਼ ਆਏ ਰਲਾ।

ਸੁੰਨੀ ਮਾਇਆ ਅੰਡਜ ਜੇਰਜ ਸੇਤਜ ਉਤਭੁਜ ਬਣੀ।
ਸੁੰਨੀ ਕੁਦਰਤ ਹੇਰ ਫੇਰ ਨੇ, ਚੁਰਾਸੀ ਲੱਖ ਜੂਨ ਜਣੀ।
ਕਾਦਰ / ਕੁਦਰਤ ਦਾ ਸ਼ਾਖਸ਼ੀ, ਬਣ ਨਾ ਸਕੇ ਜਣੀ-ਖਣੀ।
ਕਾਦਰ ਸੋ ਸ਼ਾਖਸ਼ੀ ਹਾਕਮ ਕੁਦਰਤ ਸਫਟਕ ਮਣੀ।

ਮਨ ਮਾਹੀਂ ਜੋ ਮਾਇਆ, ਸੱਤ ਭੇਦ ਜਾਣੇ, ਸੋ ਬਣੇ ਸਿਆਣਾ।
ਅਜੇਹੇ ਪਾਰਖੂ ਦੀ ਸੰਗਤ ਕਰ, ਅਕਲ ਪਾਏ ਨਿਆਣਾ।
ਅਕਲੀਂ ਗਿਆਨ ਪਾਕੇ, ਸਦਾ ਪਰਮਾਨੰਦ ਮਾਹਿ ਸਮਾਣਾ।
ਸੋ ਕਾਦਰ ਬਣਕੇ ਹਾਕਮ ਸਦਾ ਮੁੱਕ ਜਾਏ ਆਣਾ-ਜਾਣਾ।

ਪੋਥੀਆਂ ਪਰਮੇਸ਼ਰ ਦਾ ਥਾ ਨਾ ਜੜ ਕਦੀ ਸਕਨ ਪਾਏ।
ਸਾਧ ਸੰਗ ਸੱਤ ਗੁਣ ਗਹੇ ਬ੍ਰਹਮ ਗਿਆਨੀ ਬਣ ਜਾਏ।
ਬਿਨ ਗੁਰ ਪੜ੍ਹ ਪੜ੍ਹ ਪੋਥੀਆਂ, ਅਗਲੀ ਮੱਤ ਵੀ ਗਵਾਏ।
ਗੁਰ ਬਿਨ ਹਾਕਮ ਜੜ ਪੂਜ ਪੂਜਕੇ ਜੜ ਹੋ ਰਹਾਏ।

ਮਾਸ ਘਾਸ ਖਾਣ ਪੀਨ ਜੀਣ ਤੇ ਮੂਰਖ ਆਪ' ਚ ਝਗੜੇ।
ਗਿਆਨ ਧਿਆਨ ਜਾਣੇਂ ਨਾ, ਇੱਕ ਦੂਜੇ ਨੂੰ ਲਉਣ ਰਗੜੇ।
ਹੱਡਮਾਸ ਦੇ ਬੁੱਤ ਨੂੰ ਆਪਾ ਸਮਝ, ਹੱਥ ਪਾਏ ਕਰੜੇ।
ਯਥਾਰਥ ਬਿਨਾਂ ਹਾਕਮ ਬਣੇ ਮਲ ਮੂਤਰੇ ਦੇ ਖਲੜੇ।

ਇੱਕ ਸੱਤ ਚਿੱਤ ਨੰਦ ਬ੍ਰਹਮ ਨੂਰ ਤੋਂ, ਕੁਦਰਤੀ ਬੰਦੇ।
ਇੱਕੋ ਨੂਰ ਤੋਂ ਸੱਭ ਕੁੱਝ ਬਣਿਆ, ਘਾਸ ਮਾਸ ਚੰਗੇ ਮੰਦੇ।
ਆਪਸ' ਚ ਲੜਾ ਜੇਬਾਂ ਕਟੱਨ, ਸੱਭ ਤੋਂ ਭੈੜੇ ਭੇਖੀ ਗੰਦੇ।
ਫੁੱਟ ਦਾ ਟੱਲ ਖੜਕਾ ਹਾਕਮ ਸੋ ਇਕੱਠੇ ਕਰਨ ਚੰਦੇ।

ਮਿੱਟੀ ਏਕ, ਅਨੇਕ ਭਾਂਤ ਕਰ, ਦੁਨੀਆਂ ਕੁਦਰਤ ਸਾਜੀ।
ਸੱਤ ਚਿੱਤ ਨੰਦ ਬ੍ਰਹਮ ਏਕ, ਨਾਮ ਰੂਪ ਅਨੇਕ ਹਾਜੀ।
ਇੱਕ ਢੰਗ ਨਾਲ ਸੱਭ ਬਣਾਏ, ਭਾਈ ਪੋਪ ਪੂਜਾਰੀ ਕਾਜ਼ੀ।
ਬਿਨ ਆਪਾ ਬੂਝੇ ਹਾਕਮ ਸੱਭ ਨੇ ਹੀ ਹਾਰੀ ਜੀਵਨ ਬਾਜ਼ੀ।

ਝੂਠ ਨੂੰ ਕਹਿਨ, ਸੱਚ ਦੀ ਕੱਥਾ, ਸੋ ਸੱਚ ਨਾ ਕਥਿਆ ਜਾਈ।
ਸਾਖੀ ਭੁਲਕੇ ਦੇਹੀ ਬਣੇ, ਉਸੇ ਨੂੰ ਹੀ ਪੱਕਾ ਜਾਣ ਕਰਾਈ।
ਇਹ ਜ਼ੁਲਮ ਹੈ, ਧਰਮ ਨਾ, ਇਹਨਾਂ ਨੂੰ ਕਹੀਏ ਕਸਾਈ।
ਵਿਆਪਕ ਸੱਚ ਇਹ ਹਾਕਮ ਇਸ ਵਿੱਚ ਝੂਠ ਨਾ ਰਾਈ।

ਦੇਖਤ ਸੁਣਤ ਸਦਾ ਹੈ ਸੰਗੀ, ਹਾਜ਼ਰ ਨਾਜ਼ਰ ਹਜ਼ੂਰੀ।
ਪੂਜਾ ਬੇਨਤੀ ਨਮੋ ਕਰੇ ਮੂਰਖ, ਆਪ ਤੋਂ ਜਾਣਕੇ ਦੂਰੀ।
ਬਿਨ ਆਪਾ ਸੱਤ ਚਿੱਤ ਨੰਦ ਜਾਣੇ, ਖਾਕੀ ਬਣ ਗਿਆ ਨੂਰੀ।
ਬੂਰ ਦੇ ਲੱਡੂ ਹਾਕਮ ਮਾਇਆ, ਭੁੱਖ ਨਾ ਜਾਏ ਪੂਰੀ।

ਗਿਆਨਹੀਨ ਅਗਿਆਨ ਪੂਜਾ, ਮੱਤ ਮਾਰੇ ਪਾਏ ਪੁਆੜਾ।
ਇੱਕ ਮੈਂ ਛੱਡ, ਭਾਉ ਦੂਜੇ ਲੱਗ, ਅੱਗੇ ਰੱਖੇ ਕੂੜ ਕੁਆੜਾ।
ਈਮਾਨ ਛੱਡ, ਦਿਨ ਰਾਤ ਚਲਾਏ, ਬੇਈਮਾਨੀ ਦਾ ਕੁਹਾੜਾ।
ਅੰਦਰੋਂ ਚੋਰ ਬਾਹਰੋਂ ਸਾਧ ਹਾਕਮ ਕੰਮ ਹੈ ਬਹੁ ਮਾੜਾ।

ਇੱਕ ਜਾਣ ਨਾ ਪਾਏ, ਦੂਜਾ ਸਮਝ ਪੂਜਾ ਕਰੇ ਦਿਨ ਰਾਤ।
ਪਾਣੀ ਸੰਗ ਪਾਣੀ ਰਲੇ, ਇੱਕ ਹੋਏ, ਸੋ ਕਿਵੇਂ ਪੂਜਨ ਜਾਤ।
ਜੇ ਸੱਤ ਜਾਣ ਸੱਤ ਹੀ ਹੋਏ, ਸੋ ਫਿਰ ਵੱਖ ਨਹੀਂ ਰਹਾਤ।
ਸੱਤ ਪਾਏ, ਪੂਜਾ ਜਾਏ ਹਾਕਮ ਤਾਂ ਹੀ ਸਰਵ ਸੁੱਖ ਪਾਤ।

ਸੱਤ ਦੀ ਪਹਿਚਾਨ ਗਿਆਨ ਹੀ ਧਰਮ ਹੈ, ਆਨ ਸ਼ਾਨ ਹੈ।
ਮੈਂ ਦੇਹੀ ਜਾਨਣਾ ਹੀ ਅਗਿਆਨ ਹੈ, ਪਾਪ ਹੈ ਅਭਿਮਾਨ ਹੈ।
ਦੇਹੀ ਲਈ ਲੋਭ ਕਰਨਾ ਹੀ ਕਾਲ ਹੈ, ਸਰਾਫ ਹੈ ਡਾਨ ਹੈ।
ਮੈਂ ਸੱਤ ਜਾਣ ਹਾਕਮ ਖਿਮਾ ਦਇਆ ਹੀ ਮਾਨ ਹੈ ਤਾਨ ਹੈ।

ਬਾਹਰ ਭੇਖੀ ਭੇਖ ਕਰੇ, ਅੰਦਰ ਵਿਸ਼ੇ ਵਸਣ ਘਨੇਰੇ।
ਆਪ ਘੁੰਮਣਘੇਰੀ ਵਿੱਚ ਪਿਆ, ਸੋ ਹੋਰਾਂ ਨੂੰ ਵੀ ਜਾਏ ਘੇਰੇ।
ਦੂਜੇ ਉਪਦੇਸ਼ੇ ਆਪ ਨਾ ਬੂਝੇ, ਮਨ ' ਚ ਪਾਪ ਬਹੁਤੇਰੇ।
ਅਪਨਾ ਘਰ ਸੰਭਾਲ ਹਾਕਮ ਨਾ ਢਾਹ ਬੇਗ਼ਾਨੇ ਬਨੇਰੇ।

ਸੋਈ ਮੂਰਖ ਜੋ ਸੱਚ ਨਾ ਜਾਣੇ, ਅਪਨਾ ਆਪ ਨਾ ਪਛਾਣੇ।
ਸੱਚ ਨਾਲ ਨਾ ਕਰੇ ਪਿਆਰ, ਝੂਠਾ ਜ਼ੋਰ ਦਿਖਾਏ ਧਘਾਣੇ।
ਚੱਕੀ ਤੇ ਵਾਰੀ ਮੰਗੇ, ਹੋਏ ਡਾਂਗੋ ਡਾਂਗੀ, ਘਰ' ਚ ਹੈ ਨਾ ਦਾਣੇ।
ਅਕਲੋਂ ਖਾਲ੍ਹੀ ਨੂੰ ਹਾਕਮ ਕਠਨ ਸੱਚ ਦੇ ਪਾਠ ਪੜ੍ਹਾਨੇ।

ਅੰਦਰ ਮੋਤੀ ਹੀਰੇ ਬਿਖਰੇ, ਨਾਲ ਅੰਨਾ ਦਿਨ ਰਾਤ ਵੱਸੇ।
ਸੁੱਖ ਨਹੀਂ ਪਾਏ ਬਾਹਰ ਕਉਡੀਆਂ ਕੰਕਰਾਂ ਵੱਲ ਨੱਸੇ।
ਜੋਤ ਬਿਨਾ ਜਗਦੀਸ਼ ਦੀ ਕੰਗਾਲੀ ਦੇ ਕਸ਼ਟਾਂ ਵਿੱਚ ਫੱਸੇ।
ਦੁੱਖਾਂ ਵਿੱਚ ਫੱਸੇ ਨੂੰ ਹਾਕਮ ਆਪਾ ਅਮੁੱਕ ਧੰਨ ਨਾ ਦਿੱਸੇ।

ਉਪਕਾਰ ਕਰੇ ਸੰਤ ਕਹਾਏ, ਨਾ ਭੇਖ ਬਣਾਏ ਡਰਾਏ।
ਨਦੀ ਨਾ ਅਪਨਾ ਪਾਣੀ ਪੀਏ, ਬ੍ਰਿਖ ਨਾ ਫਲ ਆਪਣੇ ਖਾਏ।
ਸੋ ਹੰ ਆਪ ਬੂਝੇ, ਅਵਰਾਂ ਬੂਝਾਏ, ਲੜੇ ਨਾ ਮਰੇ ਮਰਾਏ।
ਪੰਥੀ ਨਾ ਬਣੇ ਹਾਕਮ ਪੰਥਕ ਬਣੇ ਨਾ ਪੰਥ ਬਣਾਏ।

ਜੋ ਰੰਗੇ ਆਪਣਾ ਆਪ, ਰੰਗ ਹੱਸੇ ਸਹਿਜ ਅੰਦਰੋਂ ਪਾਏ।
ਗੁਰ ਪੂਰੇ ਨਾਲ ਸੰਗਤ ਬਣੇ, ਗਿਆਨ ਉਪਜੇ ਸੋ ਭਾਏ।
ਬਿਨ ਸੰਗਤੀ ਐਸੇ ਦਿਸੇ, ਜਿਵੇਂ ਡਰਨਾ ਖੇਤ' ਚ ਡਰਾਏ।
ਜਿੰਨ ਕੀਤੇ ਤਿਸੇ ਨਾ ਜਾਣੇ ਹਾਕਮ ਬਿਨ ਜਾਣੇ ਮਰ ਜਾਏ।

ਸ਼ਿਸ ਗੁਰ ਮਿਲ ਗੁਰੂ ਬਣੇ, ਇੱਕ ਸੱਤ ਚਿੱਤ ਨੰਦ ਪਾਏ।
ਨਾਮ ਰੂਪ ਤਜ ਪੂਜਾ ਨਹੀਂ ਫਸੇ, ਸੱਚ ਪਾ ਸੱਚ ਸੁਣਾਏ।
ਦੁਖੀ ਨੰਗੇ ਭੁੱਖੇ ਡਿੱਗੇ ਢੱਠੇ ਨੂੰ, ਚੁੱਕ ਕੇ ਗਲੇ ਨਾਲ ਲਾਏ।
ਪਿਆਰ ਪਾਏ ਹਾਕਮ ਸਤਿਕਾਰ ਕਰੇ ਪਰੇਮ ਵਧਾਏ।

ਸੋ ਹੰ ਸੋ ਹੈ ਜਾਕੋ ਜਾਪ, ਨੇੜੇ ਢੁਕੱਨ ਨਾ ਪੁੰਨ ਅਰ ਪਾਪ।
ਤਨ ਮਨ ਸੀਤਲ ਹੋਏ, ਸਹਿਜੇ ਮਿਟਨ ਸੋ ਤੀਨੋਂ ਤਾਪ।
ਸ਼ਾਖਸ਼ੀ ਹੋਏ ਰਹੇ ਸਰੀਰ ਦਾ, ਪਾਏ ਸੱਚ ਆਪਣਾ ਆਪ।
ਦ੍ਰਿਸ਼ਟਾ ਸੋ ਹੰ ਮੈਂ ਹਾਕਮ ਇਹ ਹੀ ਹੈ ਸੋ ਹੰ ਅਜਪਾ ਜਾਪ।

ਦਿਨੇ ਹੋਏ ਸੋ ਤੋਂ ਲਾਂਭੇ, ਰਾਤੀਂ ਮਿਲੇ ਸੋ ਹੰ ਸਹਿਜ ਸਭਾਏ।
ਰਾਤੀਂ ਮਿਲਿਆ ਸੋ ਹੰ ਭੁਲਕੇ, ਸੁਭਾਹ ਕੁਰੰਗੀ ਲੱਗ ਜਾਏ।
ਫਿੱਟ ਅਜੇਹਾ ਨਿੱਤ ਜੀਵਿਆ, ਜਿਤ ਪੇਟ ਵਧਾਇਆ ਖਾਏ।
ਮਾਇਆ ਮਨ ਵਸਾਏ ਹਾਕਮ, ਹਰ ਨਾ ਹਿਰਦੇ ਧਿਆਏ।

ਦੁਖੀ ਹੋਇਆ ਜੱਗ ਸਾਰਾ, ਗੁਰੂਆਂ ਲਿਖ ਲਿੱਖ ਮਾਰੇ ਤੀਰ।
ਅੱਜ ਪੰਥੀ ਨੂੰ ਪੰਥੀ ਮਾਰੇ, ਬੰਦੇ ਦੀ ਮਰ ਗਈ ਜ਼ਮੀਰ।
ਕਿੱਥੋਂ ਲਿਆਈਏ ਲੱਭ, ਦਰਦਮੰਦਾ ਦੇ ਦਰਦੀ ਫਕੀਰ।
ਅੱਜ ਹੱਥ ਨੂੰ ਹੱਥ ਖਾਏ ਹਾਕਮ ਕੋਈ ਨਾ ਬੰਨਾਏ ਧੀਰ।

ਗਿਆਨ ਵਿਹਣੇ ਗਿਆਨੀ, ਬਣਾਇਆ ਕੀਰਤਨ ਨੂੰ ਗੀਤ।
ਭੁਖੇ ਭਾਈ ਪੂਜਾਰੀ ਘਰੇ, ਧਰਮਸਾਲਾ ਮੰਦਰ ਮਸੀਤ।
ਸੰਤ ਕਹਾਏ ਪੈਸਾ ਕਮਾਏ, ਭੇਖ ਬਣਾ ਰੱਖੇ ਭੁੱਖੀ ਨੀਤ।
ਨਖੱਟੂ ਹੋਕੇ ਵਾਜੇ ਵਜਾਏ, ਹਾਕਮ ਨਿੱਜ ਪੇਟ ਦਾ ਮੀਤ।

ਸਤਗੁਰ ਬਾਝ ਸੰਗਤ ਨਾ, ਬਿਨ ਅਨੁਭਵ ਗੁਰੂ ਨਾਹਿ।
ਗੁਰ ਬਿਨ ਗਿਆਨ ਨਹੀਂ, ਲੱਖਾਂ ਗ੍ਰੰਥ ਸ਼ਾਸਤ੍ਰ ਪੜ੍ਹ ਜਾਹਿ।
ਕੀਰਤਨ ਗਾਏ ਸੁਣੇ, ਗਿਆਨ ਨਾ, ਆਏ ਵਸੇ ਮਨ ਮਾਹਿ।
ਗਾਏ ਰੋਟੀਆਂ ਕਮਾਏ, ਹਾਕਮ ਅਗਿਆਨ ਵਧਦਾ ਜਾਹਿ।

ਜੀਵਤ ਸਤਿਗੁਰ ਸਮੁੰਦ੍ਰ, ਗਿਆਨ ਸਮਾਨ ਇਸ਼ਨਾਨ।
ਮਿਲੇ ਗੁਰੂ ਪਾਏ ਗਿਆਨ, ਕਰੇ ਅਨੁਭਵ ਅੰਮ੍ਰਿਤ ਪਾਨ।
ਬਿਖਿਆ ਮਲ ਮਨ' ਚੋਂ ਜਾਏ, ਸੰਤੋਖ ਪਾਏ ਸੋ ਹੰ ਗਿਆਨ।
ਬਿਨ ਗੁਰ ਬਚਨ ਹਾਕਮ ਕੰਨ ਨਾ ਧਰੇ ਸ਼ਬਦ ਆਨ।

ਵਾਹ ਵਾਹ ਬਾਨੀ / ਦੋ ਨਹੀਂ, ਇੱਕ ਵਿਆਪਕ ਹੈ ਨਿਰੰਕਾਰ।
ਗੁਰ ਬਾਨੀ / ਦੋ ਨਹੀਂ, ਇੱਕ ਹੀ ਸਮਝਾਏ ਸਰਵ ਅਪਾਰ।
ਗੁਰ ਦੀ ਬਾਣੀ / ਬੋਲੀ, ਦਵੈਸ਼ ਮਟਾਏ ਇੱਕ ਕਰੇ ਅਪਾਰ।
ਗੁਰ ਕਹੀ, ਸੁਣੇ ਮੰਨੇ ਹਾਕਮ ਗੁਰਮੱਤ ਪਾ ਹੋਏ ਪਾਰ।

ਗੁਰਮੁੱਖ ਹੋਏ ਸੁਣੇ ਮੰਨੇ, ਗੁਰੂਦੇ ਮੁੱਖੋਂ, ਗੁਰੂ ਦੀ ਬਾਨੀ।
ਗੁਰੂ ਤੋਂ ਨਵਿਰਤ ਕਰਾਏ, ਹੋਏ ਸ਼ੰਕਾ ਦੁੱਧੋਂ ਛਾਣੇ ਪਾਨੀ।
ਗੁਰ ਸਮਝਾ ਗੁਰੂ ਨਹੀਂ ਬਣਾਏ, ਸੋ ਕੋਡੀ ਮੁੱਲ ਦਾ ਜਾਨੀ।
ਸੇਵਾ ਦਾ ਫਲ ਹੈ ਹਾਕਮ ਉਹੋ ਜਿਹਾ ਹੋਣਾ ਮਨ' ਚ ਮਾਨੀ।

ਅਗਿਆਨ ਅਗਨੀ ਨਾ ਬੁਝੇ, ਭਾਵੇਂ ਭਵੇ ਦੇਸ-ਦਿਸੰਤਰ।
ਗੁਰ ਬਿਨ ਅੰਤਰ ਨਾ ਜਾਏ, ਭਾਵੇਂ ਪਾਠ ਪੜ੍ਹੇ ਨਿਰੰਤਰ।
ਭੇਖੀ ਗੁਰੂ ਨਾ ਮੈਂ ਜਾਣੇ, ਫਸੇ ਫਸਾਏ ਵਿੱਚ ਗੁਰਮੰਤਰ।
ਸੋ ਗੁਰ ਬਿਨ ਹਾਕਮ ਭੇਦ ਵਧਾਉਣ ਜੰਤਰ ਤੰਤਰ।

ਭੇਦ ਅਗਨੀ ਨਹੀਂ ਬੁਝੇ, ਬਿਨ ਸਤਿਗੁਰ ਦੇ ਉਪਦੇਸ਼।
ਅਗਿਆਨ ਮੈਲ ਨਹੀਂ ਉਤਰੇ, ਧ੍ਰਿਗ ਜੀਵਨ ਧ੍ਰਿਗ ਵੇਸ਼।
ਗੁਰ ਦਾ ਕਿਹਾ ਮਨ ਵਸੇ, ਹੋਏ ਨਿੱਜ ਗਿਆਨ ਪ੍ਰਵੇਸ਼।
ਗੁਰ ਬਿਨ ਗਿਆਨ ਨਾ ਹਾਕਮ ਲੱਖ ਫਿਰੇ ਦੇਸ-ਪ੍ਰਦੇਸ।

ਗਿਆਨੀ ਸੋ ਜਾਣੀਏ, ਜੋ ਆਪ ਪਛਾਣੇ ਬੁੱਝੇ ਸੋ ਹੰ ਮੈਂ ਸੋਏ।
ਪਰਸਆਦਿ ਗੁਰ ਇੱਕ ਹੋਏ, ਦੂਜੀ ਵਿਚਾਰ ਨਹੀਂ ਕੋਏ।
ਆਦਿ ਸੱਚ ਇੱਕ ਹੋਏ ਸੋ ਹੰ, ਦੇਹੀ ਮਾਇਆ ਨਾ ਰਹੇ ਦੋਏ।
ਸੱਚ ਮਿਲੇ ਨਾ ਵਿਛੜੇ ਹਾਕਮ ਤਿੰਨ ਕਾਲ ਰਹੇ ਸਮੋਏ।

ਨਿਸ਼ਚਾ ਰੱਖੇ ਸਦਾ ਮੈਂ ਹਰ ਬਿਨ, ਅਵਰ ਨਾ ਦੂਜਾ ਕੋਏ।
ਸਤਗੁਰ ਸੱਚ ਦ੍ਰਿੜਾਇਆ, ਸ਼ਾਖਸ਼ੀ ਸੋ ਵੱਖ ਨਹੀਂ ਸੋਏ।
ਅੰਮ੍ਰਿਤ ਨਿਧਾਨ ਗੁਰ ਚਖਾਇਆ, ਸੋ ਹੰ ਮੈਂ ਵਿੱਚ ਡਬੋਏ।
ਸ਼ਬਦ ਸੁਣ ਮੰਨਿਆ ਹਾਕਮ ਗੁਰੂ ਦਾ, ਸੋ ਹਰ ਹੀ ਹੋਏ।

ਦੇਹੀ ਛੋਡ ਮੈਂ ਜੀਵਤ ਮਰੇ, ਆਪ ਸੱਤ ਦੀ ਕਰੇ ਵਿਚਾਰ।
ਗੁਰ ਬਿਨ ਸੱਤ ਨਾ ਪਾਇਆ ਜਾਏ, ਸੱਤ ਬਿਨ ਹੈ ਅੰਧਾਰ।
ਗਿਆਨ ਅੰਮ੍ਰਿਤ ਪੀ ਸ਼ਾਂਤੀ ਆਏ, ਬੁਝੇ ਅਗਿਆਨ ਅੰਗਾਰ।
ਕੂੜ ਕਪਟ ਭੇਖ ਤਜ ਹਾਕਮ ਸੱਚ ਰੱਖੇ ਉਰਧਾਰ।

ਹੁਕਮ ਘਟ ਘਟ ਅੰਦਰ, ਆਪ ਹੀ ਵਸੇ, ਕਰੇ ਵਿਚਾਰ।
ਸ਼ਬਦ ਨਹੀਂ ਖੋਜੇ, ਕਥਨੀ ਕਰਨੀ ਕਰੇ, ਦੇਹੀ ਹੰਕਾਰ।
ਗੁਰ ਬਿਨ ਮਨਮੁੱਖ ਫਸੇ, ਵਿੱਚ ਮਿਥਿਆ ਵਿਸ਼ੇ ਵਿਕਾਰ।
ਜੜ ਅੱਗੇ ਮੱਥਾ ਰਗੜ ਹਾਕਮ ਡੁੱਬੇ ਅੱਧ ਵਿਚਕਾਰ।

ਨਾ ਦੇਹੀ ਮੈਂ, ਆਤਮਾ ਪਛਾਣਕੇ, ਸਹਿਜੇ ਸੱਤ' ਚ ਸਮਾਨ।
ਸਹਿਜ ਸੱਚ ਪਾਏ, ਫਿਰ ਵਸੇ ਨਾ ਮਨ' ਚ ਮੋਹ ਅਭਿਮਾਨ।
ਸਰਵੋ-ਸਰਵ ਆਪੇ ਹੋਏ, ਸਿਰ ਨਾ ਝੁਕਾਏ ਵੱਖ ਜਾਨ।
ਜੀਵਤ ਮੋਇਆ ਹਾਕਮ ਜੇ ਰੱਖੇ ਨਾ ਆਪਣਾ ਸਵੈਮਾਨ।

ਜੱਗ ਦੇਹੀ ਮੈਂ ਹਉਮੈ ਮਲ ਲੱਗੀ, ਦੁਖੀ ਹੋਏ ਦੂਜਾ ਭਾਏ।
ਹਉਮੈ ਦੇਹੀ ਮਲ ਨਾ ਉਤਰੇ, ਭਾਵੇਂ ਸਉ ਤੀਰਥ ਨ੍ਹਾਏ।
ਦੇਹੀ ਮੈਂ ਸਮਝ ਕਰਮ ਕਮਾਏ, ਸੋ ਮਲ ਹੋਰ ਵਧਾਏ।
ਪੜ੍ਹੇ ਮਲ ਨਾ ਉਤਰੇ ਹਾਕਮ ਬਿਨ ਗਿਆਨ ਸੋ ਹੰ ਪਾਏ।

ਜੜ ਸ਼ਰਨੀ ਜਾਏ, ਤਾਂ ਮਲ ਲਾਏ, ਸੋ ਮਲਨ ਰਹੇ ਸਦਾ।
ਮੁਖੋਂ ਹਰ ਕਹੇ, ਅੰਦਰ ਵਿੱਖ ਰਹੇ, ਜਿਵੇਂ ਰੂੜੀ ਤੇ ਗਦਾ।
ਅਮੀਰ ਨਾ ਹੋਏ, ਸੱਚ ਨਾ ਪਾਏ, ਜੇ ਛੱਡੇ ਨਾ ਗ਼ਰੀਬੀ ਗਦਾ।
ਦਾਸਤਾ ਨਾ ਜਾਏ ਹਾਕਮ ਜੇ ਹੱਥ ਫੜੀਏ ਨਾ ਸੱਚ ਗਦਾ।

ਜਗਦੀ ਜੋਤ ਬਿਨਾ, ਬੁਝੀ ਜੋਤ ਨਾ ਜਗੇ, ਇਹ ਸੱਚ ਜਾਨ।
ਗੁਰੂ ਅੰਦਰ ਹੀ ਵਸੇ,ਅਨਭਵੀ ਬਿਨਾ ਨਾ ਹੋਏ ਪਛਾਨ।
ਸੁੱਖ ਸਾਗਰ ਕੰਡੇ ਬੈਠਾ, ਨਿਗੁਰਾ ਸਹੇ ਕਸ਼ਟ ਮਹਾਨ।
ਗੁਰ ਮਿਲੇ, ਸੁਖੀ ਹੋਏ ਹਾਕਮ ਆਪੇ ਦੀ ਕਰੇ ਪਹਿਚਾਨ।

ਖੱਟ ਸ਼ਾਸ਼ਤਰ, ਪੂਰਕ ਕੁੰਭਕ ਰੇਚਕ ਦਾ ਹੋਏ ਗਿਆਤਾ।
ਉਦਾਸੀ ਸਨਿਆਸੀ ਧਿਆਨੀ ਤੀਰਥੀਂ ਧਰਤੀ ਭਰਮਾਤਾ।
ਆਪ ਨਾ ਚੀਨਾ, ਤਪੇ ਸੀਨਾ, ਸੱਭ ਕੁੱਝ ਬਿਰਥਾ ਜਾਤਾ।
ਅਮਰ ਫਲ ਪਾਏ ਹਾਕਮ ਜੋ ਸੱਤ ਸਾਖੀ ਮਹਿ ਸਮਾਤਾ।

ਪਹਿਲਾ ਸੁੱਖ, ਬ੍ਰਹਮ ਪਾਇਆ, ਆਪ ਤਰੇ ਅਵਰਾਂ ਤਾਰੇ।
ਦੂਜਾ ਸੁੱਖ, ਨਿਰੋਗ ਕਾਇਆ, ਗਿਆਨ ਲਈ ਗੁਰੂ ਤੋਂ ਵਾਰੇ।
ਤੀਜਾ ਸੁੱਖ, ਹੋਏ ਮਾਇਆ, ਕਰੇ ਵਰਤੋਂ ਪਰਉਪਕਾਰੇ।
ਚੋਥਾ ਪਉੜਾ, ਜਿੰਦਾ ਨਰਕ ਹਾਕਮ ਵਾਰ ਵਾਰ ਧ੍ਰਿਕਾਰੇ।

ਮਨ ਸੱਚ ਦੀ ਰੱਖੇ ਇੱਛਾ, ਡੱਡੂ ਵਾਂਗ ਨਾ ਕਰੇ ਟਰਾਂ ਟਰਾਂ।
ਦ੍ਰਿਸ਼ਟਮਾਨ ਭਵਸਾਗਰ ਤੋਂ, ਸੋ ਗੁਰ ਮਿਲ ਪਾਰ ਤਰਾਂ।
ਗੁਰ-ਸੇਵਾ' ਚ ਤਨ ਮਨ ਧਨ, ਸਿਰ ਦੇਵਾਂ ਕਾਨ ਨਾ ਕਰਾਂ।
ਝੂਠ ਛੱਡਕੇ ਹਾਕਮ ਸੱਚ' ਚ ਜੀਵਾਂ ਸੋ ਸਰੀਰ' ਚ ਮਰਾਂ।

ਗੁਰ ਸਮਰੱਥ ਦਾਤਾ, ਸੱਭ ਮਹਿ ਹੀ ਗੁਰੂ ਰਿਹਾ ਸਮਾਏ।
ਪਾਰਬ੍ਰਹਮ ਪਰਮੇਸ਼ਰ ਗੁਰ, ਡੁੱਬਦੇ ਲਏ ਤਰਾਏ।
ਕੋਈ ਵੱਡਭਾਗੀ, ਗੁਰ ਸ਼ਰਨੀ ਲੱਗ, ਮਨ ਸਮਝਾਏ।
ਗੁਰ ਬਿਨ ਗਤ ਨਹੀਂ ਹਾਕਮ ਲੱਖ ਤੀਰਥ ਜਾ ਨਹਾਏ।

ਗੁਰ ਬਿਨ ਪ੍ਰੀਤ ਨਾ ਉਪਜੇ, ਦੇਹੀ ਹਉਮੈਂ ਮੈਲ ਨਾ ਜਾਏ।
ਸੋ ਹੰ ਆਪ ਪਛਾਣੀਏ, ਸ਼ਬਦ ਸਮਝ, ਆਪਾ ਭੇਤ ਪਾਏ।
ਆਪ ਗੁਰਮੁੱਖ ਹੋਏ ਜਾਣੀਏ, ਜੋ ਅੰਦਰ ਰਿਹਾ ਸਮਾਏ।
ਮਿਲੇ ਦਾ ਕੀ ਮਿਲੇ ਹਾਕਮ ਸੋ ਪ੍ਰਾਪਤ ਦੀ ਪ੍ਰਾਪਤੀ ਸਦਾਏ।

ਹਰ ਉਜੱਲ ਅਤ ਨਿਰਮਲ, ਦੇ ਮੱਤ ਗੁਰ ਸਮਝਾਏ।
ਪਾਠ ਪੜ੍ਹੇ ਨਹੀਂ ਬੂਝੇ, ਭੇਖੀ ਪਖੰਡੀ ਭੰਬਲ ਭੂਸੇ ਖਾਏ।
ਗੁਰਮੱਤੀ ਹਰ ਸਮਝ, ਹਰ ਹੀ ਹੋ, ਹਰ ਹੀ ਲਏ ਪਾਏ।
ਹਰ ਬਾਹਰਾ ਕੋਈ ਨਾ ਹਾਕਮ ਹਰ ਹਰਮਹਿ ਸਮਾਏ।

ਕੋਈ ਸਹਿਜ ਨਾ ਪਾਏ ਤ੍ਰੈ ਗੁਣੀਂ, ਸੋ ਗੁਣ ਭਰਮ ਭੁਲਾਏ।
ਲੋਚੇ ਸਹਿਜ ਨੂੰ ਸੱਭ ਕੋਈ , ਗੁਰ ਬਿਨ ਪਾਇਆ ਨਾ ਜਾਏ।
ਪਾਠੀ ਪੰਡਤ ਪੜ੍ਹ ਪੜ੍ਹ ਥੱਕੇ, ਭੇਖਾਂ ਵਿੱਚ ਉਲਝਾਏ।
ਪੜ੍ਹੇ ਸੁਣੇ ਗੁਣੇ ਕੀ ਹੋਏ ਹਾਕਮ ਜੇ ਮੁਡੋਂ ਹੀ ਘੁੱਥਾ ਜਾਏ।

ਮੁੱਡੋਂ ਹੀ ਭੁਲੀ ਡੂੰਮਣੀ, ਬੋਲੇ ਊਲ ਜਲੂਲ, ਆਲ ਪਤਾਲ।
ਦੇਹੀ ਬਣ, ਪਾਠ ਭੇਖ ਕਰੇ, ਸਿਰ ਤੋਂ ਕਦੇ ਨਾ ਟਲੇ ਕਾਲ।
ਚੌਥੇ ਪਦ ਮਹਿ, ਸਹਿਜ ਅਵਸਥਾ ਪਾਏ, ਹੋਏ ਅਕਾਲ।
ਆਪਣੇ ਆਪ ਨੂੰ ਭੁਲਕੇ ਹਾਕਮ ਹਰ ਬਾਹਰ ਨਾ ਭਾਲ।

ਸਤ ਸੰਗ ਸੋਈ ਜਾਨੀਏ, ਜਿੱਥੇ ਇੱਕੋ ਸੱਤ ਬਖਾਣੀਏ।
ਦੇਹੀ ਨਾ ਮੈਂ, ਜਿਥੇ ਸੋ ਹੰ ਨਾਮ, ਤੱਤਸਾਰ ਸੋ ਮੈਂ ਪਛਾਣੀਏ।
ਏਕੋ ਨਾਮ ਹੁਕਮ ਹੈ, ਸੋਈ ਮੈਂ ਹੀ, ਸਦਾ ਚਿੱਤ' ਚ ਮਾਣੀਏ।
ਹੁਕਮ ਨਾਮ ਹੈ ਹਾਕਮ ਸੋ ਆਪਣਾ ਆਪ ਪਹਿਚਾਣੀਏ।

ਕਹਿੰਦੇ ਪਵਿਤ੍ਰ, ਸੁਣਦੇ ਪਾਕ, ਜਿਨ੍ਹਾਂ ਬ੍ਰਹਮ ਵਿਚਾਰਿਆ।
ਆਪ ਤਰੇ, ਸੰਗੀ ਤਾਰੇ ਸੁਣੇ ਮੰਨੇ ਸੋ ਕੁਲ ਪ੍ਰਾਨੀ ਤਾਰਿਆ।
ਬ੍ਰਹਮ ਗਿਆਨ ਪਾਏ, ਦੁੱਖ ਜਾਏ, ਸੋ ਨਹੀਂ ਕਾਲ ਮਾਰਿਆ।
ਅਕੱਥ ਪਾਏ ਹਾਕਮ ਆਪੇ ਆਪਣਾ ਜਨਮ ਸਵਾਰਿਆ।

ਜਿਨ੍ਹਾਂ ਸੇਵਿਆ ਨਾ ਆਪਣਾ ਆਪਾ, ਕੀਤੀ ਨਹੀਂ ਨਾਮ ਵਿਚਾਰ।
ਅੰਦੇ ਸੋ ਹੰ ਗਿਆਨ ਨਾ ਪਾਇਆ, ਮ੍ਰਿਤਕ ਸੱਭ ਸੰਸਾਰ।
ਸੋ ਹਰ ਕੀ ਰਤ ਨਾ ਰਤਾ, ਗਲ ਮਾਇਆ ਦੇਹੀ ਪਾਈ ਹਾਰ।
ਹਰ ਹੀ ਹੋ ਰਹੇ ਹਾਕਮ ਇਹੀ ਹੁਕਮ ਨਾਮ ਤੱਤਸਾਰ।

ਸੰਸਾਰ ਉਤਪਤੀ ਸਮਾਨ ਸੰਸਕਾਰ / ਸ਼ਬਦ ਤੋਂ ਹੋਏ।
ਮੂਲ ਸ਼ਬਦ / ਫੁਰਨੇ ਤੋਂ ਸੋ ਅਗਿਆਨ ਮਾਇਆ ਸੰਜੋਏ।
ਮਾਇਆ ਜੱਗ ਫੁਰਨੇ / ਸ਼ਬਦ' ਚ ਹੀ ਪਰਲੋ ਹੋ ਸਮੋਏ।
ਇਹੀ ਲੈ ਉਪਜ ਹਾਕਮ ਸੋ ਬ੍ਰਹਮ ਇੱਕ ਰਸ ਰਹੋਏ।

ਬਾਡੀ ਨੂੰ ਅੰਦਰੋਂ ਹੀ, ਸੋ ਹੰ ਸੋ ਪ੍ਰਭ ਦੇਖੇ ਸੁਣੈ, ਹੋਏ ਸਾਖੀ।
ਇਹ ਅਨੁਭਵੀ ਵਿਚਾਰ ਹੈ, ਸੋ ਸੁਣੀ ਸੁਣਾਈ ਨਹੀਂ ਆਖੀ।
ਜੋ ਖੋਜੇ ਸੋ ਪਾਏ, ਅਕਰੇ ਹੋਏ, ਸੱਚ ਸਾਖੀ ਨਾ ਜਾਏ ਭਾਖੀ।
ਉਹੋ ਹੀ ਪਾਏ ਹਾਕਮ ਜਿਸ ਗੁਰਮੱਤ ਲੈ ਚਿੱਤ' ਚ ਰਾਖੀ।

ਬਿਨ ਗੁਰ ਮਨਮੁੱਖ ਭਗਤ ਕਰੇ, ਗਿਆਨ ਨਹੀਂ ਹੋਏ।
ਜੋਤ ਜਗੇ ਲੋਅ ਹੋਏ, ਬਿਨ ਪ੍ਰਕਾਸ਼ ਅੰਧੇਰ ਨਾ ਪਲੋਏ।
ਗੁਰ ਦੀ ਮੱਤ ਲਏ, ਦਿਵ ਦ੍ਰਿਸ਼ਟੀ ਪ੍ਰਗਟ ਹੋਏ ਖਲੋਏ।
ਬਿਨ ਆਪਾ ਪਛਾਨੇ ਹਾਕਮ ਵਿਸ਼ੇ ਵਿੱਖ ਲਹਿਰ ਡਬੋਏ।

ਅੱਖਾਂ ਕੰਨਾਂ ਬਾਝੋਂ ਵੇਖਣਾ, ਸੁਣਨਾ, ਹੋਣਾ ਹੈ ਸੋਈ ਸ਼ਾਖਸ਼ੀ।
ਪੈਰਾਂ ਹੱਥਾਂ ਬਾਝੋਂ ਚਲਣਾ, ਕਰਨਾ, ਹੋਣਾ ਹੈ ਅਕਰੇ ਸਾਖੀ।
ਬਿਨ ਜੀਭਾ ਬੋਲਨਾ, ਅਨੁਭਵੀ ਹੋਣਾ, ਜੀਵਤ ਅਬਿਨਾਸ਼ੀ।
ਦੇਹੀ ਨਾ ਮੈਂ ਹਾਕਮ ਸੱਤ ਜਾਣ ਕੇ ਹੋਣਾ ਨਿਰ ਅਭਿਲਾਸ਼ੀ।

ਜੇ ਲਹੂ ਲੱਗੇ ਕਪੜੇ ਗੰਦਾ ਹੋਏ, ਸੋ ਲੱਗੇ ਮਾੜਾ ਪਲੀਤ।
ਸਮਝੇ ਦੇਹੀ ਰੱਤ ਆਪਾ ਮੈਂ, ਤਿਸ ਕਿਉਂ ਨਿਰਮਲ ਚੀਤ।
ਹੱਡ ਮਾਸ ਰੱਤ ਦੇਹੀ ਸਮਝੇ, ਸੋਈ ਨਾ ਹੋਏ ਪੁਨੀਤ।
ਦੇਹੀ ਤਜ ਸੱਤ ਲੱਗ ਹਾਕਮ ਪਵਿਤਰ ਹੀ ਰਹੇਂ ਨੀਤ।

ਜਿਸ ਮਿਲਿਆਂ, ਸੱਤ ਚਿੱਤ ਨੰਦ ਹੋਏ, ਸੋਈ ਗੁਰੂ ਕਹੀਏ।
ਦੇਹੀ ਮਨੋ ਵਿਸਰ ਜਾਏ, ਹਰ ਹੀ ਪਰਮਪਦ ਲਹੀਏ।
ਦੇਹੀ ਨਰਕ ਤਜ, ਅਚੱਲ, ਅਕਰੇ, ਸ਼ਾਖਸ਼ੀ ਹੋ ਰਹੀਏ।
ਇਹੀ ਸੱਚਖੰਡ ਹਾਕਮ ਭੁਲਕੇ ਵੀ ਨਾ ਦੇਹੀ ਮੈਂ ਕਹੀਏ।

ਸੱਚ ਕਥਨੀ ਬਦਨੀ ਬਾਹਰਾ, ਸੁਣ ਦੇਖ ਨਹੀਂ ਪਾਵਣਾ।
ਅਸੱਤ ਤਜ, ਸੱਤ ਅਨੁਭਵ ਕਰ, ਮਨ' ਚ ਸਮਾਵਣਾ।
ਸੱਤ ਸਾਗਰ, ਸੁੱਖ ਸਾਗਰ, ਅਵੱਖ, ਇੱਕ ਹੀ ਰਹਾਵਣਾ।
ਪੜ੍ਹੇ ਸੁਣੇ ਨਾ ਪਾਏ ਹਾਕਮ ਭੇਤ ਬੁੱਝੇ ਇੱਕ ਦਾ ਆਵਣਾ।

ਅਨੁਭਵੀ ਹੀ, ਸੱਚ ਦਾ ਨਿਸ਼ਚਾ ਕਰ, ਸੱਚ ਦੇ ਰਾਹ ਪਾਏ।
ਉਕਤੀ, ਜੁਗਤੀ ਬੋਲ ਬਾਨੀ ਨਾਲ ਹੀ, ਸੱਚ ਦੀ ਜਾਗ ਲਾਏ।
ਗੁਰਵਾਕ ਮਨ ਸਮਝਾਏ, ਪੁਸਤਕ ਸ਼ੰਕਿਆਂ' ਚ ਪਾਏ।
ਗੁਰ ਮਿਲ ਮਨ ਮਾਂਝੇ ਹਾਕਮ ਨਹੀਂ ਤਾਂ ਇਕਾਂਤ ਰਹਾਏ।

ਮੰਦ ਬੁੱਧੀ ਇਆਣਾ ਕਹੀਏ, ਜੋ ਗੁਰੂ ਨਹੀਂ ਸਕੇ ਪਛਾਨ।
ਨਿਗੁਰਾ ਫਿਰੇ ਜਿਵੇਂ ਮਾਲਕ ਬਿਨ, ਜੰਗਲੀਂ ਵਸੇ ਹਵਾਨ।
ਆਪਾ ਜਾਣੇ ਬਿਨ, ਮਨ ਵਿੱਚ ਵਸੇ ਸੋ ਅਗਿਆਨ ਸ਼ਤਾਨ।
ਪਸ਼ੂ ਸਮਾਨ ਹਾਕਮ ਜੋ ਆਪੇ ਤੋਂ ਵੱਖ ਜਾਣੇ ਭਗਵਾਨ।

ਅਕਾਸ਼ ਹਵਾ ਪਾਣੀ ਅਗਨੀ ਧਰਤੀ ਪੰਜ ਭੌਤਿਕ ਮੇਲ।
ਮਨ ਬੁੱਧ ਚਿੱਤ ਅਹੰਕਾਰ ਪ੍ਰਾਨ ਇੰਦ੍ਰੀਆਂ ਦਾ ਵਿਸ਼ੇ ਖੇਲ।
ਦਸਵਾਂ ਗੁਪਤ ਸ਼ਾਖਸ਼ੀ ਦੇਖੇ, ਨੌਂ ਦਰਵਾਜਿਆਂ ਦੀ ਜੇਲ੍ਹ।
ਜੋ ਬ੍ਰਹਮੰਡੇ ਸੋ ਪਿੰਡੇ ਹਾਕਮ ਜਿਉਂ ਪਾਣੀ ਉਪਰ ਤੇਲ।

ਕਹਿੰਦੇ ਬੋਲਦੇ ਸੁਣਦੇ ਨੂੰ, ਜੋ ਜਾਣੇ ਆਪਾ, ਸੋਈ ਗਿਆਨੀ।
ਮਿੱਟੀ ਦੀ ਦੇਹੀ ਵਿੱਚ, ਹਵਾ ਹੰਕਾਰ ਆਦਿ ਬੋਲਦੇ ਹੀ ਜਾਨੀ।
ਹਿਰਦੈ ਸੁਰਤ ਮਰੇ, ਪ੍ਰਾਨ ਟਰੇ, ਰਹੇ ਸਾਖੀ ਨਿਰਬਾਨੀ।
ਸ਼ਾਖਸ਼ੀ ਰਹੇ ਅਚੱਲ ਹਾਕਮ ਦੇਹੀ ਚਲਨਹਾਰ ਮਾਨੀ।

ਜਿਸ ਕਾਰਨ ਮੰਦਰੀਂ ਜਾਏ, ਸੋ ਰਤਨ ਹੈ ਘਟ ਹੀ ਮਾਏ।
ਜਿਸ ਵਾਸਤੇ ਪੜ੍ਹੇਂ, ਕਥੇਂ, ਹੱਥ ਨਾ ਆਏ, ਝਗੜਾ ਵਧਾਏ।
ਭੀਤਰ ਹੁੰਦੀ, ਵੱਸਤ ਨਾ ਪਛਾਣੇ, ਬਾਹਰ ਢੂੰਡਨ ਜਾਏ।
ਸੰਤ ਕਹਾਏ ਹਾਕਮ ਦੇਹੀ ਪੰਡ ਨਾ ਲਾਹੇ, ਦੁਖੀ ਰਹਾਏ।

ਪੜ੍ਹ ਪੜ੍ਹਕੇ ਪੰਡਤ, ਮੁੱਲਾਂ, ਗਿਆਨੀ ਬਣ, ਵਾਦ ਵਖਾਣੇ।
ਬਾਹਰੋਂ ਭੇਖ ਬਣਾ, ਸੰਤ ਕਹਾਏ, ਅੰਦਰੋਂ ਸੱਤ ਨਾ ਜਾਣੇ।
ਦੇਹੀ ਹਉਮੈ ਨਾ ਮਰੀ, ਰਸਨਾ ਸੋ ਹੰ ਮੈਂ ਸੱਤ ਨਾ ਬਖਾਣੇ।
ਕੌਡੀਆਂ ਖਾਤਰ ਹਾਕਮ ਕੌਡੀ ਦਾ ਹੋਕੇ ਵਿਸ਼ੇ ਖੇਹ ਛਾਣੇ।

ਸਾਖੀ ਮੈਂ ਨਾ ਮਰੇ, ਮਿਥਿਆ ਮਾਇਆ ਦੇਹੀ ਹੀ ਟਲੇ ਟਰਾਏ।
ਨਾਮ ਰੂਪ ਕਾਲ ਅਧੀਨ ਡਰੇ ਸੋ ਹੰ ਮੈਂ ਨਾ ਡਰੇ ਡਰਾਏ।
ਮਰੇ ਇੱਕ ਦੇਸੀ, ਮਰੇ ਨਾ ਜੋ ਰਹਿਆ ਸਰਵ ਸਮਾਏ।
ਗੁਰ ਸੋ ਆਪਾ ਸਮਝਾਏ ਹਾਕਮ ਜੋ ਮਰੇ ਨਾ ਆਏ ਜਾਏ।

ਜੰਮਨ ਮਰਨ ਵਿੱਚ ਰਹਿਨ, ਤ੍ਰੈ-ਗਣੀਂ ਮਾਇਆ ਸਾਕਾਰ।
ਸਰਵ ਧਰਮ ਗ੍ਰੰਥ ਕਥਨ, ਉਪਜੇ ਬਿਨਸੇ ਅਕਾਰ।
ਤਿੰਨ ਅਵਸਥਾਂ ਆਣ ਜਾਣ, ਸਥਿਰ ਸ਼ਾਖਸ਼ੀ ਵਿਚਕਾਰ।
ਸ਼ਾਖਸ਼ੀ ਹੋਕੇ ਜੀਣਾ ਹਾਕਮ ਸੋਈ ਸੱਤ ਬ੍ਰਹਮ ਵਿਚਾਰ।

ਚਾਰ ਪਦਾਰਥ ਇੱਛੇ, ਬਿਨ ਸਮਝੇ, ਸੋ ਪਾਏ ਨਹੀਂ ਕੋਈ।
ਧਰਮ ਅਰਥ ਕਾਮ ਮੋਖ, ਪਾਏ ਨਾ, ਬਿਨ ਸਾਖੀ ਮੈਂ ਹੋਈ।
ਅਰਥ ਨਾ ਜਾਣੇ, ਗੁਰ ਬਿਨ, ਗਿਆਨੀ ਬਣੇ ਕੰਠ ਪਰੋਈ।
ਗੁਰ ਬਿਨ ਪਾਰ ਨਾ ਪਾਏ ਹਾਕਮ ਗ੍ਰੰਥਾਂ' ਚ ਡੁੱਬ ਮਰੋਈ।

ਮਨ ਤਨ ਅਰਪਉ ਗੁਰ ਆਗੇ, ਮਨ ਦੀ ਮੱਤ ਤਿਆਗ।
ਜੋ ਹਰ ਦੀ ਕੱਥਾ ਸੁਣਾਏ, ਹਰ ਬਣਾਏ, ਤਿਸ ਪਿੱਛੇ ਲਾਗ।
ਮਨ ਸਮਝੇ, ਬੁੱਧੀ ਗਿਆਨ ਪਾਏ, ਮੈਂ ਜਾਣ ਹੋਏ ਵਿਰਾਗ।
ਮੈਂ ਜਾਣੇ ਹਰ ਹੋਏ ਹਾਕਮ ਸੋ ਸਮਝ ਹੋਏ ਵਡਭਾਗ।

ਅਨੇਕ ਉਪਾਏ ਨਾ ਪਾਏ, ਗੁਰ ਸਮਝਾਏ ਸਮਝ ਪਾਏ।
ਤਿਆਗ ਕਰੇ ਜੋ ਆਏ ਜਾਏ, ਰੱਖੇ ਸੋ ਮੈਂ, ਜੋ ਥਿਰ ਰਹਾਏ।
ਚੇਤਨ ਸੋ ਮੈਂ ਸੰਭਾਲੇ, ਅੱਖਾਂ ਮੀਟ ਨਾ ਜੜ ਪੂਜ ਪੂਜਾਏ।
ਹਰ ਇੱਕ ਰੱਖੇ ਮੈਂ ਹਾਕਮ ਸੋ ਜੰਮੇ ਮਰੇ ਨਾ ਆਏ ਜਾਏ।

ਹਰ ਪ੍ਰਭ ਸ਼ਾਖਸ਼ੀ ਅਜਰ ਅਮਰ ਅਬਿਨਾਸ਼ੀ ਪਾਇਆ।
ਸਾਖੀ ਮੈਂ ਰਹੇ, ਆਵਾਗਵਨ, ਮੌਤ ਦਾ ਡਰ ਨਾ ਰਹਾਇਆ।
ਦੇਹੀ ਛੱਪਰੀ ਢਾਹ ਕੇ, ਸ਼ਾਖੀ ਮਹਲ ਬ੍ਰਹਮ ਬਣਾਇਆ।
ਸਦਾ ਮੌਜ ਬਹਾਰਾਂ ਹਾਕਮ ਸੋ ਢਹੇ ਨਾ ਕਸੇ ਦਾ ਢਾਇਆ।

ਅੰਮ੍ਰਿਤ ਸੱਤ ਪੀਤਾ, ਮਨ ਜੀਤਾ, ਤ੍ਰਿਪਤ ਹੋਇਆ ਨਿਰਭੈ।
ਮੌਤ ਰਹਿਤ ਹੋ ਵਿਚਰਿਆ, ਸੱਤ ਰੂਪ ਹੋਇਆ ਨਿਰਖੈ।
ਗੁਰ ਪ੍ਰਸਾਦੀ ਬੂਝਿਆ, ਸੱਤ ਚਿੱਤ ਨੰਦ ਸੋ ਮੈਂ ਹੋਈ ਜੈ ਜੈ।
ਬਿਨ ਆਪਾ ਬੂਝੇ ਹਾਕਮ ਮੂਰਖ ਡੁੱਬਾ ਜੜ੍ਹ ਪੈਰੀਂ ਪੈ ਪੈ।

ਅੰਨੇ ਅਕਲੀਂ ਬਾਹਰਿਆਂ, ਕੀ ਗਿਆਨ ਸੋ ਸੱਤ ਦਾ ਕਹੀਐ।
ਲੱਖ ਕਰਮ ਕਰੇ, ਬਿਨ ਗੁਰਮੱਤ ਸ਼ਾਖਸ਼ੀ ਨਾ ਲਹੀਐ।
ਅਕਲਾਂ ਬਾਝੋਂ ਖੂਹ ਖਾਲੀ, ਬਿਨ ਬੁੱਧੀ, ਵਿੱਚ ਡਿੱਗ ਮਰੀਐ।
ਅੱਖਾਂ ਮੀਟ ਨਾ ਤੁਰੀਏ ਹਾਕਮ ਅੱਖਾਂ ਖੋਲ ਰਾਹ ਪਈਐ।

ਖੋਟੇ ਨੂੰ ਖਰਾ ਕਹੇ ਝੂਠੇ ਨੂੰ ਸੱਚਾ, ਖਰੇ ਸਾਰ ਨਹੀਂ ਜਾਣੇ।
ਰੱਖਣ ਅੰਨੇ ਦਾ ਨਾਉਂ ਸੰਤ ਗਿਆਨੀ, ਆਗੂ ਆਪ ਵਿਡਾਣੇ।
ਝੂਠੀ ਦੇਹੀ ਨੂੰ ਆਪਾ ਸਮਝੇ, ਅਵੱਖ ਰੱਬ ਨੂੰ ਵੱਖ, ਮਾਣੇ।
ਅਜੇਹੇ ਸੰਤਾਂ ਨੇ ਹਾਕਮ ਸੱਭ ਆਪਸ ' ਚ ਲੜਾ ਮਰਾਣੇ।

ਪਰਾਈ ਦੇਹੀ ਅਪਣੀ ਆਪਾ ਜਾਣੀ, ਆਪਣੀ ਮੈਂ ਸੋ ਨਾ ਜਾਣੀ।
ਅਗਿਆਨੀ ਚੇਲੇ ਦੀ ਸੇਵਾ ਕਰੇ, ਅਪਨੀ ਹੋਂਦ ਸੱਤ ਨਾ ਪਛਾਣੀ।
ਦੇਹੀ ਪੱਕੀ ਕਰੇ, ਸੋ ਸਾਰੀ ਉਮਰ ਜੜ੍ਹ ਦਾ ਹੀ ਭਰੇ ਪਾਣੀ।
ਬੁੱਤਾਂ ਬੁੱਕਾਂ ਜੜ੍ਹ ਪੂਜਕੇ ਹਾਕਮ ਸਾਰੀ ਆਯੂ ਖੇਹ ਛਾਣੀ।

ਫੋਕਾ ਪਾਣੀ ਰਿੜਕੀਏ, ਤੱਤਸਾਰ ਮੱਖਣ ਨਹੀਂ ਨਿਕਲੇ।
ਦੇਹੀ ਬਣ ਕਰਮ ਕਰੀਏ, ਕਦੀ ਸੁਪਨੇ ਹਰ ਨਾ ਮਿਲੇ।
ਦੇਹੀ ਤਜ, ਆਪਾ ਸਾਖੀ ਮੈਂ ਜਾਣੇ, ਥਿਰ ਰਹੇ ਕਦੀ ਨਾ ਹਿੱਲੇ।
ਪਰਮਾਨੰਦ ਪਾਏ ਹਾਕਮ ਉੱਚੇ ਚੜ੍ਹਕੇ ਸੱਚ ਦੇ ਟਿੱਲੇ।

ਸੱਭ ਆਪੇ ਆਪ ਵਰਤਦਾ, ਨਾ ਕੁੱਝ ਆਏ ਨਹੀਂ ਜਾਇਆ।
ਗੁਰ ਕਿਰਪਾ ਤੇ ਜਾਣੀਏ, ਹਰਜਾਈ ਬ੍ਰਹਮ ਸਮਾਇਆ।
ਨੇੜੇ ਹੂੰ ਤੇ ਨੇੜੇ ਕਰ ਚੀਨੇ, ਸੋ ਅੰਦਰੋਂ ਹੀ ਜਾਏ ਪਾਇਆ।
ਰਹੇ ਸੱਤ ਸਮਾਏ ਹਾਕਮ ਛੱਡੇ ਥੋਥੀ ਮਿਥਿਆ ਮਾਇਆ।

ਜਿਸ ਮਾਨਸ ਦੇ ਮਨ ਵਿੱਚ, ਸਜਨ ਸ਼ਤਰੂ ਇੱਕ ਸਮਾਨ।
ਸਹਿਜ ਸੁਭਾਏ, ਜੇਤਾ ਬੋਲੇ ਸੋ ਪੁਰਸ਼, ਤੇਤਾ ਹੀ ਗਿਆਨ।
ਜੋ ਕਹੇ ਸੁਣੇ, ਸੋਈ ਨਾਮ, ਜੋ ਦੇਖੇ ਦਖਾਏ ਸੋਈ ਧਿਆਨ।
ਸੋਨਿਮਰ ਰਹੇ ਹਾਕਮ ਕਦੀ ਨਾ ਧਰੇ ਮਨ ' ਚ ਗ਼ੁਮਾਨ।

ਜੋ ਆਪ ਮੈਂ ਰੱਬ ਵਿੱਚੋਂ ਦੁਬਿੱਧਾ ਮਾਰੇ, ਸੋਈ ਕਹੀਏ ਸੂਰਾ।
ਰੱਬ ਮੈਂ ਇੱਕ, ਤਜੇ ਦੇਹੀ, ਦੂਈ ਮਾਰੇ, ਸੋ ਵਿਆਪਕ ਪੂਰਾ।
ਪਾਏ ਵਡਿਆਈ ਪਰਮਾਨੰਦ, ਸੋ ਸੁੱਖ ਨਾ ਰਹੇ ਅਧੂਰਾ।
ਦੁਬਿੱਧਾ ਮਾਰ ਹਾਕਮ ਸਦਾ ਪਾਏ ਹੁਰ ਹਾਜ਼ਰ ਹਜ਼ੂਰਾ।

ਦੁਬਿੱਧਾ ਮਾਰੀ ਬਿਨ ਨਿਰਮਲ ਗਿਆਨ ਧਿਆਨ ਨਾ ਹੋਈ।
ਮਾਰੀ ਬਿਨਾ ਦੂਈ, ਜੂਠ ਝੂਠ ਪਾਪ ਤਾਪ ਸਰਾਫ ਨਾ ਧੋਈ।
ਜਿਸ ਦੁਬਿੱਧਾ ਦੂਰ ਕੀਤੀ, ਜਾਣ ਹੋਏ ਇੱਕ ਸਰਵ ਸੋਈ।
ਗਿਆਨੀ ਸੋ ਜੋ ਦੁਬਿਧਾ ਮਾਰੇ ਹਾਕਮ ਸੋ ਲੈ ਕੰਠ ਪਰੋਈ।

ਕਿਸ ਨਾਲ ਵੈਰ ਕਰੀਏ, ਹਰ ਅੰਦਰ ਬ੍ਰਹਮ ਸਮਾਏ।
ਖੰਡੀਂ, ਬ੍ਰਹਮੰਡੀ, ਜਲ, ਥਲ, ਮਹੀਅਲ ਸਰਵ ਰਹਾਏ।
ਸਰਵ ਪਾਲਕ, ਰਖਸ਼ਕ, ਭਖਸ਼ਕ ਨਾ, ਸ਼ਾਖਸ਼ੀ ਕਹਾਏ।
ਹਰ ਹਾਲ, ਹਰ ਸਮੇਂ ਹਾਕਮ ਹਰ ਥਾਈਂ ਹੋਏ ਸਹਾਏ।

ਜਿਸ ਮਨ ਵਸੇ ਨਾ ਹਰ ਮੈਂ, ਸੋਈ ਸਮਝੋ ਭੂਤ ਚੰਡਾਲਾ।
ਦੇਹੀ ਬਣ ਡਰੇ ਡਰਾਏ, ਜਿਵੇਂ ਬਨ ਫਿਰੇ ਪ੍ਰੇਤ ਬੇਤਾਲਾ।
ਕਾਲ ਬਣ ਕਾਲ ਅਧੀਨ ਰਹੇ, ਮਿਰਤੂ ਬਣੇ ਤਿੰਨ ਕਾਲਾ।
ਗਿਆਨ ਬਿਨ ਹਾਕਮ ਕਦੀ ਨਾ ਲਹੇ ਸਿਰੋਂ ਜੰਮ ਜੰਜਾਲਾ।

ਅਨੁਭਵੀ ਦੀ ਦੂਈ ਰਹਿਤ' ਚੋਂ, ਸੋ ਮੈਂ ਨਿਕਲੇ ਧੁਣੀ।
ਬਾ / ਦੋ ਨਹੀਂ, ਇੱਕ ਹੀ ਹੈ ਸੋ, ਇੱਕ ਰੱਬ ਸੋਈ ਸੋ ਮੈਂ ਸੁਣੀ।
ਬਾਨੀ / ਦੂਈ ਮਾਇਆ ਨਾ, ਸੱਤ ਨਾਲ ਸੁਰਤ ਇੱਕ' ਚ ਬੁਣੀ।
ਬਾਨੀ / ਇੱਕ ਹੈ ਹਾਕਮ ਸੋ ਆਪਾ ਨਿਰਗੁਨ ਮੈਂ ਸਰਗੁਣੀ।

ਸਤ ਗੁਰ ਪੁਰਖ ਦਿਆਲ ਤੋਂ, ਇੱਕ ਸੁਣਤ ਬਣੇ ਬਾਣੀ।
ਸਮਦ੍ਰਿਸ਼ਟੀ ਸੋ ਸਮਵਰਤੀ ਮੈਂ, ਅੰਤਰ ਬਾਹਰ ਜਾਣੀ।
ਗੁਰ ਦੀ ਬਾਨੀ / ਏਕਤਾ ਅੰਮ੍ਰਿਤ ਮੈਂ, ਪ੍ਰਗਟ ਕਰ ਵਖਾਣੀ।
ਅਨਭਵੀ ਗੁਰ ਦੀ ਬਾਨੀ ਹਾਕਮ ਸੋਈ ਦੁਧੋਂ ਛਾਣੇ ਪਾਣੀ।

ਸੋਹਣਾ ਧੰਨਵੰਤ ਭੇਖੀ ਸੋ ਮੁਖੋਂ ਗਿਆਨੀ ਜੋਬਨਵੰਤ।
ਜੋ ਦੇਹੀ ਮੈਂ ਸਮਝੇ, ਹੈ ਜਿਉਂਦੀ ਲਾਸ਼, ਸੋ ਹੰ ਮੈਂ ਨਾ ਜਾਣੰਤ।
ਸੋ ਨੂਰੀ ਨਹੀਂ, ਖਾਕੀ ਹੈ, ਦੇਹੀ ਸੜ ਬਲ ਹੋਈ ਭਸਮੰਤ।
ਮਿਰਤਕ ਹੈ ਹਾਕਮ ਜੇ ਚਿੱਤ ਨਹੀਂ ਸੋ ਹੰ ਮੈਂ ਭਗਵੰਤ।

ਸੋ ਦੇਹੀ ਧਰਤ ਹਰਿਆਵਲੀ ਜਿੱਥੇ ਪ੍ਰਗਟੇ ਗੁਰਮੱਤ।
ਧੰਨ ਸੰਗੀ ਸਾਥੀ ਸੁਣਨ, ਹਰ ਸਮੇਂ, ਹਰ ਮੈਂ, ਹਰ ਸੱਤ।
ਸੁਣ ਮੰਨ ਜਾਣ ਹਰ ਹੋ ਰਹਿਨ, ਹਰ ਨਹੀਂ ਲੱਗੇ ਵੱਖ।
ਦੇਹੀ ਕੌਡੀ ਮੁੱਲ ਨਾ ਹਾਕਮ ਹਰ ਜਾਣ ਹੋਇ ਕੱਖੋਂ ਲੱਖ।

ਇਹ ਦੇਹੀ ਧਰਮਸਾਲ ਹੈ, ਵਿੱਚ ਸ਼ਾਖਸ਼ੀ ਦੀ ਜਗ੍ਹੇ ਜੋਤ।
ਗਿਆਨ ਦਾ ਤੇਲ ਪਾਇਆਂ, ਹਰ ਸਮੇਂ ਦੂਣ ਸਵਾਈ ਹੋਤ।
ਤ੍ਰਿਸ਼ਨਾ ਦੀ ਹਨ੍ਹੇਰੀ ਨਾਲ ਬੁਝਾਕੇ, ਨਾ ਹਨ੍ਹੇਰਾ ਕਰ ਰੋਤ।
ਜੋਤ ਜਗਾਈ ਜੀਵਨ ਹਾਕਮ ਜੋਤ ਬੁਝਾਈ ਸੋਈ ਮੌਤ।

ਮਨੁੱਖਾ ਦੇਹੀ ਮੰਦਰ ਅੰਦਰ, ਰੋਜ ਵਸੇ ਵਿਸ਼ੇਸ਼ ਹਰ।
ਅੰਦਰ ਹੀ ਸੁੱਖ ਸਾਗਰ ਮੋਤੀ ਮੈਂ, ਕੱਡੇ ਕੋਈ ਤਾਰੂ ਤਰ।
ਆਤਮ ਸੁੱਖ ਪਾਏ, ਮਰਨੋਂ ਪਹਿਲਾਂ, ਹਉਮੈਂ ਜਾਏ ਮਰ।
ਦੇਹੀ ਤਜ, ਹਰ ਲੱਗ ਹਾਕਮ ਸਾਖੀ ਨਾਲ ਮੈਂ ਇੱਕ ਕਰ।

ਸ਼ਾਖਸ਼ੀ ਹੋਏ ਦੀ ਨਿਸ਼ਾਨੀ, ਜਿਸ ਗਿਆਨ ਸੁਣਤ ਤਰੀਏ।
ਮਿਰਤੂ ਨੇੜੇ ਨਹੀਂ ਢੁੱਕੇ, ਸੰਤ ਹੋਏ ਬਹੁੜ ਨਾ ਮਰੀਏ।
ਐਸਾ ਕੋਈ ਸੰਤ ਮਿਲੇ, ਤਾਂ ਭਵਸਾਗਰ ਪਾਰ ਉਤਰੀਏ।
ਸੱਤ ਚਿੱਤ ਅਨੰਦ ਪਾਏ ਹਾਕਮ ਫਿਰ ਕਦੀ ਨਾ ਝੁਰੀਏ।

ਜਲ ਵਿੱਚ ਅੱਗ ਅਧਿਕ ਉਠੇ, ਜਲ ਦੀ ਪਿਆਸ ਨਾ ਜਾਏ।
ਅੱਗ ਕਾਰਨ, ਜਲ ਕਾਰਜ, ਸੋ ਕਾਰਨ ਅੀਧਕ ਰਹਾਏ।
ਕਾਰਨ ਕਾਰਜ ਦੀ ਪਿਆਸ ਨਾ ਬੁਝਾਏ, ਬਹੁਤੀ ਵਧਾਏ।
ਕਾਰਜ ਕਾਰਨ' ਚ ਲੈ ਹਾਕਮ ਕਾਰਨ ਹੀ ਬਣ ਜਾਏ।

ਕਾਰਜ ਮਨ, ਕਾਰਨ ਸੱਤ' ਚ ਮਿਲੇ, ਸੁੱਖ ਵਿੱਚ ਹੀ ਵੱਸੇ।
ਮਨ ਕਾਰਨ, ਮਾਇਆ ਕਾਰਜ' ਚ ਮਿਲੇ, ਤੱਦ ਸੁੱਖ ਨੱਸੇ।
ਸਤ ਕਾਰਨ ਛੱਡ, ਮਨ ਮਾਇਆ ਕਾਰਜ, ਵਿੱਚ ਜਾ ਫੱਸੇ।
ਕਾਰਜ' ਚ ਮਨ ਦੁੱਖੀ ਹਾਕਮ ਕਾਰਨ ਵਿੱਚ ਸੁੱਖੀ ਹੱਸੇ।

ਸੱਤ ਨਿੱਜ ਸਰੋਵਰ, ਜੀਵ ਮੀਨ, ਸਤ ਪਾਣੀ, ਬਿਨ ਮਰੇ।
ਸੱਤ ਜਲ ਤੋਂ ਵੱਖ ਹੋਏ ਤੜਫੇ, ਮਰੇ, ਸੱਤ ਪਾਏ ਤਰੇ।
ਸੱਤ ਛੱਡ, ਦੇਹੀ ਬਣ ਸੜੇ,ਸੱਤ ਸੰਗ ਕਰ ਹੋਏ ਹਰੇ।
ਮਿਲੇ ਸਤ ਹੋਏ ਅਮਰ ਹਾਕਮ ਮੌਤ ਰਹੇ ਪਰੇ ਪਰੇ।

ਉਪਾਦਾਨ ਕਾਰਨ ਸਦਾ ਵਿਆਪਕ, ਕਾਰਜ ਆਪਨੇ' ਚ।
ਕਾਰਨ ਮਨ ਵਿਆਪਕ ਵਿਸ਼ਿਆਂ ਵਿੱਚ, ਜਿਵੇਂ ਸੁਪਨੇ' ਚ।
ਮਨ ਆਪੇ ਕਲਪਤ ਵਿਸ਼ੇ ਭੋਗੇ, ਅਗਿਆਨ ਰੱਖਨ' ਚ।
ਗਿਆਨ ਹੋਏ ਹਾਕਮ ਭੇਡ ਰੁੱਝੇ ਨਹੀਂ ਲੇਲਾ ਚੁੰਗਨੇ' ਚ।

ਸੋ ਬ੍ਰਹਮ ਵਿੱਚ, ਦੁੱਖ ਸੁੱਖ ਪਰਲੋਂ ਸੁੰਨ ਸਮਾਧੀ ਨਹੀਂ।
ਪੰਜ ਮਹਾਂ ਭੁਤ ਮਾਇਆ ਅਵਿਦਿਆ ਫੁਰਨਾ ਆਦੀ ਨਹੀਂ।
ਨਾਮ ਰੂਪ ਬੋਲ ਬਾਨੀ ਅਗਮ ਅਗੋਚਰ ਅਗਾਦੀ ਨਹੀਂ।
ਇੱਕ ਰਸ ਸਤ ਅਵਸਥਾ ਹਾਕਮ ਮਾਇਆ ਉਪਾਦੀ ਨਹੀਂ।

ਜਿਨ੍ਹ ਆਤਮਾ ਜਾਣਿਆ ਆਪਾ, ਪਰਮਾਤਮਾ ਹੋਇਆ ਸੋਈ।
ਵਿੱਚ ਅੰਮ੍ਰਿਤ ਬਿਰਖ, ਮਾਇਆ ਅੰਬਰ ਵੇਲ ਉਤੇ ਹੋਈ।
ਅੰਮ੍ਰਿਤ ਫਲ ਜੇ ਖਾਧਾ, ਅੰਬਰ ਵੇਲ ਫਿਰ ਖਾਏ ਨਾ ਕੋਈ।
ਤਿੰਨਾ ਭੇਦ ਨਾ ਦੁੱਖ ਹਾਕਮ ਜਿੰਨ੍ਹਾ ਅੰਦਰ ਦੇਹੀ ਮੈਂ ਮੋਈ।

ਮਨ ਤੂੰ ਜੋਤ ਰੂਪ ਅਪਾਰ, ਅਪਨੀ ਮੈਂ ਮੂਲ ਸੋ ਹੰ ਜਾਣ।
ਹਰ, ਮਨ ਤੇਰਾ ਸ਼ਾਖਸ਼ੀ, ਸੋ ਮਿਲ ਹਰ ਸਦਾ ਰੰਗ ਮਾਣ।
ਮੂਲ ਪਛਾਣ ਕੇ, ਆਪਾ ਜਾਣ, ਸੋ ਆਪਾ ਹੀ ਸਰਵ ਮਹਾਨ।
ਤੂੰ ਸੰਤ ਸਰੂਪ ਹਾਕਮ ਹਰ ਸੋ ਆਪ, ਮੂਲ ਮੈਂ ਪਛਾਨ।

ਮੈਂ, ਮੁੱਡ ਨਾ ਬੁੱਝਣ ਆਪਣੀ, ਅਣਹੋਂਦਾ ਆਪ ਗਣਾਏਂਦੇ।
ਸੋ ਮੂਲ ਛੱਡ, ਟਾਹਣੀ ਮੈਂ ਲੱਗ, ਮਾਇਆ ਵਿੱਚ ਗਲਾਏਂਦੇ।
ਛੱਡ ਸੋਮ ਰਸ, ਪੀ ਬਿਖੇ ਰਸ, ਦੁੱਖਾਂ ਵਿੱਚ ਕੁਰਲਾਏਂਦੇ।
ਆਤਮ ਸਰੋਵਰ ਛੱਡ ਹਾਕਮ ਛੱਪੜਾਂ' ਚ ਨਲ੍ਹਾਏਂਦੇ।

ਵਾਹ ਵਾਹ ਬਾਨੀ / ਦੋਨੀ, ਇੱਕ ਹੀ ਹੈ ਸੋਈ ਸਤਿਕਰਤਾਰ।
ਵਾਹ ਵਾਹ ਅਗਮ ਅਪਾਰ, ਸੱਦ ਹੀ ਹੈ ਸੋਈ ਨਿਰੰਕਾਰ।
ਵਾਹ ਵਾਹ ਗੁਰੂ ਪਾ ਇੱਕ ਹੋ, ਸਰਵ ਸੋਈ ਤਾਰਨਹਾਰ।
ਵਾਹ ਵਾਹ ਸੋ ਹੰ ਹਾਕਮ ਸ਼ਾਖਸ਼ੀ ਮੈਂ ਸੋਈ ਪਾਵਨਹਾਰ।

ਪਤਿਤ ਪਾਵਨ ਹੋਏ, ਤਿਨ੍ਹ ਸੰਗ, ਜਿਨ੍ਹ ਹਰ ਮੈਂ ਪਾਇਆ।
ਦੇਖਿਆਂ ਮੁਕਤ ਨਾ ਹੋਏ, ਜੇ ਗਿਆਨ ਨਾ ਮਨ ਵਸਾਇਆ।
ਜਾਚਕ ਮੰਗੇ, ਵਿਚਾਰ ਦਾਨ ਦੇ ਗੁਰ, ਗਿਆਨ ਕਰਾਇਆ।
ਗੱਲੀਂ ਗਿਆਨ ਨਾ ਹੋਏ ਹਾਕਮ ਜੇ ਕਰਮ ਨਾ ਕਮਾਇਆ।

ਪੜ੍ਹਨਾ ਸੁਣਨਾ ਮਾਇਆ ਦੀ ਕਾਰ, ਇਉਂ ਮੁਕਤ ਨਾ ਕੋਏ।
ਅੰਦਰ ਵਧੇ ਤ੍ਰਿਸ਼ਨਾ ਅੱਗ, ਮਾਇਆ ਸਾੜੇ ਸ਼ਾਂਤ ਨਾ ਹੋਏ।
ਪੜ੍ਹ ਪੜ੍ਹ ਥੱਕੇ, ਦੂਜੇ ਲੱਗ, ਦੁੱਖੀ ਹੋਏ, ਮਾਇਆ' ਚ ਮੋਏ।
ਸ਼ਬਦ ਵੀਚਾਰੇ ਹਾਕਮ ਸੋ ਤੱਤ ਜਾਣੇ, ਹਨ੍ਹੇਰਾ ਨਾ ਢੋਏ।

ਹਿਰਦੇ ਅੰਦਰ ਅੰਮ੍ਰਿਤ, ਮਨਮੁੱਖਾਂ ਸੁਆਦ ਨਾ ਆਇਆ।
ਜਿਵੇਂ ਮਿਰਗ ਕਸਤੂਰੀ ਭੁਲਕੇ, ਭਰਮੇ ਭਰਮਾਇਆ।
ਵਿਰਲੇ ਗੁਰਮੁੱਖ, ਜਿਨ੍ਹਾਂ ਬ੍ਰਹਮ ਅੰਦਰੋਂ ਪ੍ਰਗਟਾਇਆ।
ਬਿਨ ਸੋਝੀ ਹਾਕਮ ਭੇਖੀਆਂ ਬਿਰਥਾ ਜਨਮ ਗਵਾਇਆ।

ਜੋ ਕਰੇ ਕੀਰਤਨ / ਚੀਰਤਨ, ਪਾਏ ਸੋ ਹੰ ਧਨ ਗੋਪਾਲਾ।
ਸੱਤ ਪਾਏ ਅਮਰ ਹੋਏ, ਤਿਸੇ ਛੂਹ ਨਾ ਸਕੇ ਜੰਮਕਾਲਾ।
ਜੱਗ ਆਇਆ ਸੋ ਸਫਲ ਹੋਆ, ਪਾ ਸੋਹੰ ਹਰ ਧਨ ਮਾਲਾ।
ਜੀਵਤ ਸੋ ਮੁਕਤ ਹੋਆ ਹਾਕਮ ਤਜ ਮਾਇਆ ਜੰਜਾਲਾ।

ਸੱਚ ਵਿੱਚ ਰੱਤੇ ਪੁਰਸ਼, ਟੋਲ ਲਉ, ਹਨ ਵਿਰਲੇ ਥੋੜੇ।
ਮਿਲਿਆਂ ਸ਼ਾਂਤੀ ਆਏ, ਸੁਣਿਆਂ ਗਿਆਨ ਨਾਲ ਜੋੜੇ।
ਗਿਆਨ ਪੱਲੇ ਪਾਏ, ਸਿਆਣੇ ਬਣਾਏ, ਆਪ ਕੁੱਝ ਨਾ ਲ੍ਹੋੜੇ।
ਸੱਚਾ ਸੰਤ ਹਾਕਮ ਪਛਾਨ ਨਾ ਸਕਨ ਅਕਲ ਦੇ ਕ੍ਹੋੜੇ।

ਪਾਤਸ਼ਾਹੀਆਂ ਮਾਇਆਵੀ ਸੱਭ ਕੂੜੀਆਂ ਸਰਵ ਬਿਨਸੇ।
ਸੋਹੰ ਰੱਤੇ, ਹੋਏ ਪਾਤ ਇੱਛਾ, ਸੁੱਖ ਮਾਨਣ ਰਾਤ ਦਿਨਸੇ।
ਸਦਾ ਰਹੇ ਥਿਰ ਸੁੱਖ, ਆਪਾ ਮੈਂ ਬ੍ਰਹਮ, ਜਾਣਿਆ ਜਿਨ ਸੇ।
ਸੋ ਮੁਕਤ ਹੋਏ, ਹਾਕਮ ਹੋਰਾਂ ਦੇ ਗਿਆਨ, ਗੁਰੂ ਰਿਨ ਸੇ।

ਕਰਮ ਧਰਮ ਬੰਧਕਾਰੀ, ਆਸਾ ਮਨਸਾ ਹੈ, ਫੰਦਾ, ਫਾਹੀ।
ਪਾਪ ਪੁੰਨ ਦੰਭੀ ਘੜਿਆ, ਲੁੱਟਨ ਨੂੰ, ਹੋਰ ਗੱਲ ਨਾ ਕਾਹੀ।
ਨਰਕ ਸੁਰਗ ਮਨੋਂ ਘੜਤ, ਭੇਡਾਂ ਦੀ ਉੱਨ ਜਾਣ ਲਾਹੀ।
ਸੱਚ ਬਿਨ ਹਾਕਮ ਵਹਿਮਾਂ ਭਰਮਾਂ' ਚ, ਸੁੱਖ ਕਦੀ ਨਾਹੀ।

ਅਨੁਭਵੀ ਤੋਂ, ਆਪਣੀ ਮੈਂ ਜਾਣਿਆਂ ਪ੍ਰਕਾਸ਼ ਹੋਏ ਤੁਰਤ।
ਹੱਸਦਿਆਂ, ਖੇੜਦਿਆਂ, ਪਹਿਨਦਿਆਂ ਅਗਿਆਨ ਉਡਤ।
ਖਾਂਦਿਆਂ, ਪੀਂਦਿਆਂ, ਸਉਂਦਿਆਂ, ਜਾਗਦਿਆਂ ਹੀ ਹੋਏ ਮੁਕਤ।
ਮੈਂ ਪਛਾਣੇ, ਏਕੋ ਜਾਣੇ ਹਾਕਮ ਸੱਭ ਤੋਂ ਹੀ ਸੌਖੀ ਜੁਗਤ।

ਅਜੇਹਾ ਗੁਰੂ ਧੰਨ ਧੰਨ ਹੈ, ਜਿਹੜਾ ਭਰਮ ਗੜ ਤੋੜੇ।
ਮਿਥਿਆ ਦੇਹੀ ਨਾਲੋਂ ਤੋੜੇ, ਸੱਤ ਚਿੱਤ ਮੈਂ ਨਾਲ ਜੋੜੇ।
ਸੋ ਕਹੀਏ ਧੰਨ ਵਾਹ ਵਾਹ ਗੁਰੂ, ਜੋ ਵਿਸ਼ਿਆਂ ਵੱਲੋਂ ਮੋੜੇ।
ਸੱਤ ਮੈਂ ਫੜਾ ਹਾਕਮ ਝੂਠੀ ਦੇਹੀ ਦੀ ਮੈਂ ਛਡਾ, ਪਰੇ ਰੋੜੇ।

ਵਾਹ ਵਾਹ, ਧੰਨ ਧੰਨ, ਵਾਹ ਗੁਰੂ ਦਾ ਅਨੁਭਵ, ਬ੍ਰਹਮ।
ਗੁਰੂ ਵਿਸਰੇ ਨਾ ਸੋ ਮੈਂ, ਵਿਆਪਨ ਨਹੀਂ ਵਹਿਮ ਭਰਮ।
ਸੋ ਗੁਰੂ ਪਰਮੇਸ਼ਰ, ਸੋਈ ਅਪਰੰਪਰ, ਪਾਰਬ੍ਰਹਮ।
ਬੇੜਾ ਕਰੇ ਪਾਰ ਹਾਕਮ ਜਿਸਤੇ ਕਰੇ ਆਪਣਾ ਕਰਮ।

ਗੁਰ ਸ਼ਬਦ, ਅਖੁੱਟ ਨਿਧਾਨ, ਸਰਵ ਕੱਟੇ ਰੋਗ ਮਾਰੂ।
ਦੂਈ ਰੋਗ ਦੂਰ ਕਰੇ, ਦੇਕੇ ਗਿਆਨ, ਅਗਿਆਨ ਦਾ ਦਾਰੂ।
ਨਿਸ਼ਚੇ ਕਰਕੇ ਸੋਹੰ ਸ਼ਾਖਸ਼ੀ ਮੈਂ, ਝੂਠ ਤੋਂ ਕਦੀ ਨਾ ਹਾਰੂ।
ਬ੍ਰਹਮ ਗਿਆਨੀ ਤੇ ਹਾਕਮ ਮਾਇਆ ਹੋਏ ਕਦੀ ਨਾ ਭਾਰੂ।

ਸੋ ਹੰ ਮੈਂ ਸੋਮਾਂ ਸੁੱਖ ਦਾ, ਧੰਨ ਧੰਨ ਵਾਹ ਵਾਹ ਗੁਰੂ ਤੋਂ ਜਾਣਿਆ।
ਦਿੱਤਾ ਡੁੱਬਦਾ ਤਾਰ, ਮੈਂ ਸੋ ਆਪਾ, ਵਾਹਗੁਰੂ ਤੋਂ ਪਛਾਣਿਆ।
ਖਿੰਨ ਵਿੱਚ ਦਿੱਤਾ ਢਾਹ, ਤੰਬੂ ਵਹਿਮਾਂ ਭਰਮਾਂ ਦਾ ਤਾਣਿਆ।
ਕਿਰਪਾ ਕੀਤੀ ਵਾਹ ਗੁਰੂ ਹਾਕਮ ਸਰਵ ਸੁੱਖ ਮਾਣਿਆ।

ਪਛਾਣੇ ਪੂਰਾ ਵਾਹ ਗੁਰੂ, ਹਿਰਦੇ ਅੰਦਰ ਹੀ ਫਰੋਲੀਏ।
ਅੰਦਰ ਸੰਗੀ ਸੱਚਾ ਵਾਹ ਗੁਰੂ, ਦੇਹੀ ਅੰਦਰ ਹੀ ਟੋਲੌਏ।
ਇੱਕ ਮਿੱਕ ਹੋ ਰਹੀਏ, ਤੂੰ ਮੈਂ ਤਿਆਗ, ਮੂੰਹੋਂ ਨਹੀਂ ਬੋਲੀਏ।
ਸਦਾ ਵਾਹਗੁਰੂ ਸੱਚ ਹਾਕਮ ਮਾਇਆ ਨਾਲ ਨਾ ਤੋਲੀਏ।

ਮੱਤ ਬਿਨ ਧਨ ਨਹੀਂ, ਗੁਰ ਬਿਨ ਨਹੀਂ ਗਿਆਨ, ਨਾ ਗੱਤ।
ਇੱਕ ਨਾਰੀ ਵਰਤਾ ਬਿਨ, ਨਹੀਂ ਇਜ਼ਤ ਨਹੀਂ ਜੱਤ।
ਪਰ ਨਾਰੀ ਭੋਗੇ, ਰੋਗ ਲੱਗੇ, ਕਲੇਸ਼ ਵਧੇ, ਰਹੇ ਨਾ ਸੱਤ।
ਧੂੰਏਂ ਦੇ ਬਦੱਲ ਵਿੱਚੋਂ ਹਾਕਮ ਸ਼ੁਆਂਤ ਬੂੰਦ ਮਿਲੇ ਕੱਤ।

ਗੁਰ ਸੇਵਾ ਤੇ ਸੁੱਖ ਸ਼ਾਂਤੀ ਪਾਈਏ, ਹੋਰ ਥਾਂ ਸੁੱਖ ਨਾ ਭਾਲ।
ਗੁਰ ਸ਼ਬਦ ਕਮਾਈਏ, ਸਾਖੀ ਹੋਕੇ ਹਰ ਲੱਭੀਏ ਨਾਲ।
ਨਦਰ ਆਏ ਹਰ ਆਪਾ, ਹੋਏ ਨਦਰੀਂ ਨਦਰ ਨਿਹਾਲ।
ਦਿਨਸ ਰਾਤ ਰਹੇ ਪ੍ਰਕਾਸ਼ ਹਾਕਮ ਕੂੜ ਦੀ ਤੁੱਟੇ ਪਾਲ।

ਸੋ ਬੈਰਾਗੀ, ਜਿਸ ਸੱਚੀ ਲਿਵ ਲਾਗੀ, ਅਪਣਾ ਆਪ ਪਛਾਣਿਆ।
ਨਿਸ਼ਚੇ ਨਾਲ, ਸੋ ਹੰ ਸੱਤ ਚਿੱਤ ਅਨੰਦ ਬ੍ਰਹਮ ਜਾਣਿਆ।
ਵਿਸ਼ੇ ਸੁੱਖ ਤਜ, ਸੋ ਮੈਂ ਰੱਬ, ਸੋ ਹੰ, ਪਰਮਾਨੰਦ ਮਾਣਿਆ।
ਦੇਹੀ ਮੈਂ ਛੱਪਰੀ ਢਾਹਕੇ ਹਾਕਮ ਸਾਖੀ ਮੈਂ ਤੰਬੂ ਤਾਣਿਆ।

ਨਵਧਾਭਗਤੀ

ਨਵਧਾਭਗਤੀ ਕਰੇ ਨੌਂ ਪ੍ਰਕਾਰ, ਗੁਰ ਸੇਵਤ ਉਪਾਸਨਾ।
ਸ੍ਰਵਨ, ਕੀਰਤਨ, ਗੁਰ ਯਸ਼ ਸੁਣੇ ਕਹੇ, ਨਿਸ਼ਕਾਮਨਾ।
ਸਿਮਰਨ ਹੈ ਯਾਦ, ਚਿੰਤਨ ਕਰੇ ਨਾਲ ਸ਼ਰਧਾ ਭਾਵਨਾ।
ਪਾਦ ਸੇਵਨ ਹਾਕਮ ਹੱਥੀਂ ਸੇਵਾ ਕਰੇ ਛੱਡ ਅਭਿਮਾਨਾ।

ਅਰਚਨ, ਵਦੰਨਾ ਕਰੇ, ਸੋ ਫੁੱਲਾਂ ਨਾਲ ਪੂਜਨ ਪ੍ਰਨਾਮ।
ਗੁਰੂ ਹੀ ਇਸ਼ਟ ਸਖਾ ਜਾਣਕੇ, ਸਮਝੇ ਮਿਤਰ ਸਮਾਨ।
ਮਨ' ਚ ਰੱਖੇ ਦਾਸ ਭਾਵ, ਸੇਵਕ ਸਦ ਜਾਏ ਕੁਰਬਾਨ।
ਆਤਮ ਨਿਵੇਦਨ ਹਾਕਮ ਆਪ ਆਪਾ ਕਰੇ ਅਰਪਾਨ।

ਨੌਂ ਪ੍ਰਕਾਰ ਦੀ ਭਗਤੀ ਹੈ, ਗੁਰੂ ਦੀ ਸੇਵਾ ਕਰੇ ਨਿਸ਼ਕਾਮ।
ਸੁਣੇ ਮੰਨੇ ਜਾਣੇ, ਚਿੱਤ ਵਿੱਚ ਚਿੰਤਨ ਕਰੇ, ਗੁਰ ਗਿਆਨ।
ਟ੍ਹੈਲ ਸੇਵਾ, ਪੂਜਾ ਅਰਚਾ ਵੰਦਨਾ ਕਰੇ, ਤਜ ਅਭਿਮਾਨ।
ਮਿੱਤਰ ਵਾਂਗ ਹਾਕਮ ਆਪਾ ਵਾਰੇ ਮਨ ਨਾ ਕਰੇ ਗ਼ੁਮਾਨ।

ਅਕਲਮੰਦ ਮਰਦ ਵੀ ਇਸਤਰੀ' ਚ, ਖੁੱਭ ਮਾਰ ਖਾਏ।
ਬੇਵਾਕੂਫ ਔਰਤ ਵੀ ਛੇਤੀ ਨਾ ਤਿਲਕੇ, ਆਪ ਭੁੱਝ ਜਾਏ।
ਇਸਤ੍ਰੀ, ਆਦਮੀ ਦੀ ਕਮਜ਼ੋਰੀ ਹੈ, ਇਹ ਸੱਚ ਬੁੱਝ ਪਾਏ।
ਆਪਣਾ ਹੀ ਦੋਸ਼ ਹਾਕਮ ਔਰਤ ਸਿਰ ਨਹੀਂ ਕੁੱਝ ਲਾਏ।

ਆਪਣੇ ਸੱਚੇ ਸੁੱਚੇ, ਨਿਰਪੱਖ ਵਿਚਾਰ ਕਰ ਪਰਗਟ।
ਦਲੇਰੀ ਨਾਲ ਅਟੱਲ ਰਹੇ, ਬਦਲੇ ਨਾ ਵਾਂਗ ਗਿਰਗਟ।
ਸੋਚ' ਚੋਂ ਸੱਚ ਮਹਿਕੇ, ਧੂੰਆ ਨਾ ਨਿਕਲੇ ਵਾਂਗ ਸਿਗਰਟ।
ਸੱਚ ਉੱਤੇ ਪਹਿਰਾ ਦੇਵੇ ਹਾਕਮ ਭਾਵੇਂ ਜਾਏ ਸਿਰਕਟ।

ਸੱਚ ਸੁਣਨਾ, ਸੱਚ ਮੰਨਣਾ, ਸੱਚੇ ਸ਼ਾਖਸ਼ੀ ਹੋਕੇ ਬੋਲਨਾ।
ਸੋ ਲੋਕ ਸੇਵਾ, ਨਿੰਦਾ ਨਾ ਕਰਨੀ, ਸੱਚ ਲਈ ਮੂੰਹ ਖੋਲਨਾ।
ਸੱਚ ਤੇ ਪਹਿਰਾ ਦੇਣਾ, ਸੱਚ ਤੇ ਖੜਨਾ, ਕਦੀ ਨਾ ਡੋਲਨਾ।
ਸੱਚ ਜੀਵਤ ਹਾਕਮ ਝੂਠ ਮਰਨ, ਮਿੱਟੀ ਵਿੱਚ ਰੋਲਨਾ।

ਸੱਚ ਪਾਏ, ਖਾਲਸਾ ਕਹਾਏ, ਹਿਰਦੇ ਭਰਮ ਨਾ ਰਹਾਏ।
ਸ਼ਰ੍ਹਾ ਭੇਖ ਦੇ ਨਿਕਟ ਨਾ ਜਾਏ, ਦੂਈ ਦਵੈਸ਼ ਨਾ ਫਲਾਏ।
ਖਾਲਸਾ ਸੱਚ ਮੈਂ’ ਚ ਸਮਾਏ, ਦੇਹੀ ਤੋਂ ਉਪੱਰ ਉੱਠ ਜਾਏ।
ਖਾਲਸ ਜੋਤ ਜ੍ਹਗੇ ਹਾਕਮ ਸਰਵ ਸਾਂਝੀਵਾਲ ਸਦਾਏ।

ਪਹਿਲਾਂ ਨਹਾਉ, ਪਿੱਛੋਂ ਖਾਉ, ਖ਼ੂਬ ਚਬਾਉ, ਸਿਹਤ ਪਾਉ।
ਡਰ ਨਠਾਉ, ਕਾਹਲ ਭਜਾਉ, ਸੁੱਖ ਪਾਉ, ਚਿੰਤਾ ਨਾ ਲਾਉ।
ਪਰਾਰਥਨਾਂ ਰੋਜ਼, ਕਸਰਤ ਜ਼ਰੂਰ, ਤਿੰਨ ਵੇਲੇ ਖਾਉ।
ਹਾਜ਼ਮਾ ਠੀਕ ਰੱਖੋ ਹਾਕਮ ਨਿਮਰਤਾ ਨਾਲ ਪੇਸ਼ ਆਉ।

ਦੇਹੀ ਜੋ ਖਾਂਦੇ ਹੋ, ਧਨ ਜੋ ਕਮਾਂਦੇ ਹੋ, ਗਿਆਨ ਜੋ ਪਾਂਦੇ ਹੋ।
ਸਫਾਈ ਜੋ ਨੇਕੀ ਕਮਾਂਦੇ ਹੋ, ਸੱਚ ਜੋ ਸੱਚ’ ਚ ਰਹਾਂਦੇ ਹੋ।
ਸਤਸੰਗਤ ਸੋ ਜੋ ਗੁਰੂ ਸ਼ਬਦ ਵਿੱਚ ਮਨ ਟਕਾਂਦੇ ਹੋ।
ਕੁਸੰਗਤ ਸੋ ਹਾਕਮ ਜੇ ਮਨ ਮਾਇਆ’ ਚ ਭਟਕਾਂਦੇ ਹੋ।

ਬੱਚਾ, ਰੱਬ ਵੱਲੋਂ, ਅਨਮੋਲ ਤੋਹਫਾ ਹੈ, ਦਾਤ ਹੈ, ਸੱਭ ਨੂੰ।
ਨਿਸ਼ਕਾਮ ਪਿਆਰ ਕਰਨਾ ਬੱਚਿਆਂ ਨੂੰ, ਭੇਟਾ ਹੈ ਰੱਬ ਨੂੰ।
ਬੱਚੇ ਮਨ ਦੇ ਸੱਚੇ, ਕੋਮਲ, ਸਹਾਰਨ ਨਾ ਹੱਬ ਦੱਬ ਨੂੰ।
ਜੰਮਦੇ ਬੱਚੇ ਧਰਮੀ ਬਣਾ ਹਾਕਮ ਫੜਾ ਦੇਣ ਯੱਬ ਨੂੰ।

ਸੁਰ, ਤਾਲ, ਗੀਤ, ਬਣੇ ਸੰਗੀਤ, ਰੋਟੀਆਂ ਨਾ ਕਮਾਏ ਮੀਤ।
ਇਹ ਹੈ ਕੈਪਸੂਲ ਗਿਆਨ ਦਾ, ਰੱਬ ਨਾਲ ਵਧਾਏ ਪ੍ਰੀਤ।
ਮੈਲ ਉਤਰਾਕੇ ਮਨ ਦੀ , ਇਕਾਗਰ ਕਰੇ ਚੰਚਲ ਚੀਤ।
ਟੁੱਟੇ ਦਿਲ ਜੋੜੇ ਹਾਕਮ ਇਹ ਦੇਣ ਬਣਾ ਪਾਕ ਪੁਨੀਤ।

ਮਿੱਤਰ ਹੈ, ਜੋ ਇੱਕ ਮੱਤ ਰੱਖੇ, ਬਿਪਤ ਵਿੱਚ ਕੰਮ ਆਏ।
ਯਾਰ ਸੋ, ਜੋ ਜ਼ਰ ਜ਼ੋਰ ਕੁਰਬਾਨ ਕਰੇ, ਛੱਲ ਨਾ ਕਮਾਏ।
ਪੀਰ ਜੋ ਪੀੜ ਦੂਰ ਕਰੇ , ਗਾਂ ਜੋ ਸਿਆਲ' ਚ ਦੁੱਧ ਪਿਆਏ।
ਸੇਵਕ ਸੋ ਹਾਕਮ ਗੁਰ ਗਿਆਨ ਸੁਣ ਗੁਰਪਦ ਪਾਏ।

ਝੂਠੇ ਮਿਤਰਾਂ ਤੋਂ ਸ਼ਤਰੂ ਚੰਗੇ, ਸੜਕੇ ਸੱਚ ਤਾਂ ਕਹਿੰਦੇ।
ਫੁੱਲ ਹੱਥ ਨਾ ਆਏ, ਕੰਡੇ ਪੱਲਾ ਫੜ ਹਾਲ ਪੁੱਛ ਲਹਿੰਦੇ।
ਚੂੰਡੀ ਵੱਡ ਸਾਵਧਾਨ ਕਰਨ, ਮੂਹੋਂ ਕੁੱਝ ਨਾ ਬੁਨਹਿੰਦੇ।
ਸੋਈ ਸਰਵ ਸ਼੍ਰੇਸ਼ਟ ਹਾਕਮ ਜੋ ਸੱਤ ਮਾਰਗ ਪਹਿੰਦੇ।

ਸੱਚਾਈ ਮਾਂ ਹੈ, ਸ਼ਾਂਤੀ ਨਾਰ, ਜੀਵਨ ਸਾਥਨ, ਬੇੜੀ ਦਾ ਪੂਰ।
ਪਿਤਾ ਦਾਤਾ, ਪੁਤਰ ਦਾ ਦਾਨ ਬਹੁਟੀ ਨੂੰ ਦੇਣਾ ਦਸਤੂਰ।
ਪਰਾਏ ਪੁਤਰ, ਮਿੱਤਰ ਨੂੰ, ਧੀ ਦਾ ਦਾਨ ਦੇਣਾ ਹੈ ਜ਼ਰੂਰ।
ਮੇਰ ਛੱਡੇ ਹਾਕਮ ਧੀ ਪੁੱਤ ਦਾਨ ਦੇ ਕੇ ਨਾ ਕਰੇ ਗ਼ਰੂਰ।

ਸੋਚ ਹੀ ਜਹਾਨ ਹੈ, ਅਨੁਭਵ ਪ੍ਰਾਨ, ਸੁਮੱਤੀ ਹੀ ਚੇਤਨਾ।
ਅਗਿਆਨ ਹੀ ਹੈ ਸੁਉਣਾ, ਗਿਆਨ ਵਿਚਾਰ ਦਿਨ ਚੜਨਾ।
ਹਮਦਰਦੀ ਮਿਤਰ, ਦੋਸਤੀ ਸੱਚ ਦਾ ਹੈ ਰਾਹ ਫੜਨਾ।
ਸੱਤ ਮਈ ਮੈਂ ਸੋ ਜੀਵਨ ਹਾਕਮ ਦੇਹੀ ਮੈਂ ਹੀ ਸੋ ਮਰਨਾ।

ਕਦੀ ਨਾ ਕਿਸੇ ਨੂੰ ਚੋਟ ਮਾਰੋ, ਮਦਦ ਕਰੋ ਸੱਭ ਦੀ ਸਦਾ।
ਸੁਸੱਤੀ, ਟਾਲਮਟੋਲ, ਜੰਗਾਲ ਹੈ, ਇਹਨਾਂ ਨੂੰ ਦੂਰ ਭਜਾ।
ਅਨੁਭਵ ਹੀ ਸ਼ਾਂਤੀ ਹੈ, ਸਹਿਜ ਮਨ ਦੀ ਹੈ ਵਧੀਆਂ ਗ਼ਿਜ਼ਾ।
ਰੱਬ ਸਮਝਨਾ ਮੈਂ ਹਾਕਮ ਰਹਿਨਾ ਰੱਬ ਦੀ ਵਿੱਚ ਰਜ਼ਾ।

ਆਦਮਈ ਹੀ ਹੈ, ਆਦਮਈ ਨਾਲ ਹੀ ਕਰ ਸਦਾ ਪਿਆਰ।
ਹਰ ਵਿੱਚ ਆਦਿ ਮੈਂ ਦੇਖ, ਨਹੀਂ ਦੇਖ ਸੋ ਬਾਹਰੀ ਸ਼ਿੰਗਾਰ।
ਰੇਸ਼ਮੀ ਲਬਾਸ, ਤਾਜ, ਤਜੌਰੀਆਂ ਨਾ ਦੇਖ ਨੌਂ ਲੱਖੇ ਹਾਰ।
ਇੱਕ ਦੇਖ ਸੋ ਹਾਕਮ ਜੋ ਨੰਗ ਧੜੰਗਿਆਂ ਦਾ ਸਾਥੀ ਯਾਰ।

ਧਰਮਸਾਲ ਬਣਾ ਲਏ ਧਰਮ ਦੇ ਨਸ਼ੇ ਵਿੱਚ ਫੌਰਨ।
ਧਰਮੀ ਬਣ ਨਹੀਂ ਸਕੇ, ਲੁੱਟਨ ਮਾਰਨ ਲੱਗੇ ਔਰਨ।
ਵਡਿਆਈ ਭੁੱਲ ਆਪਣੀ, ਕਰਨ ਬੁੱਤਾਂ ਨੂੰ ਲੱਗੇ ਚੌਰਨ।
ਨਰਕਾਂ ਨੂੰ ਤੁਰਨ ਹਾਕਮ ਹੋਰਾਂ ਨੂੰ ਸਿਵਿਆਂ ਨੂੰ ਤੋਰਨ।

ਤਨ ਮਨ ਇੰਦ੍ਰੀਆਂ ਪ੍ਰਾਨ ਨਾਮ ਰੂਪ ਸੱਭ ਮਿਥਿਆ ਮਾਨ।
ਭੀਤਰ ਜੋ ਬਸਤ, ਸੱਤ ਚਿੱਤ ਨੰਦ, ਬ੍ਰਹਮ ਸੋ ਹੰ ਜਾਨ।
ਸੰਸਾਰ ਸੰਪਤ ਸੁਪਨੇ ਦੀ, ਇਸਨੂੰ ਕਲਪਤ ਪਛਾਨ।
ਕੁੱਝ ਥਿਰ ਨਾ ਰਹਾਏ ਹਾਕਮ ਸੋ ਸੱਭ ਸੁੱਪਨ ਸਮਾਨ।

ਖਾਣਾ ਪੀਣਾ ਹੱਸਨਾ ਰੋਣਾ, ਸੱਭ ਹੀ ਜਾਣੇ, ਸੋ ਅੰਤਰਜਾਮੀ।
ਜਾਨਣਹਾਰ ਨਾ ਜਾਨਣ ਆਪਣਾ, ਇਹੀ ਹੈ ਸੱਭ ਦੀ ਖ਼ਾਮੀ।
ਬਾਹਰੀ ਉਸਤੱਤ ਨਿੰਦਾ ਤਜਕੇ, ਹੋਏ ਸੋ ਪਾਰਗਰਾਮੀ।
ਸੱਭ ਹੀ ਸੋ ਪੂਰਨ ਹਾਕਮ ਇਹ ਹੀ ਹੈ, ਸਵੈ-ਸੁਆਮੀ।

ਮੇਰ ਕਰਨਾ ਹੀ ਸੜਨਾ, ਬਿਨ ਮੇਰ ਰਹਿਨਾ ਸੋ ਤਰਨਾ।
ਬਿਨ ਮੇਰ ਰਹੇ ਸੱਤ ਹੋਏ, ਫਿਰ ਪਏ ਕਦੀ ਨਾ ਮਰਨਾ।
ਹਮਤਾ ਮਮਤਾ ਘੁੰਮਨ ਘੇਰੀ ਵਿੱਚ ਪੈਕੇ ਦੁੱਖ ਜਰਨਾ।
ਹੇਰ ਫੇਰ ਛੱਡਕੇ ਹਾਕਮ ਸੱਤ ਕਥਨਾ ਸੱਤ ਕਰਨਾ।

ਗੁੱਸਾ ਕਮਜ਼ੋਰੀ ਦੀ ਨਿਸ਼ਾਨੀ, ਗੁਸੈਲਾ ਆਪ ਮੋਏ ਸਮਾਨ।
ਅਕਲ ਦਾ ਕੱਡੇ ਜਲੂਸ, ਪ੍ਰਗਟ ਕਰੇ ਨਿੱਜ ਅਗਿਆਨ।
ਨਿਸ਼ਕਾਮ ਖ਼ਿਮਾ ਕਰੇ, ਦ੍ਰਿਸ਼ ਸਮਾਨ ਨਾ ਬੁੱਧੀਮਤਾ ਆਨ।
ਮੰਗੇ ਨਾ ਹਾਕਮ ਜੋ ਸਰੇ ਸੋ ਦਿਉ, ਇਸ' ਚ ਸੁੱਖ ਮਹਾਨ।

ਤੰਦਰੁਸਤੀ ਵਾਸਤੇ, ਖ਼ੁਸ਼ੀ ਸੱਭ ਤੋਂ ਹੈ ਚੰਗੀ ਅਕਸੀਰ।
ਨਿਸ਼ਕਾਮ ਸੇਵਾ ਸੇ ਖ਼ੁਸ਼ੀ ਵਧੇ, ਨਿਰਮਲ ਰਹੇ ਜ਼ਮੀਰ।
ਪਰ ਖ਼ੁਸ਼ੀ ਲਈ, ਸੰਤ, ਨਦੀ, ਬ੍ਰਿਖ, ਫਕੀਰ ਧਰੇ ਸਰੀਰ।
ਕੂੜ ਨਿਖੁੱਟੇ ਹਾਕਮ ਸਦਾ ਸੱਚ ਹੀ ਖ਼ੁਸ਼ੀ ਦੇਵੇ ਅਖੀਰ।

ਬਗ਼ਲ ਛੁਰੀ, ਮੂੰਹ' ਚ ਰਾਮ, ਬਣੇ ਬਣਾਏ ਵਿਗਾੜੇ ਕਾਮ।
ਜਿਵੇਂ ਡਰਨਾ ਖ਼ੇਤ ਵਿੱਚ, ਬੰਦਾ ਬਣਕੇ, ਡਰਾਏ ਹੈਵਾਨ।
ਤਿਵੇਂ ਅਗਿਆਨੀ, ਗਿਆਨੀ ਬਣ, ਸੱਭ ਦਾ ਕਰੇ ਨੁਕਸਾਨ।
ਦੰਭ ਕਰੇ, ਭੂਤ ਬਣੇ ਹਾਕਮ ਇਉਂ ਨਾ ਮਿਲੇ ਭਗਵਾਨ।

ਅੰਦਰੋਂ ਬਾਹਰੋਂ ਸੱਚਾ ਬਣੇ, ਸੋ ਅਗਿਆਨ ਦਾ ਵੱਡੇ ਫਾਹ।
ਅੰਨਾਂ ਦੇਖ ਹੱਥ ਫੜੇ, ਸਹਾਇਕ ਬਣ ਪਾਏ ਸਿੱਧੇ ਰਾਹ।
ਬੇਈਮਾਨ, ਹੱਠ ਧਰਮੀ, ਠੱਗ ਨਾ ਬਣੇ, ਸਦਾ ਲੱਗੇ ਢਾਹ।
ਭੇਖੀ ਨਾ ਬਣੇ ਹਾਕਮ ਮਨ ਵਿੱਚ ਸਾਦਗੀ ਰੱਖੇ ਵਸਾਹ।

ਵਧਾ ਚੜ੍ਹਾ ਕੇ ਕਦੀ ਗੱਲ ਨਾ ਕਰੇ, ਪੁੱਠਾ ਪੰਗਾ ਨਾ ਲਏ ਪਾ।
ਸਾਫ ਸੁਥਰੀ ਸਿਧੀ ਗੱਲ ਕਰੇ, ਸੁਣਕੇ ਚੜ੍ਹ ਜਾਏ ਚਾਹ।
ਹੱਸਮੁੱਖ ਬਣੇ, ਜੋ ਕਰੋਧੀ ਦਾ ਚੜਿਆ ਪਾਰਾ, ਦੇਵੇ ਲਾਹ।
ਬੁੜਬੜਾਏ ਨਹੀਂ ਹਾਕਮ ਝਗੜੇ ਨਹੀਂ ਖ਼ਾਹਮਖ਼ਾਹ।

ਅੜਬ ਬੋਲੀ ਨਹੀਂ ਬੋਲੇ, ਸੋ ਟਿੱਚਰ ਨਹੀਂ ਕਰੇ ਜਾਣਕੇ।
ਸੱਚ ਤੇ ਪਹਿਰਾ ਦੇਵੇ, ਕਦੀ ਜਿੱਦ ਨਾ ਕਰੇ ਹਾਰ ਮਾਣਕੇ।
ਬੇਅਰਥ ਬੋਲ ਨਾ ਬੋਲੇ ਸਦਾ ਸਾਰਥਕ ਬੋਲੇ ਛਾਣਕੇ।
ਚੁੱਪ ਰਹੇ ਹਾਕਮ ਬੋਲੇ ਸੋ ਬੰਦਾ ਕੁਬੰਦਾ ਪਹਿਚਾਣਕੇ।

ਇਮਾਨਦਾਰੀ ਸੱਭ ਤੋਂ ਉਤਮ ਨੀਤੀ ਹੈ, ਛੱਡੇ ਨਾ ਭੁੱਲੇ।
ਭਲਾਈ ਕਰਨਾ ਮਨੁੱਖੀ ਗੁਣ ਹੈ, ਜੋ ਦੇਵੇ ਖੁਸ਼ੀ ਬੇਮੁੱਲੇ।
ਬਾਹਰੀ ਚਮਕ ਦਮਕ ਦੇਖ, ਬੇਈਮਾਨ ਹੋਕੇ ਨਾ ਡੁੱਲੇ।
ਲਿਸ਼ਕ ਪੁਸ਼ਕ ਸੋਨਾ ਨਹੀਂ ਹਾਕਮ ਇਸ ਪਿੱਛੇ ਨਾ ਰੁੱਲੇ।

ਮਨੋਵੇਗ ਵਿੱਚ ਨਾ ਰੁੜੇ, ਪੈਰ ਨਾ ਛੱਡੇ, ਚੰਗੀ ਹੋਸ਼ ਰੱਖੇ।
ਠੱਗੀ ਠੋਰੀ ਵਿੱਚ ਨਾ ਰੁੱਝੇ, ਸੋ ਬੇਈਮਾਨੀ ਦੀ ਹਵਾ ਨਾ ਭੱਖੇ।
ਬਹੁਤਾ ਨਾ ਬੋਲੇ, ਬਕਵਾਸ ਲੱਗੇ, ਬਹੁਤੀ ਚੁੱਪ ਨਾ ਰੱਖੇ।
ਲੇਲਾ ਨਾ ਬਣੇ ਹਾਕਮ ਨਾ ਬਣੇ ਭੇਖੀ ਭੇੜ ਜੋ ਕੁੱਤਾ ਭੁੱਖੇ।

ਗੁਣ ਛੁਪਾਕੇ ਰੱਖਣਾ, ਗੁਨ੍ਹਾ, ਮੂਰਖਤਾ ਖਿਲਾਰਨ ਜਿਨ੍ਹਾ।
ਮੂਰਖਤਾ ਪਾਪ ਹੈ ਵੱਡਾ, ਇਨਸਾਨੀਅਤ ਮਾਰਨ ਜਿਨ੍ਹਾ।
ਅਕਲ ਦੇਣੀ ਅਥਾਹ ਪੁੰਨ ਹੈ, ਡੁੱਬਦੇ ਨੂੰ ਤਾਰਨ ਜਿਨ੍ਹਾ।
ਅਨੁਭਵ ਦਾ ਸੁੱਖ ਹੈ ਹਾਕਮ ਸੜਦੇ ਨੂੰ ਠਾਰਨ ਜਿਨ੍ਹਾ।

ਗੁਰ ਸੰਗਤ ਕਰਕੇ, ਜਗਤ ਭਰਮ ਵਹਿਮ ਮਟਾਏ।
ਨਾ ਕੋਈ ਮਰੇ, ਨਹੀਂ ਜਨਮੇ, ਸੁਪਨ ਵੱਤ ਨਾ ਆਏ ਜਾਏ।
ਅਨਰਬਚਨੀਆ ਤੱਤ, ਸੋ ਬ੍ਰਹਮ ਗਿਆਨ ਸਮਝਾਏ।
ਅੰਧੇਰ ਬਿਨਸੇ ਹਾਕਮ ਸੋ ਹੰ ਅਨੁਭਵ ਪ੍ਰਕਾਸ਼ ਪਾਏ।

ਸਾਧ ਮਿਲੇ, ਅਗਿਆਨ ਜਾਏ, ਤਾਂ ਹੀ ਪੂਰਨ ਸੰਤ ਕਹਾਏ।
ਦੇਹ ਅਧਿਆਸ ਛਡਾਏ, ਸੱਤ ਚਿੱਤ ਨੰਦ ਸਾਖੀ ਬਣਾਏ।
ਜਨਮ ਮਰਨ ਆਵਾਗਮਨ ਦਾ ਵਹਿਮ ਨਹੀਂ ਰਹਾਏ।
ਥੋਥੇ ਕਰਮਾਂ ਧਰਮਾਂ ਹਾਕਮ ਭਰਮਾਂ ਤੋਂ ਜਾਨ ਛਡਾਏ।

ਕੀ ਪੜ੍ਹੀਏ ਸੁਣੀਏ ਗੁਣੀਏ, ਰੱਬ ਸਾਖੀ ਅਗੋਚਰ ਸਦਾ।
ਲਿਖਨ ਬੋਲਨ ਸੁਨਣ ਦਾ ਨਹੀਂ ਵਿਸ਼ਾ, ਹੈ ਸ਼ਾਖਸ਼ੀ ਖ਼ੁਦਾ।
ਪੜ੍ਹੇ ਸੁਣੇ ਕੀ ਹੋਈ ਜੇ ਛੁੱਟੇਨਾ ਮਨ ਵਿੱਚੋਂ ਮੈਂ ਦੇਹੀ ਬੱਦਾ।
ਮਨ ਪੂਜਾ ਪਾਠਾਂ ਦਾ ਹਾਕਮ ਭਾਰ ਢੋਏ ਸੋ ਬਣਕੇ ਗੱਦਾ।

ਵੇਦ ਕਤੇਬ ਨਾ ਝੂਠੇ, ਸੋ ਮੂਰਖ, ਜੋ ਤੱਤ ਸਾਰ ਨਾ ਪਾਏ।
ਇਹਨਾਂ ਦੀ ਸਹਾਇਤਾ ਨਾਲ, ਮੈਂ ਖੋਜੇ, ਆਪ ਨੂੰ ਸਮਝਾਏ।
ਆਪ ਮਹਾਨ ਬਣਾਏ, ਇਹ ਪੜ੍ਹ ਪੜ੍ਹਾਕੇ ਛੱਡੇ ਛਡਾਏ।
ਚੌਥੀ ਮੰਜ਼ਲ ਪਾਕੇ ਹਾਕਮ ਪਉੜੀ' ਚ ਨਾ ਸਿਰ ਫਸਾਏ।

ਗੁਰ ਬਿਨ ਗਿਆਨ ਨਾ ਹੋਏ, ਨਾ ਗ੍ਰੰਥ ਕੁੱਝ ਪੱਲੇ ਪਾਏ।
ਗੁਰ ਵਿਹੂਣੇ ਹੀ, ਸਮਝਹੀਏ, ਜਾਨਨ ਜਨਮ ਗਵਾਏ।
ਮਿੱਟੀ ਫਰੋਲਦੇ, ਛਾਣਦੇ, ਮਰ ਜਾਣ, ਕੁੱਝ ਹੱਥ ਨਾ ਆਏ।
ਬਿਨ ਗੁਰ ਹਾਕਮ ਸ਼ਿਸ਼ ਸਾਧਕ ਬਣਕੇ ਸੱਤ ਨਾ ਪਾਏ।

ਬਿਨ ਸੱਤ, ਸ਼ਾਖਸ਼ੀ ਮੈਂ ਪਾਏ, ਧ੍ਰਿਗ ਸਿਧੀ, ਧ੍ਰਿਗ ਕਰਾਮਾਤ।
ਇਹੀ ਸਿਧੀ ਹੈ, ਕਰਾਮਾਤ ਹੈ, ਜੇ ਸ਼ਾਖਸ਼ੀ ਹੋਏ ਰਹਾਤ।
ਬਿਨ ਅਨੁਭਵੀ ਗੁਰ ਤੋਂ, ਕੋਈ ਦੇ ਨਹੀਂ ਸਕੇ, ਇਹ ਦਾਤ।
ਬਿਨ ਆਪਾ ਸਾਖੀ ਬੂਝੇ ਹਾਕਮ ਸਭਨੀ ਕੰਮੀ ਖਾਏ ਮਾਤ।

ਪੜ੍ਹਨਾ ਪੜ੍ਹਉਨਾ, ਸੁਣਨਾ ਸਣਾਉਨਾ ਸੰਸਾਰ ਦੀ ਕਾਰ।
ਦੁਕਾਨਦਾਰੀ, ਪੈਸਾ ਕਮਉਣਾ, ਮਾਇਆਵੀ ਕਾਰ ਵਿਹਾਰ।
ਕੱਥਾ, ਕੀਰਤਨ, ਧਰਮ ਗਰੰਥ ਹੀ ਬਣਾਏ ਰੁਜ਼ਗਾਰ।
ਡੁੱਬ ਮਰਨ ਹਾਕਮ ਕਦੀ ਵੀ ਨਹੀਂ ਲੰਘ ਸਕਨ ਪਾਰ।

ਇਹ ਸਿਧੀ ਕਰਾਮਾਤ, ਸੋ ਹੰ ਮੈਂ, ਨਿਰਗੁਨ, ਕਰੇ ਅਚਿੰਤ।
ਕਰੇਮੱਤ, ਦੇਹੀ ਨਾ, ਅਬਿਨਾਸ਼ੀ, ਸ਼ਾਖਸ਼ੀ ਮੈਂ, ਹੋਏ ਬੇਅੰਤ।
ਕਿਰਿਆ ਮਾਤ ਕਰ ਹੋਏ ਅਕਰੇ, ਕਰੇ ਦੇਹੀ ਮੈਂ ਦਾ ਅੰਤ।
ਕਰਾਮਾਤ ਨਾਮ ਹਾਕਮ ਸੱਤ ਸੋ ਹੰ ਮੈਂ ਪਾਕੇ ਬਣੇ ਸੰਤ।

ਸੋਈ ਕਾਜ਼ੀ ਭਾਈ ਪੰਡਤ ਜਾਣੀਏ, ਜੋ ਅੰਦਰੋਂ ਖੋਜੇ ਤੱਤ।
ਸੋ ਪੜ੍ਹਿਆ ਗੁੜ੍ਹਿਆ, ਗੁਣਿਆ, ਜਾਣੀਏ, ਅੰਦਰੋਂ ਪਾਏ ਸੱਤ।
ਥੋਥੇ ਮਾਇਆਵੀ, ਹੋਰਾਂ ਦੀ, ਰੋਟੀਆਂ ਕਾਰਨ, ਮਾਰਨ ਮੱਤ।
ਅਜੇਹੇ ਭੇਖੀ ਹਾਕਮ ਜਿਉਂਦੇ ਭੂਤ ਪ੍ਰੇਤ ਲੁੱਟਨ ਪੱਤ।

ਬਿਨ ਮਨ ਸਮਝਾਏ, ਨਾ ਸੱਤ ਪਾਏ, ਅਪਨੇ ਆਪ ਸੋਚੇ।
ਭੇਖੀ, ਮੰਦਰੀਂ, ਤੀਰਥੀਂ ਜਾਏ, ਮਨ ਥੋਥੇ ਵਿਸ਼ਿਆਂ ਨੂੰ ਲੋਚੇ।
ਮਨ ਦੀ ਮੈਲ ਨਹੀਂ ਛੁਪੇ, ਭੇਖਾਂ ਪਖੰਡਾਂ ਦੰਭਾਂ ਨਾਲ ਪੋਚੇ।
ਮਨ ਸ਼ਾਂਤ ਨਾ ਪਾਏ ਹਾਕਮ ਜੇ ਦੂਜਿਆਂ ਦੀ ਕਮਾਈ ਨੋਚੇ।

ਜਿਨਾਂ ਸ੍ਵਾਸ ਗਿਰਾਸ ਸਾਖੀ ਹੋਣਾ, ਨਾ ਵਿਸਰੇ, ਸੇ ਹਰਜਨ।
ਸੋਈ ਗੁਰਮੁਖ, ਸੱਚੇ ਸ਼ਾਹ, ਜੋ ਵਿਸ਼ਿਆਂ ਤੋਂ ਮੋੜਨ ਮਨ।
ਸੱਤ ਜਾਣ, ਸੰਤ ਹੋਣ, ਭੁਲਕੇ ਨਾ ਆਪਾ ਸਮਝਨ ਤਨ।
ਝੂਠਾ ਧਨ ਛੱਡ ਹਾਕਮ ਰਖਣ ਸੱਤ ਚਿੱਤ ਨੰਦ ਧਨ।

ਜਿਨ੍ਹਾਂ ਸ਼ਾਖਸ਼ੀ ਸੱਚ ਨਾਮਦੀ ਮਾਲਾ ਬਣਾ ਹਿਰਦੇ ਵਸਾਈ।
ਸੇਈ ਜਨ ਸੱਚੇ, ਨਿਰਮਲੇ, ਤਿੰਨ੍ਹਾਂ ਮਿਲਿਆਂ ਹੀ ਮਲ ਜਾਈ।
ਅਗਮ ਅਗੋਚਰ ਸੋ ਹੰ ਨਿਰੰਜਨ ਮੈਂ, ਦੇਣ ਸਮਝਾਈ।
ਦੁਰਲੱਭ ਹੀਰਾ ਜਨਮ ਹਾਕਮ ਰੇਤ' ਚ ਨਾ ਜਾ ਰੁਲਾਈ।

ਅੰਦਰ ਸੱਤ ਦੀ ਜਗ੍ਹਦੀ ਜੋਤ , ਭੇਖ ਨਾਲ ਨਾ ਜਾ ਬੁਝਾਈ।
ਭੇਖ ਭੂਲ ਭੂਲਾਈਆਂ, ਇਸਦੇ ਜਾਲ' ਚ ਨਾ ਫਸੀ ਫਸਾਈ।
ਫਸਿਆ ਰੋਏਂਗਾ, ਜਾਏਂਗਾ ਸਾਰੀ ਉਮਰ ਹੀ ਛਿੱਲ ਪਟਾਈ।
ਔਖਾ ਹੋ ਪਿਟੇਂਗਾ ਹਾਕਮ ਕੋਈ ਨਾ ਸੁਣੇਗਾ ਹਾਲ ਦੁਹਾਈ।

ਭੇਖੀ ਭੇਖ ਕਰ ਥੱਕੇ, ਅਠ੍ਹਾਠ ਤੀਰਥੀਂ ਕਰ ਇਸ਼ਨਾਨ।
ਮਨ ਸਾਰ ਨਹੀਂ ਜਾਣੀ, ਮਲ ਲੱਗੀ, ਵਧਿਆ ਅਭਿਮਾਨ।
ਸ਼ਬਦ ਨਾ ਚੀਨੇ, ਮਨ ਨਾ ਭੀਨੇ, ਹੋਏ ਨਾ ਬ੍ਰਹਮ ਗਿਆਨ।
ਮਨ ਸਮਝਾ ਹਾਕਮ ਅੰਦਰੋਂ ਮੈਂ ਖੋਜਕੇ ਪਾ ਬਿਸਰਾਮ।

ਤੀਰਥ ਨਾਮ ਹੈ, ਸ਼ਬਦ ਵੀਚਾਰ, ਸੋ ਅੰਤਰੀਵ ਗਿਆਨ।
ਸੱਚਾ ਸੌਦਾ ਕਰ, ਸੱਚਾ ਵਿਹਾਰ ਸੋ ਮੈਂ, ਵਪਾਰ ਹਰ ਨਾਮ।
ਅਮਰ ਅਟੱਲ ਸ਼ਾਖਸ਼ੀ ਹੋਕੇ, ਦਿਨ ਰਾਤ ਅਨੰਦ ਮਾਨ।
ਕੰਮ ਦੇਹੀ ਹਾਕਮ ਇੰਦ੍ਰੀਆਂ ਕਰਨ, ਤੂੰ ਰਹਿ ਨਿਹਕਾਮ।

ਗੁਰ ਮਿਲ ਗਿਆਨ ਹੋਏ, ਸੋ ਜਨਮ ਮਰਨ ਦੁੱਖ ਜਾਏ।
ਅਚਿੰਤ ਹੋਏ ਮਨ, ਸਹਿਜ ਵਸੇ, ਸ਼ਾਂਤੀ ਲੱਗੇ ਪੈਰੀਂ ਆਏ।
ਸੱਤ ਵਿੱਚ ਨੰਦ ਤੀਰਥ ਹੈ, ਨਾਮ ਰੂਪ ਮਲ ਨਾ ਰਹਾਏ।
ਮਨ ਨਿਰਮਲ ਹੋਏ ਹਾਕਮ ਆਪਣਾ ਆਪਾ ਸੋ ਮੈਂ ਪਾਏ।

ਪੰਜ ਤੱਤਾਂ ਤੋਂ ਸ੍ਰਿਸ਼ਟੀ ਸਾਜੀ ਸਾਰੀ, ਭੋਰਾ ਵੀ ਘੱਟ ਨਾ ਵੱਧ।
ਛੇਵਾਂ ਤੱਤ ਬਣਾ ਨਹੀਂ ਸਕੇ, ਪੰਜਾ ਦੀ ਲੰਘ ਨਾ ਸਕੇ ਹੱਦ।
ਬਣਦੇ ਮਿਟਦੇ ਨਹੀਂ , ਨਾਮ ਰੂਪ ਬਦਲਨ ਆਪ ਸੱਭ।
ਵਧਾਏ ਘਟਾਏ ਨਾ ਜਾਣ ਹਾਕਮ ਕਲਪਤ ਵਿੱਚ ਰੱਬ।

ਜਾਦੂਗਰ, ਜਿਵੇਂ ਕਲਪਤ ਵਸਤੂਆਂ ਬਣਾਕੇ ਦਖਾਏ।
ਸਮਾਨ ਫੁਰਨੇ ਆਪੇ ਬ੍ਰਹਮ' ਚ ਅਧਿਅਸਤ ਹੋ ਆਏ।
ਅਵਿਦਿਆ, ਮਾਇਆ ਨਾਲ ਰਲਕੇ, ਕੁਦਰਤ ਬਣ ਜਾਏ।
ਕੁਦਰਤ ਆਏ ਜਾਏ ਹਾਕਮ ਸੋ ਬ੍ਰਹਮ ਰਹੇ ਸਮਾਏ।

ਜਾਦੂਗਰ ਤੇ ਫੁਰਨੇ ਮਾਇਆ ਮਿਲ, ਵਸਤੂ ਬਣ ਜਾਏ।
ਬਾਜੀਗਰ ਰਹੇ, ਫੁਰਨੇਮਈ ਵਸਤੂਆਂ ਨਹੀਂ ਰਹਾਏ।
ਬ੍ਰਹਮ ਸਦਾ ਥਿਰ ਰਹੇ, ਕੁਦਰਤ ਭਰਮੇ ਭਰਮਾਏ।
ਬ੍ਰਹਮ ਏਕ ਹਾਕਮ ਫੁਰਨੇ ਅਨੇਕ ਬਣੇ ਪਰਛਾਏ।

ਫੁਰਨੇ, ਬ੍ਰਹਮ ਦਾ, ਅਨਾਦੀ, ਸਮਾਨ, ਸ਼ੁਖਸ਼ਮ ਅਕਸ।
ਸਥੂਲ ਫੁਰਨੇ, ਮਨ, ਮਾਇਆ ਉਪਾਦੀ, ਸੋ ਬਣੇ ਜਗਤ।
ਮਨ ਦੇ ਫੁਰਨੇ ਨਾਲ, ਜੱਗ ਬਣੇ, ਬਿਨ ਮਨ ਸੋ ਨਸਤ।
ਬ੍ਰਹਮ ਸਦਾ ਸਤ ਹਾਕਮ ਨਾਮ ਰੂਪ ਜੱਗ ਸੋ ਅਸਤ।

ਐਨੇ ਕਰੜੇ ਕੌੜੇ ਨਾ ਬਣੋ, ਕਿ ਥੂਹ ਥੂਹ ਕਰਨ ਹੋਰ।
ਅਜੇਹੇ ਨਰਮ ਨਹੀਂ ਬਣੋ, ਕਿ ਨਿਗਲ ਜਾਣ ਠੱਗ ਚੋਰ।
ਐਸੇ ਅੰਧਵਿਸ਼ਵਾਸੀ ਨਾ ਹੋਵੋ, ਕਿ ਭੇਖੀ ਬੁੱਧੀ ਦੇਣ ਖੋਰ।
ਅੰਨ੍ਹਾਂ ਭਰੋਸਾ ਨਾ ਕਰੋ ਹਾਕਮ ਠੱਗ ਲੈਂਦੇ ਬਣਕੇ ਮੋਰ।

ਲੋਕ ਮਨ' ਚ ਬਹੁ ਠੱਗ, ਸੋ ਠੱਗਿਆ ਜਾਏ, ਕਰੇ ਭਰੋਸਾ।
ਕਰੇ ਪਰਖ ਧੰਦਾ, ਅੱਖਾਂ ਖੋਲ੍ਹ ਬੰਦਾ, ਫਿਰ ਨਾ ਕਰੇ ਰੋਸਾ।
ਜਾਣ ਬੁੱਝਕੇ ਲਏ ਪੰਗਾ, ਨਾ ਹੁੰਦਾ ਚੰਗਾ, ਮੂੰਹ ਕਰੇ ਕੋਸਾ।
ਰੱਬ ਆਸਰੇ ਹਾਕਮ ਚੋਰ ਤੇ ਕਰੇ ਭਰੋਸਾ, ਸੋ ਬੇਹੋਸ਼ਾ।

ਖਾਈਏ ਮਨ ਭਉਂਦਾ, ਪਹਿਨੀਏ ਜੱਗ ਭਉਂਦਾ ਸੋ ਚੰਗਾ।
ਖਾਧਿਆਂ ਰੋਗ ਨਾ ਲੱਗੇ, ਪਹਿਨਿਆਂ ਲੱਗੇ ਨਾ ਕਿਸੇ ਨੂੰ ਮੰਦਾ।
ਚੱਲੇ ਬੈਠੇ ਸੋਹਝੀ ਨਾਲ, ਮੂੰਹੋਂ ਨਾ ਬੋਲੇ ਕਿਸੇ ਨੂੰ ਬੇਢੰਗਾ।
ਮਨ' ਚ ਬੇਈਮਾਨੀ ਹਾਕਮ ਨਾ ਹੋਏ ਕਦੀ, ਨਾ ਪਏ ਪੰਗਾ।

ਹੋਰਾਂ ਨਸੀਆਤ, ਆਪ ਫਸੀਆਤ, ਹੈ ਆਪਣੇ ਨਾਲ ਧੋਖਾ।
ਮੀਆਂ ਮਿਠੂ ਨਾ ਬਣੇ ਕਦੀ, ਭੁਲਕੇ ਸੋ ਨਾ ਕਰੇ ਕੰਮ ਫੋਕਾ।
ਭੇਖੀਂ ਬਾਹਰੋਂ ਛੁਪਾਇਆਂ ਨਾ ਛੁੱਪੇ, ਅੰਦਰਲਾ ਪਨ ਥੋਥਾ।
ਲੋਕ ਸੱਭ ਜਾਨਣ ਹਾਕਮ ਸੋ ਮੂਰਖ ਨਾ ਸਮਝੀਂ ਲੋਕਾ।

ਜਨਤਾ ਜਨਾਰਦਨ ਹੈ, ਸਮਾਨ ਰੱਬ ਰੂਪ ਹੈ ਅੰਦਰੋਂ।
ਜਨਮ ਦਾਤ ਹੈ ਸਮਾਜ ਦੀ, ਉੱਚੀ ਸੁੱਚੀ ਹੈ, ਸੱਭ ਮੰਦਰੋਂ।
ਸ਼ਰ੍ਹਾਵਾਦੀ, ਭੇਖਵਾਦੀ ਠੱਗਾਂ, ਧਰਤੀ ਉੱਤੇ ਸੁੱਟੀ ਅੰਬਰੋਂ।
ਜਤ ਸਤ ਲੁਟਿਆ ਹਾਕਮ ਪੈਸੇ ਲੈਕੇ ਵੇਸਵਾ, ਕੰਜਰੋਂ।

ਦਾਨਿਆਂ ਕਾਰਨ ਫਸਿਆ, ਬਾਂਦਰ ਕੁੱਜੀ' ਚ ਹੱਥ ਫਸਾਏ।
ਘਰ ਘਰ, ਗਲੀ ਗਲੀ' ਚ ਨੱਚੇ ਟੱਪੇ, ਮੰਗੇ ਪੇਟ ਵਖਾਏ।
ਮਦਾਰੀ ਭੀਖ ਸਾਰੀ ਇੱਕਠੀ ਕਰੇ, ਪਿੱਛੋਂ ਚਾਦਰ ਵਛਾਏ।
ਬਾਂਦਰ ਬੈਠਾ ਤੱਕੇ ਹਾਕਮ ਮਦਾਰੀ ਮਸਾਲੇ ਲਾਕੇ ਖਾਏ।

ਆਪਣੇ ਲਾਲਚ ਨੂੰ ਹੱਥ ਬੰਨ ਚੜ੍ਹਾਵੇ ਚਾੜ ਦੇਣ ਦਾਨ।
ਮੱਤ ਮਾਰਨ ਮਦਾਰੀ, ਆਜ਼ਾਦੀ ਛਡਾਕੇ, ਮੰਗਤੇ ਬਣਾਨ।
ਸੁੱਖਾਂ ਮੰਨਵਾਣ, ਸੁਤੰਤਰਤਾ ਮਾਰਕੇ, ਬੰਦਨ ਪੈਰ ਪਵਾਨ।
ਆਪਣੀ ਗੋਲਕ ਭਰਨ ਹਾਕਮ ਖਾ ਖਾ ਕੇ ਪੇਟ ਵਧਾਨ।

ਜਲ ਤੋਂ ਉੱਠਣ ਬਹੁ ਤਰੰਗ, ਜਲ ਵਿੱਚ ਫਿਰ ਸਮਾਨ।
ਮਿੱਟੀ ਦੇ ਬਰਤਨ, ਭਾਂਤ ਭਾਂਤ ਬਣਕੇ, ਮਿੱਟੀ ਹੀ ਰਹਾਨ।
ਸੱਤ ਸਾਖੀ ਬਿਨਸੇ ਨਾ, ਦੇਹੀ ਮਿੱਟੀ ਜੰਮੇ ਬਿਖਰ ਜਾਨ।
ਨਾ ਕੋ ਆਏ ਜਾਏ ਹਾਕਮ ਮਨ ਦੇ ਫੁਰਨੇ ਖੇਲ ਖਲ੍ਹਾਨ।

ਨਾ ਕੋ ਆਏ ਨਾ ਜਾਏ, ਮਨ ਫੁਰਨਿਆਂ, ਸਾਰੀ ਖੇਡ ਬਣਾਈ।
ਬਿਨ ਆਪਾ ਸਮਝੇ, ਭੰਬਲ ਭੂਸਿਆਂ ਵਿੱਚ, ਪਈ ਲੋਕਾਈ।
ਮਿਥਿਆ ਦੇਹੀ ਦੀ ਮੈਂ ਪਕੜੀ, ਛੁੱਟੇ ਨਹੀਂ, ਕਿਸੇ ਦੀ ਛਡਾਈ।
ਦ੍ਰਿਸ਼ਟਾ ਸਮਝੇ ਮੈਂ ਹਾਕਮ ਦ੍ਰਿਸ਼ ਫੂਕ ਮਾਰੇ ਉੱਡ ਜਾਈ।

ਰਤਨ ਸਾਖੀ ਦਾ ਜੋ ਗਾਹਕ ਹੋਏ, ਸੋਈ ਮੈਂ ਭਾਲਣ ਜਾਏ।
ਅੰਨ੍ਹਾਂ ਰਤਨਾਂ ਸਾਰ ਨਾ ਜਾਣੇ, ਸੋ ਬਾਹਰ ਲਭਦਾ ਫਿਰਾਏ।
ਗੋਹਝ ਰਤਨ ਅੰਦਰ ਹੈ, ਤਿੰਨ ਕਾਲ ਸ਼ਾਖਸ਼ੀ ਰਹਾਏ।
ਜੋ ਜੌਹਰੀ ਸੋ ਪਰਖੇ ਹਾਕਮ ਪਰਖਕੇ ਕੀਮਤ ਪਾਏ।

ਸੱਤ ਅਕਰੇ ਸੋ ਪੁਰਸ਼, ਮਾਇਆ ਆਵਨ ਜਾਵਨਹਾਰ।
ਸਾਖੀ ਅਟੱਲ ਅਜਰ ਅਮਰ, ਦ੍ਰਿਸ਼ ਸੋ ਬਿਨਸ਼ਨਹਾਰ।
ਇੱਕ ਹੀ ਵਿਆਪਕ ਪੁਰਸ਼, ਬਦਲਨਸ਼ੀਲ ਸੱਭੇ ਨਾਰ।
ਸ਼ਾਖਸ਼ੀ ਸਵੈਪ੍ਰਕਾਸ਼ ਹਾਕਮ ਸੋ ਬਣੇ ਨਾ ਕਿਸੇ ਤੇ ਭਾਰ।

ਨਾ ਸਰੀਰ ਹੈ, ਮ ਬਰਾਬਰ ਨਾ ਕੋਈ, ਸਦਾ ਸਦਾ ਅਟੱਲ।
ਇੱਕ ਨਾਮ ਹੁਕਮ ਹੈ, ਸੱਭ ਵਰਤੇ ਇੱਕ ਸਾਰ ਅਚੱਲ।
ਨਾਮ ਰੂਪ ਮਾਇਆ, ਹੁਕਮ ਮੰਨ ਚਲੇ, ਸੋ ਕਰੇ ਅਮਲ।
ਭੀੜ ਮਰੇ ਹਾਕਮ ਥਿਰ ਰਹੇ ਅਨਾਦੀ ਬ੍ਰਹਮ ਇਕੱਲ।

ਅਗੈ ਅਗੋਚਰ ਇੱਕਰਸ ਨਿਰਬਚਨੀ ਸਾਖੀ ਅਗਾਧੇ।
ਮਰੇ ਨਾ ਮਾਰੇ, ਬਧੇ ਨਾ ਬਾਧੇ ਸਦਾ ਅਮਰ ਰਹੇ ਅਬਾਧੇ।
ਸ਼ਰ੍ਹਾ ਪਰ੍ਹਾ ਮਰਾ ਜਰਾ, ਸਰਵ ਪਰਾ, ਸੋ ਸਦਾ ਮਰਯਾਦੇ।
ਮਰਯਾਦਾ ਹੈ ਹਾਕਮ ਪੁਰਸ਼ ਉਚਤੱਮ ਹੋਣਾ ਅਨਾਦੇ।

ਸੇਵਕ ਜਿਸਦੀ ਸੇਵਾ ਕਰੇ, ਵੈਸਾ ਹੀ ਹੋ ਜਾਣਾ, ਹੈ ਸੇਵਕ।
ਹਰ ਸੇਵੇ, ਹਰ ਵਾਂਗ ਹੋਵੇ, ਸਦਾ ਅਟੱਲ ਫੱਲ ਲੇਵਤ।
ਸੱਤ ਚਿੱਤ ਨੰਦ ਬ੍ਰਹਮ ਸਾਖੀ ਹੋਏ, ਦੇਹੀ ਤਜ ਦੇਵਤ।
ਹੋਏ ਸ਼ਾਖਸ਼ੀ ਸੋ ਮੈਂ ਹਾਕਮ ਦੇਹ ਅਭਿਮਾਨ ਮਟਾਵਤ।

ਸੋ ਮੂਰਖ, ਜੋ ਸੱਚ ਨਾ ਜਾਣੇ, ਆਪਣੀ ਸਾਖੀ ਮੈਂ ਨਾ ਪਛਾਨੇ।
ਆਪਾ ਪਛਾਣੇ, ਤਾਂ ਸੁੱਖ ਮਾਣੇ, ਨਹੀਂ ਤਾਂ ਦੁੱਖੀ ਰਹੇ ਧਿਆਨੇ।
ਥਾਨ ਥਨੰਤਰ, ਬਾਹਰ ਅੰਤਰ, ਸੁਆਮੀ ਸੋ ਹੰ ਬਖਾਨੇ।
ਅਪਨਾ ਆਪਾ ਹਾਕਮ ਸਰਵ ਵਿਆਪਾ, ਸੋ ਮੈਂ ਨੇੜੇ ਮਾਨੇ।

ਜਿਸ ਸੋ ਹੰ ਅੰਮ੍ਰਿਤ ਪੀਆ, ਤਿਸ ਅਮਰ ਜੀਵਤ ਪਾਇਆ।
ਸੋ ਅੰਮ੍ਰਿਤ ਹਰ ਮਾਹਿ ਹਰ, ਹੋਏ ਕੇ ਸ਼ਾਖਸ਼ੀ ਸਮਾਇਆ।
ਚਤੁਰਾਈ, ਭੇਖ, ਦੁਬਿਧਾ ਛੋੜ, ਹਰ ਪਖੰਡ ਨਾ ਭਾਇਆ।
ਸੋ ਮੁਕਤ ਥੀਆ ਹਾਕਮ ਜਿਸਨੇ ਇੱਕ ਚਿੱਤ ਲਗਾਇਆ।

ਤੱਤ ਸਾਰ, ਜੋਤ ਵਿਆਪਕ, ਤਿਸ ਤੋਂ ਭਿੰਨ ਨਾ ਕੋਈ ਹੋਏ।
ਬਿਨ ਗੁਰ, ਜਾਣ ਨਾ ਸਕੇ, ਦੁੱਖਾਂ ਵਿੱਚ ਹੀ, ਕਰਮਾਂ ਨੂੰ ਰੋਏ।
ਕੰਮ ਕਰਦਾ ਅਕਰਤਾ ਹੋ ਕੇ, ਮਨ ਸੋ ਜੋਤ' ਚ ਪਰੋਏ।
ਸੋ ਹੰ ਜਾਣਕੇ ਹਾਕਮ ਅਪਰੰਪਰ ਬ੍ਰਹਮ' ਚ ਸਮੋਏ।

ਵਰਨ, ਆਸ਼ਰਮ, ਜਾਤ, ਪਾਤ, ਸ਼ਰ੍ਹਾ ਸਭੀ ਭਰਮ ਪਾਤ।
ਦੂਈ, ਦਵੈਸ਼ ਵਧਾਕੇ, ਇੱਕ ਦੂਜੇ ਨਾਲ, ਡੰਡੇ ਖੜਕਾਤ।
ਰਸਾਤਲ ਜਾਤ, ਦਿਨ, ਰਾਤ, ਧਸਤ ਧਸਤ ਧਸ ਜਾਤ।
ਲੋਕ ਲੜਾ ਮਰਾ ਹਾਕਮ ਸੱਭ ਸੰਸਾਰ ਨਰਕ ਬਣਾਤ।

ਖ਼ੁਸ਼ੀ ਤਦ ਹੀ ਹੋਏ, ਅੰਦਰ ਵਸੇ ਸੋ ਹੰ, ਗਿਆਨ ਨਾਮ।
ਮਨ ਦੇ ਤਲ ਤੇ ਕਲਪਨਾ ਵਸੇ ਨਹੀਂ ਪਾਏ ਬਿਸਰਾਮ।
ਬਾਹਰੀ ਰਾਗ ਨਾਦ ਤਜੇ, ਅਨਹੱਦ ਸ਼ਬਦ ਗੱਜੇ ਆਨ।
ਬ੍ਰਹਮ ਵਿਚਾਰੇ ਹਾਕਮ ਛੱਡੇ ਮਨੋ ਹੀ ਦੇਹੀ ਅਭਿਮਾਨ।

ਆਪਣਾ ਸ੍ਵੈਰੂਪ ਮੈਂ ਨਾ ਪਛਾਣਿਆ, ਰੱਬ ਸਮਝਿਆ ਦੂਜਾ।
ਰੱਬ ਅੰਬਰਾਂ' ਚ ਸਮਝਕੇ, ਆਪ ਦੇਹੀ ਬਣ ਕੀਤੀ ਪੂਜਾ।
ਦੇਹ-ਮੁੱਖੀ ਰੂੜੀ ਤੇ ਬੈਠਾ, ਅੰਦਰੋਂ ਤਜ ਸੋ ਧਰਮ ਧੁਜਾ।
ਜੜ ਪੂਜਦਾ ਹਾਕਮ ਕਦੀ ਹਿਰਦੇ ਮੰਦਰ ਨਹੀਂ ਹੂੰਜਾ।

ਮਾਤਾ ਦੇ ਉਦਰ ਦੀ ਅੱਗ’ ਚ, ਸੋ ਦੇਵੇ ਨਾ ਗਲਨ ਸੜਨ।
ਬਿਨ ਸਵਾਸਾਂ ਤੋਂ ਰੱਖੇ, ਪ੍ਰਿਤਪਾਲ ਕਰੇ, ਦੇਵੇ ਨਾ ਮਰਨ।
ਬਾਹਰ ਵੀ ਸੰਗੀ, ਸੁੱਖ ਰੂਪ, ਸੱਭ ਕੁੱਝ, ਕਾਰਨ ਕਰਨ।
ਭੁਲਕੇ ਸੋ ਹੰ ਸਾਖੀ ਹਾਕਮ ਅਥਾਹ ਦੁੱਖ ਆਪੇ ਭਰਨ।

ਸੋ ਮੈਂ ਨੂੰ ਲੱਭ ਅੰਦਰੋਂ, ਜੋ ਹੈ ਕਰਨ ਕਾਰਨ ਸਮਰੱਥ।
ਬੁੱਝ ਮਨ ਹੀ ਮਾਹਿ, ਚਿੱਤ ਨਾਲ ਸੰਭਾਲ, ਦੁਰਲੱਭ ਵੱਥ।
ਮਨ ਨਾਲ ਝਗੜਾ, ਨਿਰਨਾ ਕਰ, ਰੱਬ ਅਵੱਖ, ਨਾ ਵੱਖ।
ਸੱਭ ਸਿਆਣਪਾਂ ਤਜ ਹਾਕਮ ਰੱਬ ਸਮਝਣ ਦੀ ਰੱਖ।

ਥੋਥੇ ਨਰਕ ਸੁਰਗ, ਅਨੁਭਵੀ ਸੰਤਾਂ, ਦੋਨੋਂ ਕੀਤੇ ਰੱਦ।
ਰੱਬ ਤੇ ਮੈਂ ਦੋ ਨਰਕ ਹੈ, ਸੁਰਗ ਹੈ, ਸੋ ਮੈਂ, ਪਛਾਣੇ ਰੱਬ।
ਹਰ ਨਦਰੀਂ ਆਏ ਸੋ ਮੈਂ, ਮੁੱਕ ਜਾਣ ਧਰਮ ਰੋਲੇ ਸੱਭ।
ਧਰਤੀ ਸੁਰਗ ਹਾਕਮ ਹਰ ਹੀ ਰਹੇ, ਹਰ ਇੱਕ ਜੱਬ।

ਅਨੁਭਵੀ ਦੀ ਬਾਨੀ ਸੱਤ ਸਰੂਪ, ਬਾਨੀ ਅਨੁਸਾਰ ਬਣੇ।
ਬਾਨੀ ਸਾਰ ਜੀਵਨ’ ਚ ਢਾਲੇ, ਕੇਵਲ ਪਾਠ ਨਾ ਪੜ੍ਹੇ ਸੁਣੇ।
ਕਿੰਨ੍ਹੀ ਬਾਨੀ, ਕਿਸੇ ਸਮੇਂ ਪੜ੍ਹਨੀ, ਮਾਲਾ ਦੇ ਮਣਕੇ ਨਾ ਗਿਣੇ।
ਸ਼ਾਖਸ਼ੀ ਮੈਂ ਬਣੇ ਹਾਕਮ ਲੋਕ ਦਿਖਾਵੇ ਦੇ ਤਾਣੇ ਨਾ ਤਣੇ।

ਤਿੰਨ ਗੁਣ ਛੱਡਕੇ, ਚੋਥੇ ਚਿੱਤ ਲਾਏ, ਸੋ ਮਨ ਸਮਝਾਏ।
ਸਦਾ ਹਰ ਅਪਨਾ ਆਪਾ ਸਮਝ, ਖੋਜੇ, ਸੋ ਅੰਦਰੋਂ ਪਾਏ।
ਸੱਤ ਦਾ ਚਿੱਤ’ ਚ ਅਨੰਦ ਰੱਖ ਕਮਾਏ, ਮਨ ਨਾ ਫਸਾਏ।
ਸੱਤ ਧੰਨ ਪਾਏ ਹਾਕਮ ਦੇਹੀ ਵਾਸਤੇ ਵੀ ਸਦਾ ਕਮਾਏ।

ਵਿਹਲਾ ਮਨ ਸ਼ੈਤਾਨ ਦੀ ਕੋਠੀ, ਗਧੇ ਵਾਂਗ ਦੋ ਲੱਤੇ ਮਾਰੇ।
ਵਿਹਲੇ ਨੂੰ ਪੈਖੜ ਪਾਏ, ਜਾਂ ਲੱਧਾ ਲੱਧੇ ਕੰਮ ਲਏ ਸਾਰੇ।
ਮਨ ਨੂੰ ਪਾਏ ਸੋਝੀ ਪੈਖੜ, ਸਦਾ ਨੌਂ ਦਸਾਂ ਦੀ ਕਰੇ ਕਾਰੇ।
ਪਰ ਅਧੀਨ ਨਾ ਹੋਏ ਹਾਕਮ ਸਦਾ ਰਹੇ ਸ੍ਵੈਮ ਸਹਾਰੇ।

ਪਰਮੇਸ਼ਰ ਦਾ ਨਾਮ, ਅੰਮ੍ਰਿਤ ਸਮਝ, ਜੋ ਪੀਵੇ ਸੋ ਜੀਵੇ।
ਆਏ ਨਾ ਜਾਏ, ਸੁੱਕੇ ਨਹੀਂ ਕਮਲਾਏ, ਸਦਾ ਹਰਿਆ ਥੀਵੇ।
ਸੋ ਅਲਮਸਤ ਰਹੇ, ਭਰ ਭਰ ਜਾਮ ਮਸਤੀ ਦੇ ਪੀਵੇ।
ਮਸਤਾਨੇ ਹਾਕਮ ਹੱਸਨ ਟੱਪਨ ਬਿਨ ਅਮਲਾਂ ਖੀਵੇ।

ਸੋ ਪੁਰਖ ਨਿਰਗੁਨ ਰੂਪ, ਰੇਖ ਭੇਖ ਨਾਮ ਨਾ ਰਖਾਏ।
ਨਿਰੰਕਾਰ, ਅਕਰੇ, ਨਿਰੰਜਨ, ਹਰ ਅਦ੍ਰਿਸ਼ਟ ਰਹਾਏ।
ਅਗੋਚਰ ਹੈ, ਕਿਵ ਕੰਨ ਸੁਣੇਂ, ਕਿਵ ਮੂੰਹੋਂ ਨਾਮ ਧਿਆਏ।
ਸ਼ਾਖਸ਼ੀ ਜਾਣੇ ਮੈਂ ਹਾਕਮ ਜੋ ਦੇਖੇ, ਸੋ ਨਦਰੀਂ ਨਹੀਂ ਆਏ।

ਪੰਡਤ ਘਰ ਘਰ ਪੜ੍ਹਦੇ ਸੁਣਾਦੇ, ਸਿਧ ਸਮਾਧੀ ਲਾਏ।
ਕਰਮੀ ਮਨ ਵੱਸ ਨਾ ਆਏ, ਮਨ ਮਰੇ ਸੋ ਸਮਝ ਆਏ।
ਭੇਖਧਾਰੀ, ਅਗਿਆਨੀ, ਤੀਰਥੀਂ ਜਾਏ ਤੇ ਮਨ ਭਰਮਾਏ।
ਸੋ ਸਾਰ ਨਾ ਜਾਣੇ ਹਾਕਮ ਹਉਮੈ ਭਰਮ ਦੁੱਖ ਹੀ ਪਾਏ।

ਕੋਈ ਉਪਾਅ ਨਹੀਂ, ਕੇਵਲ ਮਨ ਸਮਝੇ ਗੁਰਬਚਨੀ।
ਗੁਰ ਕਹੇ, ਸੋ ਕਾਰ ਕਮਾਏ, ਮਨ ਜੋੜੇ ਸੋ ਸੱਤ ਕਰਨੀ।
ਕਿੰਤੂ ਪਰੰਤੂ ਛੱਡ, ਲੰਘ ਜਾਏ ਦੇਹੀ ਮੈਂ ਨਦੀ ਵੇਤਰਨੀ।
ਦੇਹੀ ਟੱਪੇ ਹਾਕਮ ਅਨਹੱਦ ਸੋ ਹੰ ਪਾਏ, ਮੈਂ ਅਮਰਨੀ।

ਸੋ ਹੰ ਅਨੁਭਵ ਹੈ, ਰਟਨ ਨਹੀਂ, ਸੋ ਆਪੇ ਮੈਂ ਦੀ ਸੋਹਝੀ।
ਮੈਂ ਦੇਹੀ ਛੱਡ, ਆਏ ਸਮਝੇ ਸੋ ਹੰ ਦੀ, ਪਾਏ ਤੱਤ ਗੋਹਝੀ।
ਹੋਏ ਅਨੁਭਵ ਸੱਤ ਚਿੱਤ ਅਨੰਦ, ਜਾਏ ਸੋਚ ਕੋਹਝੀ।
ਦੇਹੀ ਮੈਂ ਸਮਝੇ ਹਾਕਮ ਢੋਏ ਨਾ ਮਨ ਵਿਸ਼ੇ ਬੋਹਝੀ।

ਨਾਮ ਨਾ / ਮੈਂ ਦੇਹੀ, ਸੋ ਸਤ ਸਾਖੀ ਰਹੇ, ਹੋਏ ਮੈਂ ਅਲੋਪ।
ਮੈਂ ਹੋਏ ਅਲੋਪ, ਜਦ ਬ੍ਰਹਮ ਦਾ ਹੀ ਅਨੁਭਵ ਰਹੋਤ।
ਮੈਂ ਵਿਸ਼ੇਸ਼ ਰਹੇ ਨਾਮ, ਮੈਂ ਨਾ ਕਹੇ, ਰਹੇ ਮੈਂ ਸਮਾਨ ਹੋਤ।
ਨਾਮ ਬ੍ਰਹਮ ਅਭੇਦਤਾ ਹਾਕਮ ਮੈਂ ਬ੍ਰਹਮ ਕਹੇ ਨਾ ਕਹੋਤ।

ਨਾਮ ਲੈਣ ਕਹਿਨ ਵਿੱਚ ਨਾ ਆਏ, ਬ੍ਰਹਮ ਮਾਹਿ ਸਮਾਏ।
ਸਮਾਨ ਨਾਮ ਵਿਆਪਕ, ਜਗਤ ਅਧਿਸ਼ਟਾਨ ਕਹਾਏ।
ਨਾਮ ਅਖਰ ਹੈ, ਅਮਰ ਹੈ, ਨਾਮ ਮਿਲੇ ਮੁਕਤ ਹੋ ਜਾਏ।
ਨਾਮ ਮੈਂ ਨਾ ਰਹੇ ਹਾਕਮ ਦੁੱਤੀਆ ਮਿਟੇ, ਇੱਕ ਹੀ ਰਹਾਏ।

ਮੈਂ ਮੈਂ ਕਰਨਾ, ਮੈਂ ਬ੍ਰਹਮ ਹੋਇਆ, ਮੈਂ ਮਿਟੀ ਬ੍ਰਹਮ ਰਿਹਾ।
ਨਦੀ ਮੈਂ ਲਖਸ਼, ਵਿੱਚ ਸਾਗਰ ਮਿਲੀ, ਮੈਂ ਨਾਮਰੂਪ ਗਿਆ।
ਨਾਮ ਆਖਰੀ ਮੰਜ਼ਲ ਹੈ, ਜਿੱਥੇ ਕਹਿਨ ਕਹਾਨ ਮਿਟਿਆ।
ਜੱਗ ਅੰਧੇਰ ਮਿਟੇ ਹਾਕਮ ਸਾਖੀ ਸੱਤ ਪ੍ਰਕਾਸ਼ ਹੋਇਆ।

ਨਾਮ ਬ੍ਰਹਮਨੇਸ਼ਠੀ, ਜਿਤਇੰਦ੍ਰੇ ਆਵਸਥਾ ਦਾ ਹੈ ਨਾਉਂ।
ਨਾਮ ਆਸਰੇ ਅਕਾਸ਼ ਖੰਡ ਬ੍ਰਹਮੰਡ ਮਾਇਆ ਰਹਾਉ।
ਤਾਰਾ ਮੰਡਲ, ਚੰਦ ਸੂਰਜ ਧਰਤੀ ਦਾ ਨਾਮ' ਚ ਟਕਾਉ।
ਸੋਹੰ ਸੋ ਮੈਂ ਕਰਦੇ ਹਾਕਮ ਸਦਾ ਨਾਮ ਵਿੱਚ ਟਿਕ ਜਾਉ।

ਮੰਜ਼ਲ ਨਾਮ, ਮਨ ਵਿੱਚ ਵਸਾਕੇ, ਸੋ ਤੁਰੀਆ ਪਦ ਪਾਏ।
ਪਹੁੰਚੇ ਠਕਾਣੇ, ਮੰਜ਼ਲ ਰਹੇ, ਨਾਮ ਵਿਸਰੇ, ਨਾ ਰਹਾਏ।
ਨਾਮ ਮੰਜ਼ਲ' ਚ ਅਬੇਦ ਹੋਏ, ਮੰਜ਼ਲ ਦੀ ਇੱਛਾ ਨਸਾਏ।
ਨਾਮ ਨਾ ਮੰਜ਼ਲ ਹਾਕਮ ਸੋ ਅਨਰਬਚਨੀਆਂ ਕਹਾਏ।

ਇਹ ਤਨ ਮਿਥਿਆ, ਭੀਤਰ ਰਮੇ ਰਾਮ, ਸੋ ਸੱਚ ਪਛਾਣੋ।
ਜੱਗ ਹੱਥ ਨਾ ਆਏ, ਥਿਰ ਨਾ ਰਹੇ, ਸੁਪਨ ਸਮਾਨ ਜਾਣੋ।
ਸੰਗੀ ਸਾਥੀ ਕੋਈ ਸਾਥੀ ਨਾ ਬਣੇ, ਫਿਰ ਕਿਉਂ ਦੇਖ ਫਸਾਨੋ।
ਕਲਪਤ ਦ੍ਰਿਸ਼ ਦੇਖ ਹਾਕਮ ਫਿਰ ਕਿਉਂ ਮਨ ਡੋਲਾਨੋ।

ਨਾ ਪਕੜ, ਨਾ ਛੱਡ, ਸ਼ਾਖਸ਼ੀ ਥਿਰ ਰਹਿਕੇ ਅਨੰਦ ਮਾਨ।
ਨਾ ਹੱਥ ਲਾ, ਨਾ ਪਛਤਾ, ਸਾਰੀ ਉਮਰ ਨਾ ਵਿਸ਼ੇ ਖੇਹ ਛਾਨ।
ਅੰਦਰ ਬਾਹਰ ਤੂੰ ਹੀ ਜਾਣ, ਸਰਵਾ ਸਰਵ ਭਗਵਾਨ।
ਤੂੰ ਹੀ ਪੂਰਨ ਹਾਕਮ ਬਣ ਬ੍ਰਹਮ ਗਿਆਨੀ ਇਨਸਾਨ।

ਸੱਤ ਪੁਰਖ ਬੋਲੇ, ਸਰਵ ਸਾਂਝੀ ਬਾਨੀ, ਸਗਲ ਜਹਾਨ।
ਗੁਰਮੁੱਖ ਸੋ ਹੰ, ਸਾਂਝੀਵਾਲ ਸਦਾਏ, ਅਪਣਾ ਆਪ ਪਛਾਨ।
ਜੋ ਆਪਾ ਮੈਂ ਨਾ ਪਛਾਣੇ, ਮੂਰਖ ਹੈ, ਸੋ ਕਿਆ ਕਥੇ ਗਿਆਨ।
ਦੇਹੀ ਦੀ ਮੈਂ ਮਰੇ ਹਾਕਮ ਤਾਂ ਹੀ ਆਪਾ ਮੈਂ, ਸਕੇ ਪਹਿਚਾਨ।

ਸੱਤ ਸਾਰ ਵਿਚਾਰ ਜਾਣੀ, ਖੋਜਕੇ ਮੈਂ ਪਾਏ, ਸੋ ਖ਼ੁਦਆਰ।
ਦੇਹੀ ਤਜੇ, ਮੋਹ ਛੱਡ, ਆਤਮਾ ਸੁੱਖ ਪਾਏ, ਜਾਏ ਵਿਕਾਰ।
ਸੁੱਖ ਨਿਧਾਨ ਪਾਏ, ਨਾਮ ਸੋ ਹੰ ਧਿਆਏ, ਸੋ ਕਹੇ ਵਿਚਾਰ।
ਹਰ ਪਾਏ, ਆਪ ਸੁਧਰੇ ਹਾਕਮ ਸਭਨਾਂ ਦਾ ਕਰੇ ਸੁਧਾਰ।

ਸੱਤ ਪਾਏ, ਨਾ ਸਕੇ ਛਪਾਏ, ਜਿਵੇ ਗੁੰਗਾ ਸੁੱਖ ਪ੍ਰਗਟਾਏ।
ਮੁਸਕਰਾਏ, ਨੱਚੇ ਟੱਪੇ, ਦੇਹੀ ਬੋਲੀ, ਨਾਲ ਖ਼ੁਸ਼ੀ ਕਥਾਏ।
ਗੁਰ ਮੇਲੇ, ਮਿਲੇ ਅਥਾਹ ਸੰਗ, ਅਥਾਹ ਹੀ ਮਸਤੀ ਪਾਏ।
ਰੋਮ ਰੋਮ ਪੁਕਾਰੇ ਹਾਕਮ ਪਰ ਮੂੰਹੋਂ ਬੋਲਿਆ ਨਾ ਜਾਏ।

ਅਨੁਭਵੀ ਦਾ ਪੱਲਾ ਫੜੇ, ਮਾਇਆ ਦੁੱਖ ਭੁੱਖ ਨਾ ਵਿਆਪੇ।
ਸ਼ਬਦ ਮਨ ਵਸਾਏ, ਰਹਨ ਨਹੀਂ ਰੋਗ ਸੋਗ ਸੰਤਾਪੇ।
ਧੰਧਨ ਬੰਧਨ ਛੁੱਟਨ, ਮੁਕੱਤ, ਪੂਜਾ ਪਾਠ ਜਾਪ ਆਪੇ।
ਸਵੈ ਸੁੱਖ ਪਾਏ ਹਾਕਮ ਰਹਿਕੇ ਇਕਾਂਤ ਸੋ ਇੱਕਲਾਪੇ।

ਆਪਾ ਜਾਣ ਪਿੰਗਲਾ, ਪਹਾੜੀਂ ਚੜੇ, ਮੂਰਖ ਸਿਆਣਾ ਹੋਏ।
ਅੰਨਾ ਅਨੁਭਵੀ ਹੋਏ, ਤ੍ਰੈਲੋਕੀ ਦਿਸੇ, ਭਿੰਨ ਨਾ ਲੱਗੇ ਕੋਏ।
ਬ੍ਰਹਮ, ਕੀੜੀ ਨੂੰ ਹੋਏ ਅਨੁਭਵ, ਬ੍ਰਹਮ ਮਾਹਿ ਸਮੋਏ।
ਐਸੀ ਮਸਤੀ ਚੜ੍ਹੇ ਹਾਕਮ ਚੂਹੇ ਤੋਂ ਹਾਥੀ ਬਣ ਜਾਏ।

ਦੁਬਿੱਧਾ ਵਿੱਚ ਨਾ ਪਏ, ਮੱਠ ਮੜੀ, ਮਸਾਣੀ, ਭੁੱਲ ਨਾ ਪੂਜੇ।
ਮਿਥਿਆ, ਅਸੱਤ ਦੇਹੀ ਨਾ ਬਣੇ, ਤ੍ਰੈਕਾਲ ਸ਼ਾਖਸ਼ੀ ਮੈਂ ਬੂਝੇ।
ਹਰ ਹੀ ਹਰ ਮਾਹਿ, ਹਰ ਮੈਂ ਹੋਕੇ, ਹਰਜਾਈ ਆਪਾ ਸੂਝੇ।
ਭੇਖ ਰੇਖ ਤਿਆਗੇ ਹਾਕਮ ਸ਼ਾਖਸ਼ੀ ਛੱਡ ਨਾ ਲੱਗੇ ਦੂਜੇ।

ਐਸੀ ਸਮਝ ਸਾਖੀ ਮੈਂ ਦੀ, ਕੀੜੀ ਵਿਰਤੀ ਬਣੇ ਹਾਥੀ ਮੀਤਾ।
ਕੋਟ ਅਗ ਨਾਸੇ, ਬੁੱਧੀ ਪਾਕ ਹੋਏ, ਨਿਰਮਲ ਹੋਏ ਚੀਤਾ।
ਸ਼ੇਰ ਲੱਗੇ ਬਿੱਲੀ, ਸਾਖੀ ਹੋਏ ਮੈਂ, ਤਾਂ ਪਹਾੜ ਤ੍ਰਿਣ ਲਗੀਤਾ।
ਆਪ ਅਭੈ ਹੋਏ ਹਾਕਮ ਸਭਨੀ ਸੋਈ, ਅਭੈ ਦਾਨ ਕੀਤਾ।

ਕਉਡੀ ਕਉਡੀ ਨੂੰ ਖਾਕ ਛਾਣੇ, ਸੱਚੀ ਮੈਂ ਜਾਣੇ ਹੋਏ ਧਨੀ।
ਅਨੁਭਵੀ ਦੀ, ਵਡਿਆਈ ਕੀਤੀ ਨਾ ਜਾ ਸਕੇ, ਬੇਅੰਤ ਗਨੀ।
ਉਹ ਵੀ ਵੱਡਭਾਗੀ ਹੋਏ, ਜਿਸ ਦੀ ਅਪਣੀ ਮੈਂ ਨਾਲ ਬਣੀ।
ਸੋਈ ਸੋ ਹੰ ਹਾਕਮ ਜਿਸ ਨਾਲੇ ਮਾਇਆ ਤੰਬੂ ਖਿੱਚ ਤਣੀ।

ਅਤੀ ਧੰਨੀ, ਛੱਤਰਪਤੀ, ਬਿਨ ਆਪਾ ਜਾਣੇ, ਸੁਖੀ ਨਾ ਹੋਏ।
ਅਤੀ ਗ਼ਰੀਬੀ ਵਿੱਚ ਵੀ, ਆਪੇ ਦੀ ਮਸਤੀ' ਚ ਖ਼ੁਸ਼ੀ ਰਹੋਏ।
ਮਾਇਆਧਾਰੀ, ਅੰਨ੍ਹਾਂ, ਬੋਲਾ, ਅਗਿਆਨੀ, ਆਪੇ ਹੀ ਸੜ ਮੋਏ।
ਦੰਭੀ ਭੇਖੀ ਤੋਂ ਹਾਕਮ ਮੱਤ ਲੈ ਕੇ ਆਪਣੀ ਪੱਤ ਨਾ ਖੋਏ।

ਪਖੰਡੀ ਨਾਲ ਮੂੰਹ ਨਹੀਂ ਜੋੜੀਏ, ਅਧਵਿਚਕਾਰ ਡੋਬੇ।
ਅਨਭਵੀ ਨਾਲ ਹੱਥ ਜੋੜੀਏ, ਸੋ ਝੂਠ ਅੰਧਕਾਰ ਛੋਡੇ।
ਪ੍ਰਕਾਸ਼ ਹੋਏ ਸੋ ਹੰ ਆਪੇ ਦਾ, ਚਾਹ ਚੜ੍ਹ ਜਾਏ ਗੋਡੇ ਗੋਡੇ।
ਦਵੈਸ਼ ਮਿੱਟੇ ਹਾਕਮ ਸੋ ਮਨ ਨਹੀਂ ਮਾਇਆ ਵਿੱਚ ਖੋਭੇ।

ਜਿਸਦੇ ਮਨ ਵਿੱਚ, ਸ਼ਾਖਸ਼ੀ ਮੈਂ ਨੂੰ, ਜਾਨਣ ਦਾ ਚਾਹ ਨਾਹੀ।
ਜਨਮ ਅਕਾਰਥ ਜਾਏ, ਡੁੱਬ ਮੋਏ, ਝੂਠੇ ਵਿਸ਼ਿਆਂ ਮਾਹੀ।
ਤੀਰਥ, ਵਰਤ, ਪਾਠ ਪਠੰਤਰ, ਮਨ ਵੱਸੇ ਨਹੀਂ ਆਹੀ।
ਮਣਕੇ ਗਿਣਦਿਆਂ ਹੀ ਹਾਕਮ ਵਿਰਥਾ ਉਮਰ ਵਿਆਹੀ।

ਮਾਲਾ ਫੇਰੇ, ਸਿਜਦੇ ਕਰੇ, ਮਨ ਲੋਚੇ ਮਾਇਆ ਹੀ ਮਿਥਿਆ।
ਹੱਥ ਜੋੜੇ, ਪੁੱਠਾ ਲਿਟੇ, ਮੱਥਾ ਰਗੜੇ, ਨਾਮ ਨਹੀਂ ਜਪਿਆ।
ਕੋਹਲੂ ਦੇ ਬਲਦ ਵਾਂਗ, ਚੱਕਰ ਵਿੱਚ ਪੈਕੇ ਹੀ ਖੱਪਿਆ।
ਨਾਮ ਜਪ ਠਰਨਾ ਸੀ ਹਾਕਮ ਦੂਣ ਸਵਾਇਆ ਤਪਿਆ।

ਗੁਰੂ ਪੂਰੇ ਮਿਲਿਆਂ ਹੀ, ਆਤਮਕ ਸੁੱਖ, ਪਾਏ ਬਿਸਰਾਮ।
ਮਿਥਿਆ ਭੇਦ ਭ੍ਰਾਂਤੀ ਮਿੱਟੇ, ਹਿਰਦੇ ਮਹਿ ਵਸੈ ਸੋ ਹੰ ਰਾਮ।
ਵਿਘਨ ਬਿਨਾਸਨ, ਸੱਭ ਦੁੱਖ ਨਾਸਨ ਨਾਮ ਆਏ ਕਾਮ।
ਮਨ ਦੀ ਮੱਤ ਤਜ ਹਾਕਮ ਜਾਣੀਏ ਸੋ ਹੰ ਹਰ ਨਾਮ।

ਸਿਮਰਤ ਸਿਮਰਤ ਹੋਈਏ ਧੰਨੀ, ਵਿਆਪਕ, ਦਾਤਾਰ।
ਸੱਚ ਦਾਤ ਪਾਈਐ ਈਸ਼ਵਰ, ਸੋ ਦੇਵੇ ਸਤ ਕਰ ਤਾਰ।
ਜੀਵਨਪੁਨਾ ਤਜ ਰਲੀਐ, ਸੰਗ ਸ਼ਾਖਸ਼ੀ ਅਪਰ ਅਪਾਰ।
ਸੋਕਾ ਸੋਗ ਨਾ ਰਹੇ ਹਾਕਮ ਰਹੇ ਹਰਿਆਵਲ ਬਹਾਰ।

ਨਿੱਜ ਅੰਮ੍ਰਿਤ ਸੋ ਹੰ ਮੈਂ ਲਏ ਪੀ, ਮਨ ਤਨ ਹੋਏ ਅਨੰਦ।
ਨਾਮ ਖ਼ੁਮਾਰੀ ਚੜ ਜਾਏ, ਖੁਸ਼ੀ ਰਹੇ ਦਿਨ ਰਾਤ ਅਖੰਡ।
ਜਾਗਤ ਜੋਤ ਸੰਗ ਮਿਲ, ਬੁੱਝੀਆਂ ਜੋਤਾਂ ਹੋਣ ਪਰਚੰਡ।
ਵਿਸ਼ੇ ਅਗਨੀ ਬੁੱਝ ਜਾਏ ਹਾਕਮ ਸੋ ਸੀਨੇ ਪੈ ਜਾਏ ਠੰਡ।

ਸਵੈ-ਸੁੱਖ ਅਪਰ ਅਪਾਰ, ਕਦੇ ਨਾ ਮੁੱਕੇ ਪਰਮਾਨੰਦ।
ਨਾਮ ਰੂਪ ਤਜੇ, ਸਦ ਹੀ ਰਹੇ, ਸੱਤ ਚਿੱਤ ਬ੍ਰਹਮਾਨੰਦ।
ਆਤਮਕ ਸੁੱਖ ਪਾਕੇ, ਛੁੱਟ ਜਾਏ ਮਾਲਾ ਫੇਰਨ ਦਾ ਧੰਦ।
ਸਦਾ ਸੁਖੀ ਰਹੇ ਹਾਕਮ ਨਾ ਹੋਏ ਮਨ ਦੀ ਹਾਲਤ ਮੰਦ।

ਅਨੁਭਵੀ ਸੰਤ ਤੋਂ ਸੁਣੀਐ, ਕੇਵਲ ਰੱਬ ਦੀ ਗੱਲਬਾਤ।
ਅੰਦਰੋਂ ਸ਼ਬਦ ਅਨੁਭਵ ਕਰੇ, ਅਨਹੱਦ ਦਿਨ ਰਾਤ।
ਮਿਥਿਆ ਤਜ, ਸੱਤ ਲੱਗ, ਹੋਏ ਸ਼ਾਖਸ਼ੀ, ਸੋ ਹੰ, ਗੀਤ ਗਾਤ।
ਸਦਾ ਬਹਾਰ ਰਹੇ ਹਾਕਮ ਪਤਝੱੜ ਫਿਰ ਨਹੀਂ ਆਤ।

ਅਨਹੱਦ ਸ਼ਾਖਸ਼ੀ ਹੈ, ਦਿਨ ਰਾਤ, ਕੋਈ ਜਾਣੇ ਵੱਡਭਾਗੀ।
ਸੰਤ ਸਭ੍ਹਾ ਮਿਲ ਜਾਣਿਆ ਨਿਕਟ, ਦੁਰਮੱਤ ਮੱਤ ਭਾਗੀ।
ਮਿਲੇ ਇੱਕ' ਚ ਇੱਕ ਸੁਰ ਜੋ, ਵਿਛੜੇ ਬਾਹਰੀ ਨਾਦੀ ਰਾਗੀ।
ਮਾਇਆ ਵਿੱਚ ਹਾਕਮ ਸੁੱਤੀ ਬੁੱਧੀ ਸੋ ਗਿਆਨ ਨਾਲ ਜਾਗੀ।

ਅਣਹੱਦ ਸ਼ਬਦ ਮੂੰਹ ਕੰਨ ਦਾ ਵਿਸ਼ਾ ਨਹੀਂ, ਹੈ ਅਨਾਦੀ।
ਸੱਤ' ਚ ਕਲਪਤ ਸਮਾਨ ਫੁਰਨਾ, ਕਾਰਨ ਜੱਗ ਆਦੀ।
ਸੱਤ' ਚ ਅਭਾਸ ਫੁਰਨੇ ਦੀ ਮੱਤ ਹੈ, ਆਉਂਦੀ ਜਾਂਦੀ, ਬਾਦੀ।
ਸੱਤ ਅਟੱਲ ਰਹੇ ਹਾਕਮ ਬਦ ਦੀ ਹੈ, ਸਦਾ ਬਰਬਾਦੀ।

ਉਪਰੋਕਤ ਨੇਮ, ਅਸੀਮ, ਅਟੱਲ, ਅਣਹੱਦ ਸ਼ਬਦ।
ਦੋਨੋਂ ਅਨਾਦੀ, ਇੱਕ ਅਚੱਲ, ਇਕ ਆਏ ਜਾਏ ਹੋਏ ਬਦ।
ਸਤ ਬਦ ਦੋਨਾਂ ਦੀ ਹੋਂਦ ਹੈ, ਸਦਾ ਵਿਆਪਕ ਅਣਹੱਦ।
ਜੋ ਇਸ ਭੇਦ ਦਾ ਭੇਤ ਪਾਏ ਹਾਕਮ ਸੁਖੀ ਹੋਏ ਬੇਹੱਦ।

ਗਿਆਨ ਅੱਗ ਪਰਚੰਡ ਹੋਏ, ਵਿਸ਼ੇ ਜੀਵ ਸੜ ਮਰਨ।
ਜੀਵ ਪੁਨਾ ਛੁੱਟਜੇ, ਅੰਹਬ੍ਰਹਮਅਸਮੀ ਹੋਏ ਤਰਨ।
ਤੱਤਵਮਸੀ, ਇਮਆਤਮਾ ਬ੍ਰਹਮ, ਵਾਕ ਪਾਰ ਕਰਨ।
ਪ੍ਰਿਗਆਨਮਅਨੰਦ ਬ੍ਰਹਮ ਹਾਕਮ ਸੋ ਪਾਪ ਹਰਨ।

ਸੱਤ ਧੁਰੇ ਧਰਮ ਤੇ, ਫੁਰਨੇ, ਮਾਇਆ, ਦੋ ਪੁੜ ਚਲਨ।
ਧੁਰਾ ਅਚੱਲ, ਮਾਇਆ ਅਕਾਰ ਵਧਨ ਘਟਨ ਜਲਨ।
ਧਰਮ ਅਟੱਲ ਇਸਦੇ ਨਾਮ ਤੇ ਮੂਰਖ ਲੜ ਮਰਨ।
ਸੱਤ ਧਰਮੈਂ ਛੱਡ ਹਾਕਮ ਮਿਥਿਆ ਧਰਮ' ਚ ਵੜਨ।

ਧਰਮ ਕਰਮ ਸੱਭ ਕਰੇ, ਇਹ ਕਰਨ ਦੀ ਨਾ ਕਿਰਿਆ।
ਸੱਤ ਅਕਰੇ, ਮਾਇਆ ਭਰਮੇ, ਇਹ ਅਟੱਲ ਪਰਕ੍ਰਿਆ।
ਦੇਹੀ ਬਦਲੇ, ਸਾਖੀ ਮੈਂ ਬਦਲੇ ਨਾ, ਐਵੇਂ ਭਰਮ ਮਰਿਆ।
ਸ਼ਾਖਸ਼ੀ ਰਹੇ ਹਾਕਮ ਅਕਰੇ, ਨਾ ਕਦੀ ਹੋਏ ਸਕਿਰਿਆ।

ਰੋਂਦੇ ਮਨ ਪਰਚਾਊ, ਚਿੰਤਾ ਦਬਾਊ, ਹੈ ਰਾਗ ਰਾਮ ਰੌਲਾ।
ਕੰਨ ਰਸ ਖ਼ੁਰਕ ਹੈ, ਸੁਣੇ ਹੋਰ ਵਧੇ, ਦੁੱਖ ਲੱਗੇ ਹੌਲਾ।
ਸੱਤ ਨਾਲ ਸੁਰ ਨਾ ਕਰੇ, ਗਿਆਨ ਮਨ' ਚ ਕਦੀ ਨਾ ਮੌਲ੍ਹਾ।
ਖਿੰਨ ਭੰਗਰ ਸੁਖਮਈ ਹਾਕਮ ਫਸੇ ਅਗਿਆਨੀ ਟੋੱਲਾ।

ਰਾਗ, ਨਾਦ ਸੱਭ ਠੀਕ ਹੈ, ਪਰ ਸੱਚ ਨਹੀਂ ਪਾਇਆ ਜਾਏ।
ਕੰਨ ਰਸ ਵਿੱਚ ਫਸ ਜਾਏ ਬਾਹਰ ਬਹੀਂ ਨਿਕਲ ਪਾਏ।
ਗਿਆਨ ਨਹੀਂ ਹੋਏ ਰਾਗੀਂ, ਸਾਰੀ ਉਮਰ ਰੋਟੀਆਂ ਕਮਾਏ।
ਖ਼ੁਰਕ ਵਧੇ ਹੋਰਾਂ ਵਧਾਏ ਹਾਕਮ ਥੋਥਾ ਰਾਗ ਸੁਣਾਏ।

ਮਾਨਸਕ ਖ਼ੁਰਕ ਵਿਸ਼ਿਆਂ ਦੀ, ਬਹੁਤੀ ਵਧੇ ਜਿੰਨੀ ਰਟੇ।
ਕੰਨ ਰਸ ਐਸੀ ਖ਼ੁਰਕ ਕੰਨਾਂ ਦੀ, ਵਧਦੀ ਜਾਏ ਨਾ ਘਟੇ।
ਰੂਪ ਰਸ ਐਸੀ ਰੜ੍ਹਕ ਅੱਖਾਂ ਦੀ, ਦੇਖਿਆਂ ਵਧੇ, ਨਾ ਹਟੇ।
ਸੋ ਵਿਸ਼ੇ ਰਸ ਹਾਕਮ ਸਾਰੀ ਉਮਰ ਭੋਗਿਆ ਨਹੀਂ ਮਿਟੇ।

ਰਾਗ ਵਿਸ਼ੇ ਦੁੱਖ, ਤਿਆਗ ਵਿਸ਼ੇ ਸੁੱਖ, ਮਨ ਮਾਨੇ ਸੋ ਕਰੇ।
ਦੇਹੀ ਰਾਗ ਤੋਂ ਉਪਰ ਉੱਠੇ, ਸ਼ਾਖਸ਼ੀ ਮੈਂ ਰਾਗ ਕਰੇ ਤਰੇ।
ਗਿਆਨ ਵਿਰਾਗ ਦੋ ਪੰਥ ਹਨ, ਕਰਨ ਮਾਇਆ ਤੋਂ ਪਰੇ।
ਸਵੈ-ਸੁੱਖ ਤਾਰੇ ਹਾਕਮ ਰਾਗੀਂ ਨਾਦੀਂ ਸੁੱਖ' ਚ ਡੁੱਬ ਮਰੇ।

ਤਿਆਗ ਦੇਹੀ ਪਰੇ, ਗਿਆਨ ਵਧੇ, ਨਾਮ ਖ਼ੁਮਾਰੀ ਚੜ੍ਹੇ।
ਵਿਸ਼ੇ ਰਸ ਛੱਡੇ, ਇੱਕ' ਚ ਮਨ ਗੱਡੇ, ਕਾਮ ਪੰਛੀ ਨਾ ਫੜੇ।
ਪੈਸੇ ਲਾਲਚ ਰਾਗ ਕਰੇ, ਸਾਰੀ ਉਮਰ ਮਾਇਆ' ਚ ਸੜੇ।
ਮਾਇਆ ਫਸੇ ਹਾਕਮ ਨਾ ਛੱਡੇ ਪਾਏ ਹੱਥ ਕਰੜੇ।

ਗੁਰੂ ਸੰਤ ਕਹਾਏ, ਪੈਸਾ ਮੱਥਾ ਟਕਾਏ, ਉਸਨੂੰ ਹੀ ਖਾਏ।
ਰਾਗ ਨਾਦ ਦਾ ਦੰਭ ਕਰਕੇ, ਮੂਰਖ ਬਣਾ, ਧੰਨ ਕਮਾਏ।
ਆਪ ਵੀ ਦੁਖੀ ਹੋਏ ਮਰੇ, ਅਤੇ ਲੋਕਾਂ ਨੂੰ ਵੀ ਲੜਾ ਮਰਾਏ।
ਅਜੇਹੇ ਗੁਰੂ ਬਾਬੇ ਤੋਂ ਹਾਕਮ ਦੂਰ ਰਹੇ, ਮੂੰਹ ਨਾ ਲਾਏ।

ਨਿਕਟ ਵਸੇ, ਵੇਖੇ ਮਨ, ਬੁੱਧ, ਚਿੱਤ, ਅੰਹਕਾਰ ਨੂੰ ਸੋਏ।
ਅੱਖੀਂ ਨਦਰ ਨਹੀਂ ਆਏ, ਗੁਰਮੁੱਖ ਵਿਰਲਾ ਬੂਝੇ ਕੋਏ।
ਜੋ ਜਾਣੇ ਸੋ ਸੰਤ ਕਹਾਏ, ਵਿਰਤੀ ਬ੍ਰਹਮ' ਚ ਜਾ ਸਮੋਏ।
ਇਹ ਸ਼ਾਖਸ਼ੀ ਮੈਂ ਹਾਕਮ ਸੁਰਤੀ ਦ੍ਰਿਸ਼ ਦਾ ਦ੍ਰਿਸ਼ਟਾ ਹੋਏ।

ਰਾਗ, ਸੁਰ, ਤਾਲ, ਮਿਲਾ ਸ਼ਬਦ ਮਾਣ, ਸੱਭ ਹੀ ਆਣ ਜਾਣ।
ਡੰਗ ਟਪਾਊ ਧੰਦਾ, ਸਮਾਂ ਲੰਘਾਨ, ਪਾ ਨਾ ਸਕਨ ਗਿਆਨ।
ਮਨ ਮੈਲਾ ਚੰਚਲ ਹੋਏ, ਸ਼ਾਖਸ਼ੀ ਵੱਲ ਨਾ ਜਾਏ ਧਿਆਨ।
ਰੋਂਦੇ ਬੱਚੇ ਵਿਰਨ ਹਾਕਮ ਲੱਗੇ ਮਾਈ ਕੁੰਡਾ ਖੜਕਾਨ।

ਰਾਗ ਨਾਦ ਰੁੱਕੇ, ਸ਼ਬਦ ਮੁੱਕੇ, ਰਸ ਵਿਸਰੇ ਝੱਗਾ ਝਾੜੇ।
ਸੋ ਕੂੜੇ ਤ੍ਰੈਗੁਨੀ, ਬਿਨਸ਼ੇ, ਉਪਜੇ, ਸੱਤ ਵਿੱਚ ਨਹੀਂ ਵਾੜੇ।
ਦੂੱਜੀ ਦੂਰਮੱਤ ਉਪਜੇ, ਦੂਰੀ ਵਧਾਏ, ਸੱਤ ਨਾਲੋਂ ਪਾੜੇ।
ਕੁਸੰਗ, ਸੰਗ ਜਾਣ ਹਾਕਮ ਲੋਕੀਂ ਦਿਨੋ ਦਿਨ ਬਣੇ ਮਾੜੇ।

ਸੱਤ ਚਿੱਤ ਅਨੰਦ ਤਾਂ ਪਾਈਐ, ਜੇ ਮੁੱਖ ਹੋਏ ਸੋ ਹੰ ਨਾਮ।
ਰਾਗ ਸ਼ਬਦ ਤਾਂ ਹੀ ਚੰਗੇ, ਜੇ ਮਨ ਹੋਏ ਅੰਤਰ ਧਿਆਨ।
ਸ਼ਬਦ ਰਾਗ ਨਾਦ ਛੱਡ, ਹਰ ਹੀ ਹੋ ਰਹੇ, ਤਾਂ ਪਾਏ ਮਾਨ।
ਰਾਗੀਂ ਨਾਦੀਂ ਸ਼ਾਂਤੀ ਨਾ ਹਾਕਮ ਸਾਰੀ ਉਮਰ ਹੋਏ ਵਿਰਾਨ।

ਸੋ ਮੂਰਖ ਆਪਾ ਨਾ ਪਛਾਣੇ, ਹਰ ਹੀ ਹੋਏ ਹਰ ਜਾਣੇ।
ਫਿਰ ਪਖੰਡੀ ਮਾਇਆ ਭੀੜ ਵਿੱਚ, ਨਹੀਂ ਬੈਠੇ ਅਣਜਾਣੇ।
ਦੰਭੀ ਫਸਉਣ ਨੂੰ, ਰਾਗ ਨਾਦ ਮਕੜੀ ਜਾਲ ਤਾਣੇ।
ਅੰਦਰੋਂ ਧੋਖਾ ਹਾਕਮ ਬਾਹਰ ਸੱਭ ਦਾ ਭਲਾ ਤੇਰੇ ਭਾਣੇ।

ਸੱਤ ਯੁਗ ਸੱਤ' ਚ ਜੁੜੇ ਹਰ ਹੋ, ਹਿਰਦਾ ਸ਼ਾਂਤ ਰਹਾਤ।
ਇਸ ਦੇ, ਧਰਮ, ਅਰਥ, ਕਾਮ, ਮੋਖ, ਚਾਰ ਪੈਰ ਕਹਾਤ।
ਗੁਰਮੁੱਖ ਹੋਏ ਬੂਝੇ, ਸੋ ਧਰਮ ਆਦਿ ਚੰਗੇ ਗੁਣ ਪਾਤ।
ਚਹੁ ਜੁੱਗੀਂ ਹਾਕਮ ਸੋ ਹੰ ਨਾਮ ਸ਼ਬਦ ਵਿਰਲਾ ਕਮਾਤ।

ਕਲਯੁਗ ਵਿੱਚ, ਇੱਕ ਕੱਲ ਰਹੇ, ਸੋ ਹਰ ਸਮਝੇ ਦੂਰ।
ਪਖੰਡ ਵਰਤੇ, ਇਮਾਨ ਲੜ ਛਡਾਏ, ਕੂੜ ਰਹੇ ਭਰਪੂਰ।
ਕੋਈ ਕਿਸੇ ਤੇ ਧਿਜੇ ਨਾ, ਵਿਸ਼ਵਾਸ਼ ਹੋ ਜਾਏ ਚਕਨਾ ਚੂਰ।
ਸੱਤ ਛੁਪੇ ਹਾਕਮ ਉਪਰ ਰਹਿ ਜਾਏ ਝੂਠ ਦਾ ਹੀ ਬੂਰ।

ਤ੍ਰੇਤੇ, ਇੱਕ ਕਲ ਟੁੱਟੇ, ਮੈਂ ਸਾਖੀ ਛੱਡੇ, ਦੂਰ ਸਮਝੇ ਆਪਾ।
ਗੁਰੂ, ਸ਼ਿਸ਼, ਰੱਬ, ਤਿੰਨ ਰੱਖੇ, ਦੇਹੀ ਬਣੇ, ਆਖੇ ਰੱਬ ਰਾਖਾ।
ਮੌਤੋਂ ਡਰਦਾ ਹਰ ਕਹੇ, ਤੀਰਥੀਂ ਪਿੰਡ ਭਰੇ ਪਿਤਾ ਮਾਤਾ।
ਤ੍ਰੈ ਗੁਨੀਂ ਭਰਮੇ ਹਾਕਮ ਸੋ ਹੰ ਸੋ ਆਪਣਾ ਆਪ ਭੁਲਾਤਾ।

ਦੁਆਪਰ, ਦੋ ਪੈਰ ਰੱਖੇ, ਰੱਬ ਭੁਲਾਏ, ਰਹੇ ਗੁਰੂ ਸ਼ਿਸ਼।
ਗੁਰੂ ਸ਼ਿਸ਼ ਲੁਟੇਰੇ, ਮਾਇਆ ਦੀ ਖੇਡ ਦੋਵੇਂ ਹੀ ਲੈਣ ਸਿੱਖ।
ਇੱਕ ਅੰਨਾਂ, ਇੱਕ ਲੂਲਾ ਲੰਘੜਾ, ਚੰਗਾ ਮੰਦਾ ਕਹੀਏ ਕਿਸ।
ਸੱਭ ਡੁੱਬੇ ਹਾਕਮ ਪਾਰ ਉਤਰੇ ਨਾਮ ਸਮਝਿਆ ਜਿਸ।

ਰਚਨਾ ਰੱਚੀ ਕਰਤਾਰ, ਬਦਲ ਨਾ ਸਕੇ, ਇੱਕ ਵੀ ਵਾਰ।
ਮਰੇ ਨਾ ਜੰਮੇ, ਆਏ ਨਾ ਜਾਏ, ਡਰ ਵਿੱਚ ਹੋਣ ਖੁਆਰ।
ਜਾਗਤ ਜਗਤ, ਸੁਪਨੇ ਵਾਂਗ, ਰਹੇ ਅਧੀਨ ਸੰਸਕਾਰ।
ਸੰਸਕਾਰ ਮਿੱਟੇ ਹਾਕਮ ਜਗਤ ਨੱਸੇ, ਰਹੇ ਨਾ ਅਕਾਰ।

ਨਾ ਬਿਨਸ਼ੇ, ਨਾ ਆਏ ਜਾਏ, ਸ਼ਾਖਸ਼ੀ ਹੋਏ, ਸਮਝ ਵਿਚਾਰ।
ਸੱਤ ਸਥਿਰ ਰਹੇ, ਮਾਇਆ ਕਰੇ ਨਹੀਂ ਦੇਰ, ਜਾਂਦੀ ਵਾਰ।
ਕਾਲ ਹਿਲਾ ਨਾ ਸਕੇ ਦ੍ਰਿਸ਼ਟਾ ਨੂੰ, ਜੇ ਆਪੇ' ਚ ਹੋਏ ਮਾਹਰ।
ਸ਼ਖ਼ੋਪਤੀ ਸੁੱਖ ਨਿੱਤ ਹਾਕਮ ਵਿਸ਼ੇ ਦੁੱਖ ਜੱਗ ਜ਼ਾਹਰ।

ਰਾਮ, ਰਹੀਮ, ਹਰੀ, ਕਰੀਮ, ਠਾਕਰ, ਗੁਸਈਆਂ, ਸੁਆਮੀ।
ਲਖਸ਼ ਇੱਕ, ਭਿੰਨ ਨਾਮ, ਹੈ ਸਾਖੀ ਸੱਭ ਦਾ ਅੰਤਰਜਾਮੀ।
ਲਖਸ਼ ਛੱਡਕੇ, ਸੱਭ ਬਣੇ ਲੋਭੀ, ਹੰਕਾਰੀ, ਕਰੋਧੀ, ਕਾਮੀ।
ਮਮਤਾ ਮੱਤ ਮਾਰੀ ਹਾਕਮ ਪੱਲੇ ਪਈ ਕੋਰੀ ਬੇਈਮਾਨੀ।

ਮੁੱਖੋਂ ਪੜ੍ਹੇ ਰਾਗਾਂ ਸਹਿਤ, ਹਿਰਦੈ ਵਿੱਚ ਨਹੀਂ ਰੱਖੇ ਰਾਮ।
ਲੋਕਾਂ ਨੂੰ ਉਪਦੇਸ਼ ਕਰੇ, ਆਪ ਨਾ ਸਮਝੇ, ਨਾ ਜਾਣੇ ਨਾਮ।
ਵਿਦਿਆ ਵਿਚਾਰੇ, ਕਰੇ ਉਪਕਾਰੇ, ਨਹੀਂ ਕਰੇ ਅਭਿਮਾਨ।
ਬ੍ਰਹਮ ਵਿਚਾਰ ਹੈ ਹਾਕਮ ਗਉਣ ਬਣਾ ਨਾ ਕਰ ਘਾਨ।

ਅੱਗੇ ਰੱਖ ਸਿਲਾ, ਕਰੇ ਪ੍ਰਨਾਮ, ਮਨ ਨਾ ਪਾਏ ਬਿਸਰਾਮ।
ਜੜ ਬੁੱਤ ਨੂੰ ਧੂਪ, ਦੀਪ, ਅਰਚਾ ਪੂਜਕੇ ਹੋਏ ਬੇਰਾਮ।
ਸੁਣੇ ਨਾ ਬੋਲੇ, ਆਪਣੇ ਹੀ ਮਨ' ਚ ਮੂਰਤ ਬਣਾਈ ਰਾਮ।
ਹੈ ਅਨਰਥ ਹਾਕਮ ਆਪੇ ਢਾਈ ਬਣਾਈ ਜਾਣ ਗ਼ੁਲਾਮ।

ਹੱਥ ਮਾਲਾ, ਮਨ ਕਾਲਾ, ਨਿੱਤ ਸੁਬਾਹ ਸਵੇਰੇ ਪੜੇ ਪੋਥੀ।
ਮੂੰਹੋਂ ਗਿੱਟ ਮਿੱਟ ਕਰੇ, ਹੱਥ ਬੰਨੇ, ਮੰਗੇ ਮਾਇਆ ਹੀ ਥੋਥੀ।
ਗਿਆਨ ਤਜ, ਮਾਇਆ ਲੱਗ, ਬਣਿਆ ਤ੍ਰੈਗੁਨ ਦੇਹੀ ਲੋਥੀ।
ਹਨ੍ਹੇਰਾ ਪੂਜੇ ਹਾਕਮ ਬੁਝਾਈ ਜੋਤ ਜਗਦੀ, ਨਿੱਜ ਜੋ ਥੀ।

ਅੰਦਰ ਹੀ ਹਰ, ਜਿਸ ਤੋਂ ਸੱਭ ਉੱਤਪਤ ਪਰਲੋਂ ਹੋਏ।
ਬਣਾਏ, ਮਿਟਾਏ ਜੁਗਾ ਜੁਗੰਤਰ ਹੈ ਸੱਚਾ ਸਾਹਿਬ ਸੋਏ।
ਮਿਹਰਵਾਨ, ਮਉਲਾ, ਸ਼ਾਖਸ਼ੀ, ਮੈਂ ਦਿਲਾਂ ਦਾ ਮਾਲਕ ਜੋਏ।
ਹਰ ਸ਼ਾਖਸ਼ੀ ਮੈਂ ਨੂੰ ਛੱਡ ਹਾਕਮ ਬੁੱਤਾਂ ਅੱਗੇ ਬਹਿ ਰੋਏ।

ਸੋ ਠਾਕਰ, ਗਹਿਰ, ਗੰਭੀਰ, ਮਨ ਮਿਲ, ਜਾਣ, ਬੰਨੇ ਧੀਰ।
ਜਿੰਨ ਐਸਾ ਹਰ ਜਾਣਿਆ ਸੋ, ਪਾਇਆ ਸੁੱਖ ਸੱਚ ਅਖੀਰ।
ਵਾਚੇ ਤੱਜ, ਲਖਸ਼ੇ ਸੱਤ ਵੱਲ, ਮਨ ਸਾਖੀ ਬਣ ਛੁਟਿਆ ਤੀਰ।
ਅਨੁਭਵੀ ਤੁਲ ਹਾਕਮ ਹੋ ਨਾ ਸਕਦੇ ਥੋਥੇ ਗੁਰ ਪੀਰ।

ਸੰਤ ਸਭਾ ਮਿਲ ਪਾਏ, ਆਤਮ ਅਨੁਭਵ ਲਈ ਗਿਆਨ।
ਬ੍ਰਹਮ ਵਿਚਾਰ, ਵਿਚਾਰੇ, ਹੋਏ ਆਪੇ' ਚ ਅੰਤਰ ਧਿਆਨ।
ਤਿੰਨ ਸਰੀਰ ਲੰਘੇ, ਪਰਮਗਤ ਪਾਏ, ਹੋਏ ਕਲਿਆਨ।
ਅਨੁਭਵ ਹੋਏ ਹਾਕਮ ਪ੍ਰਾਪਤ ਆਪੇ ਦੀ, ਹੋਏ ਪਛਾਨ।

ਹੁਕਮ ਬੁੱਝੇ ਸੱਚ ਪਾਏ, ਸੱਚ ਮਾਹਿ ਸੱਚ ਹੀ ਹੋ ਰਹਾਏ।
ਸੋਈ ਜੋਗੀ ਰੱਬ ਨਾਲ ਜੁੜੇ, ਇੱਕ ਹੋਏ, ਨਿਕਲ ਨਾ ਪਾਏ।
ਨਿਗਾਹ ਆਏ ਸੋ ਬਿਨਸ਼ ਜਾਏ, ਸ਼ਾਖਸ਼ੀ ਮੈਂ ਹੀ ਸਮਾਏ।
ਸਦਾ ਸਥਿਰ ਰਹੇ ਹਾਕਮ ਮਰੇ ਨਾ ਜੰਮੇ, ਆਏ ਨਾ ਜਾਏ।

ਗੁਰ ਸੰਗ ਪ੍ਰੇਮ ਹੋਏ, ਸਿਰ ਦੀਜੇ ਤਾਂ ਸੋ ਹੰ ਸੋਹਝੀ ਹੋਏ।
ਦੇਹੀ ਵਾਰੇ, ਸਤ ਪਾਏ, ਗੁਰ ਤੋਂ ਨਹੀਂ ਕੋਈ ਗੋਹਝੀ ਹੋਏ।
ਸ਼ੰਕਾ ਨਿਵਾਰੇ ਗੁਰ ਤੋਂ, ਮਨ ਤੇ ਨਹੀਂ ਕੋਈ ਬੋਹਝੀ ਹੋਏ।
ਸੱਚੀ ਇੱਛਾ ਰੱਖੇ ਹਾਕਮ ਮਨ' ਚ ਸੋਚ ਨਾ ਕੋਹਝੀ ਹੋਏ।

ਸੋ ਹੰ ਮੈਂ ਨਿੱਤ ਕਰੇ, ਕੁਝ ਨਾ ਬਣੇ, ਰਸਨਾ ਨਾਲ ਬੇਕਾਰ।
ਮਨ ਮਾਇਆ ਲਾਇਆ, ਮੁੱਖੋਂ ਕਹੇ ਸੱਤ ਨਾ ਹੋਏ ਸਾਕਾਰ।
ਇੱਕ ਹੋਏ ਬਿਨਾ, ਬਾਨੀ ਬਣੇ ਬਿਨਾ, ਬੇੜਾ ਨਹੀਂ ਹੋਏ ਪਾਰ।
ਭਵਸਾਗਰ ਗ਼ੋਤੇ ਖਾਏ ਹਾਕਮ ਜਦ ਤੱਕ ਮਿਲੇ ਨਹੀਂ ਯਾਰ।

ਗੁਰ ਬਿਨਾ ਨਾ ਸਮਝ ਆਏ, ਹਰ ਸਜਨ ਨਿਕਟ ਵੱਸੇ।
ਮਨ ਕਰਤੂਤਾਂ ਕਰੇ, ਚਿੱਤ ਜੋ ਚਿੱਤਵੇ, ਸਾਖੀ ਦੇਖ ਹੱਸੇ।
ਸਖੋਪਤੀ' ਚ ਚਿੱਤ ਨਾ ਰਹੇ, ਸਾਖੀ ਰਹੇ, ਸੋ ਸਜਨ ਦੱਸੇ।
ਸੋ ਸਜਨ ਮੈਂ ਹੋ ਰਹੇ ਹਾਕਮ ਸਰਵ ਦੁੱਖ ਜਾਣ ਨੱਸੇ।

ਆਪਣੀ ਮੈਂ ਨਾ ਪਛਾਣੇ, ਸੰਤ ਬਣੇ, ਝੂਠੀ ਕਰੇ ਵਡਿਆਈ।
ਕੁਕੜ ਬਣ ਖੇਹ ਉਡਾਏ, ਆਪਣੇ ਹੀ ਸਿਰ ਜਾਏ ਪਾਈ।
ਰੂੜੀ ਫਰੋਲੇ ਮਾਇਆ ਲੱਭੇ, ਅਣਕਮਾਇਆ ਜਾਏ ਖਾਈ।
ਆਪ ਡੁੱਬਾ ਮਾਇਆ' ਚ ਹਾਕਮ ਹੋਰਨਾਂ ਨੂੰ ਜਾਏ ਡੁਬਾਈ।

ਹਰ ਅੰਮ੍ਰਿਤ ਅਨੁਭਵ ਮਿੱਠਾ, ਸੋ ਗੁਰਮੱਤੀਂ ਜਾਏ ਪੀਆ।
ਗੁਰ ਪਿਆਏ, ਅਧਿਕਾਰੀ ਪੀਏ, ਤਾਂ ਨਿਰਮਲ ਹੋਏ ਜੀਆ।
ਭੇਖ ਬਣਾਏ ਲੋਕ ਡਰਾਏ, ਲੜਾਏ, ਮਰਾਏ ਕਿਆ ਕੀਆ।
ਬਿੱਖ ਖਾਦੀ ਮਰੇ ਹਾਕਮ ਅੰਮ੍ਰਿਤ ਪੀਆ ਸਦਾ ਥਿਰ ਥੀਆ।

ਸੰਤ ਜਨਾ ਮਿਲ, ਹਰ ਅੰਮ੍ਰਿਤ ਜੱਗ ਗ੍ਰਹਿਨ ਕੀਉ।
ਦੇਹੀ ਤਜ ਸੋ ਹਰ ਭਜ , ਅਮਰ ਅਜਰ ਅਟੱਲ ਥੀਉ।
ਬਾਹਰੀ ਅਡੰਭਰ ਤਜ, ਅੰਦਰ ਵੜ, ਹਰ ਭੇਖ ਲੀਉ।
ਇੱਕ ਸੰਗ ਇੱਕ ਹੋਆ ਹਾਕਮ ਸੋ ਰਿਹਾ, ਨਾ ਦੂਜਾ ਰਹੀਉ।

ਤਿਸ ਜਨ ਕਉ, ਮਨ ਤਨ ਸੱਭ ਅਰਪੋ, ਜੋ ਇੱਕ ਦੱਸੇ।
ਇੱਕ ਨਾਲ ਏਕਤਾ ਹੋਏ, ਅਗਿਆਨ ਦੂਈ ਦੁਬਿੱਧਾ ਨੱਸੇ।
ਦੇਹੀ ਮੇਰ ਦੁੱਖ ਮਿਟੇ, ਸੁੱਖ ਸ਼ਾਂਤੀ ਸੋ ਹੰ ਸਹਿਜ ਹੀ ਵੱਸੇ।
ਮਨ ਖ਼ੁਸ਼ ਰਹੇ ਹਾਕਮ ਕਾਟੋ ਸਦਾ ਫੁੱਲਾਂ ਤੇ ਖੇਡੇ, ਹੱਸੇ।

ਦੇਹੀ ਦੀ ਮੇਰ’ ਚ ਮਰੇ ਨੂੰ, ਸੱਤ ਸਾਖੀ ਸੋ ਮੈਂ’ ਚ ਜੀਵਾਇਆ।
ਧੰਨ ਧੰਨ ਸੋ ਜਨ, ਜਿੰਨ ਮੁਰਦੇ ਤੋਂ, ਚੇਤਨ ਬਣਾਇਆ।
ਮਾਇਆ ਵਿੱਚ ਡੁਬੱਦੇ ਨੂੰ, ਭਵਸਾਗਰ ਪਾਰ ਕਰਾਇਆ।
ਆਪ ਤਰਿਆ ਹਾਕਮ ਸੰਗੀ ਸਾਥੀ ਸੱਭ ਸਾਥ ਤਰਾਇਆ।

ਜਾਗ੍ਰਤ, ਸੁਪਨ, ਸਖੋਪਤੀ ਨਾ, ਤਿਨਾਂ ਦਾ ਸ਼ਾਖਸ਼ੀ ਸੋ ਹੰ / ਮ।
ਤਿੰਨੇ ਅਵਸਥਾ ਅਉਣ ਜਾਣ, ਸ਼ਾਖਸ਼ੀ ਅਟੱਲ ਟਕਾਮ।
ਸਾਖੀ ਸਤਾ ਦੇਵੇ ਫੁਰਨਿਆਂ ਨੂੰ, ਜੋ ਕਾਰ ਕਰਨ ਤਮਾਮ।
ਪਾਣੀ ਥਿਰ ਹਾਕਮ ਬੁੱਦਬੱਦੇ ਫੁਰਨੇ ਬਣਨ ਢਹਾਮ।

ਗੁਰ ਨਾਮ ਦ੍ਰਿੜ੍ਹਾਏ, ਸੋ ਹੰ ਸੋਮਰਸ ਪੀਏ ਹਰ ਜਪਕੇ।
ਬਿਨ ਗੁਰ ਭੇਟੇ, ਅਗਿਆਨੀ ਮਰਨ, ਦੁੱਖਾਂ ਵਿੱਚ ਤਪਕੇ।
ਹਰ ਹੋਏ, ਹਰ ਮਿਲੇ, ਮਿਥਿਆ ਸਰੀਰ ਦੀਵਾਰ ਟਪਕੇ।
ਯਾਰ ਰੁੱਸੇ ਹਾਕਮ ਬੁੱਲੇਸ਼ਾਹ ਵਾਂਗ ਮਨਾਈਏ ਨੱਚਕੇ।

ਮਿਥਿਆ ਸਰੀਰ, ਮਨ ਮੰਦਰ, ਹਰ ਬਿਨ ਘੋਰ ਅੰਧਾਰ।
ਸੋ ਹੰ ਗੁਰ ਸ਼ਾਂਤੀ ਬਿਨ, ਖਾਲ਼ੀ ਮੰਦਰ ਤਪੇ, ਵਾਂਗ ਅੰਗਾਰ।
ਹਰ ਜਾਣੇ ਬਿਨ, ਦੁੱਖ ਪਾਣ ਮਨ, ਬੁੱਧੀ, ਚਿੱਤ, ਅਹੰਕਾਰ।
ਹਰ ਮੈਂ ਇੱਕ ਤਾਨ ਹਾਕਮ ਦਵੈਸ਼ ਫੁੱਟ ਕਰੇ ਲੰਘਾਰ।

ਦੂਰ ਦੂਜਾ ਰੱਬ ਸਮਝ, ਪੂਜਦੇ, ਮੰਨਦੇ, ਅੰਧ ਗਵਾਰ।
ਆਪ ਨੂੰ ਦੇਹੀ ਪੱਕੀ ਕਰੀ ਜਾਣ, ਨਾ ਢਾਹਨ ਕੱਚੀ ਦੀਵਾਰ।
ਦੇਹੀ ਛੱਡਨ, ਤਾਂ ਰੱਬ ਲੱਭਨ, ਪਾ ਸਕਨ, ਤਾਂ ਪਾਰਾਵਾਰ।
ਨਾ ਦੇਹੀ ਛੱਡੇ ਹਾਕਮ ਨਾ ਸੋ ਲੱਭੇ, ਡੁੱਬੇ ਸਨਪਰਵਾਰ।

ਅਨੁਭਵ ਹੋਏ, ਡਰ ਨਾ ਰਹੇ, ਡਰ ਹੈ, ਹਰ ਨਹੀਂ ਹੋਏ।
ਸੋ ਹੰ ਹਰ ਵੱਸੇ, ਡਰ ਨੱਸੇ, ਦੇਹ ਨਾ ਰਹੇ, ਮਰੇ ਨਾ ਕੋਏ।
ਕਮਲ਼ ਵਾਂਗ ਹਰ ਸਮੇਂ, ਦੇਹੀ ਵਿੱਚ ਖਿੜ੍ਹਿਆ ਹੀ ਰਹੋਏ।
ਸ਼ਾਖਸ਼ੀ ਰਹੇ ਹਾਕਮ ਮੁਰਦੇ ਗੁਰੂ ਪੀਰਾਂ ਨੂੰ ਨਾ ਮਨੋਏ।

ਜੋ ਮਰੇ ਗੁਰੂ, ਮੱਠ ਮੜੀ, ਮਨੋਏ, ਆਪਣੀ ਹੀ ਪੱਤ ਖੋਏ।
ਸੋ ਨਾ ਸ਼ੰਕਾ ਨਿਵਾਰਨ, ਨਾ ਅਗਿਆਨ ਦੇ ਦੁੱਖਾਂ ਚੋਂ ਕਢੋਏ।
ਲੜਾਈ ਦੇ ਘਰ ਨਾ ਬਣਾਏ, ਨਾ ਇਹਨਾਂ ਦੇ ਨਾਂ ਤੇ ਮਰੋਏ।
ਮਨ ਵਿੱਚ ਹਾਕਮ ਨਾ ਮਰਿਆਂ ਦੇ ਨਾਂ ਦੇ ਮਨਕੇ ਪਰੋਏ।

ਮਰਿਆਂ ਦਾ ਜੀਵਨ ਵਿਚਾਰ, ਸੇਧ ਲਏ ਮਨ ਨੂੰ ਪ੍ਰੇਰੇ।
ਊਣਤਾਈਆਂ ਛੱਡ ਗੁਨ ਗ੍ਰਹਿਨ ਕਰੇ, ਆਪ ਨੂੰ ਨਾ ਗ੍ਰੇਰੇ।
ਫੋਟੋ ਅੱਗੇ ਨੱਕ ਨਾ ਰਗੜੇ, ਨਾ ਉਸਦੇ ਨਾਂ ਦੀ ਮਾਲਾ ਫੇਰੇ।
ਪ੍ਰੇਰਨਾ ਲਏ ਹਾਕਮ ਆਪਾ ਸਮਜੇ, ਸੋ ਛੱਡੇ ਮੇਰੇ ਤੇਰੇ।

ਬਿਨ ਹਰ, ਥਰ ਥਰ ਕੰਬੇ ਜੀਅੜਾ, ਬਿਨਸ਼ ਜਾਏ ਦੇਹੀ।
ਦੂਰ ਹੋਏ ਡਰ, ਹੋਏ ਹਰ, ਛੱਡੇ ਦੇਹੀ, ਚੰਗੀ ਗੱਲ ਏਹੀ।
ਥਿਰ ਹੋਏ, ਸੱਚੇ ਵਿਚਾਰ, ਗੁਰ ਦੇ ਸੁਣ, ਲੜ ਬੰਨ ਲੇਹੀ।
ਸ਼ਾਖਸ਼ੀ ਹੋਏ ਹਾਕਮ ਸੋ ਪਾਠ ਪੂਜਾ ਦੀ ਕੜ੍ਹੀ ਡੋਲੇ ਬੇਹੀ।

ਦੇਵੀ ਦੇਵ ਪੂਜੇ, ਪੱਤ ਗਵਾਏ, ਨੀਵੀਂ ਕਰੇ, ਮਨੁੱਖਾ ਸ਼ਾਨ।
ਇਸ ਦੇਹੀ ਨੂੰ, ਦੇਵੀ ਦੇਵ ਲੋਚਨ, ਪਾਣ ਲਈ ਕਲ੍ਹਿਆਨ।
ਮਨੁੱਖ ਹੱਥੀਂ ਬੁੱਤ ਬਣਾ, ਪੂਜਨ ਲੱਗੇ ਨਹੀਂ ਸ਼ਰਮਾਨ।
ਸ਼ਰਮ ਲੱਥੀ ਹਾਕਮ ਸਿਰ ਚੁੱਕ ਕੇ ਕਰਨ ਅਭਿਮਾਨ।

ਸੁਰ ਦੇਵੀ ਨਾਥ, ਤੇਰੇ ਹਾਥ, ਤੂੰ ਹੀ ਸੱਭ ਦੀ ਕਰੇਂ ਸੰਭਾਲ।
ਸੱਭ ਮੱਨੁਖੀ ਮਨ ਦੀ ਘਾੜਤ, ਆਪ ਹੀ ਕਰੇ ਪ੍ਰਿਤਪਾਲ।
ਤਨ ਮਨ ਧੰਨ ਅੱਗੇ ਰੱਖ, ਹੱਥ ਬੰਨ ਮੰਗੇ ਧੰਨ ਮਾਲ।
ਕਰਤਾ ਕਾਰਜ ਤੋਂ ਮੰਗੇ ਹਾਕਮ ਮੂਰਖਤਾ ਬੇਮਿਸਾਲ।

ਧੰਨ ਗਿਆ ਤਾਂ ਜਾਣ ਦੇ, ਤਨ ਰੁੜ੍ਹਦਾ ਆਪਮੁਹਾਰਾ ਜਾਏ।
ਆਏ ਗਏ ਜਾਂਦੇ ਨੂੰ, ਜੋ ਜਾਣਦਾ ਹੈ, ਸੋਈ ਸ਼ਾਖਸ਼ੀ ਰਹਾਏ।
ਮਿਥਿਆ ਰਹੇ ਨਾ, ਸੱਤ ਜਾਏ ਨਾ, ਸੋਈ ਸਾਖੀ ਮੈਂ ਹੀ ਬਣਾਏ।
ਚੇਤਨ ਜੜ੍ਹ ਤੋਂ ਨਾ ਮੰਗੇ ਹਾਕਮ ਮਰ ਜਾਏ ਸ਼ਰਮਾਏ।

ਸ਼ਰਮ-ਹਜਾਅ, ਲੋਕ-ਲੱਜਾ ਲੱਥੀ, ਦੰਭੀਆਂ ਅੰਨੀ ਮਚਾਈ।
ਚੇਤਨਾ ਭੁਲਾ, ਦੇਹੀ ਬਣਾ, ਲੋਕਾਈ ਜੜ ਅੱਗੇ ਝੁਕਾਈ।
ਮਨੁਖੱਤਾ ਕੱਡ, ਬਣਾ ਉਜੱੜ, ਲੋਕਾਂ ਪਾਈ ਹਾਲ ਦੁਹਾਈ।
ਭਲਾਈ ਛੱਡ ਹਾਕਮ ਇੱਕ ਦੂਜੇ ਨੂੰ ਜਾਣ ਮਾਰ ਮੁਕਾਈ।

ਜੜ ਲੜ ਛੱਡ, ਮਨੁੱਖ ਬਣ, ਧਰਤੀ ਸੁਰਗ ਬਣਾ।
ਉੱਠ ਜਾਗ, ਗਿਆਨ ਅੱਖ ਖੋਲ੍ਹ, ਭਰਾ ਨਾਲ ਭਰਾ ਨਾ ਲੜਾ।
ਧਰਮ, ਕਰਮ ਗ੍ਰੰਥ, ਬੁੱਤ, ਪੂਜਾ, ਪਾਠ, ਮਨੁੱਖ ਦਾ ਘੜਾ।
ਬੰਦੇ ਨੇ ਹਾਕਮ ਬੰਦੇ ਲਈ ਧਰਮ ਲੀਰਾਂ ਦਾ ਗੇਂਦ ਮੜਾ।

ਖਿਦੋ ਖੋਲੋ, ਫਰੋਲੋ, ਉੱਤੇ ਸਾਫ ਟਾਕੀ, ਵਿੱਚ ਗੰਦਾ ਕਪੜਾ।
ਆਪ ਚਲਾਏ, ਗੇਂਦ ਚੱਲੇ, ਪਿੱਛੇ ਭੱਜੇ, ਸੋ ਖੇਡਦਾਲਫੜਾ।
ਖੇਡ ਛੱਡ, ਪੂਜਨ ਲੱਗੇ, ਮੂਰਖ ਬਣੇ ਫੜਕੇ ਗਪੜਾ।
ਬੰਦਾ ਛੱਡੇ ਹਾਕਮ ਭੇਖੀ ਛੱਡੇ ਨਾ, ਹੱਥ ਪਾਇਆ ਕਰੜਾ।

ਸੌਖਾ ਵਪਾਰ, ਭੇਖੀ ਨਾ ਛੱਡੇ, ਚਲਾਏਗਾ ਜੱਦ ਤੱਕ ਚੱਲੂ।
ਦਿਨੇ ਹੀ, ਅੰਧਵਿਸ਼ਵਾਸ਼ ਵਿੱਚ, ਅਨੇਕਾਂ ਹੀ ਬਣਾਏ ਉੱਲੂ।
ਜੱਦ ਤੱਕ ਚੜ੍ਹਾਵਾ ਚੜ੍ਹੇਗਾ, ਪੂਜਾਰੀ ਦਾ ਸੰਘਾਸਨ ਨਾ ਡੋਲੂ।
ਚੜ੍ਹਾਵਾ ਖਾਕੇ ਹਾਕਮ ਸੱਭ ਨੂੰ ਹੀ ਪੁੰਨ ਪਾਪ ਵਿੱਚ ਰੋਲੂ।

ਵਿਹਲੇ ਭੇਖੀਆਂ ਦਾ ਵੀ ਦੋਸ਼, ਪਰ ਇਹ ਲੋਕਾਂ ਦੀ ਘਾੜਤ।
ਇਹ ਦੰਭੀ ਭੇਖੀ ਨਾ ਬਣਦੇ, ਜੇ ਲੋਕ ਚੜਾਵਾ ਨਾ ਚਾੜਤ।
ਜੇ ਬੰਦ ਕਰਨ ਚੜਾਵਾ ਲੋਕ, ਦੰਭੀ ਸੱਭ ਜਾਣ ਭਾਜੱਤ।
ਚੋਰ ਮਾਲ ਤੇ, ਹਾਕਮ ਇਹ ਸੱਭ ਚੜ੍ਹਾਵੇ ਨਾਲ ਲਾਗੱਤ।

ਜੰਨਤਾ ਜਨਾਰਦਨ ਹੈ, ਇਸ ਦੇ ਹੱਥ ਹੈ ਸੱਭ ਇਲਾਜ।
ਉਪਾ ਇੱਕ ਵਿਗੜਿਆਂ ਦਾ, ਬੰਦ ਕਰ ਦੇਣ ਪੈਸਾ, ਅਨਾਜ।
ਇਹਨਾਂ ਦਾ ਲੱੜ ਛੱਡਕੇ, ਅਪਣੇ ਆਪ ਹੀ ਸਵਰੇ ਕਾਜ।
ਮਾਰ ਕੁਟਾਈ ਮੁੱਕੇ ਹਾਕਮ ਸੁਧਰ ਜਾਣ ਸੱਭ ਸਮਾਜ।

ਆਪਣਾ ਆਪਾ ਮੈਂ ਸ਼ਾਖਸ਼ੀ ਜਾਣੇ, ਜੀਵਤ ਦੇਹੀ ਤੋਂ ਮਰੀਏ।
ਜੀਵਤ ਮਰੇ, ਅੰਦਰ ਸੱਤ ਸੂਝੇ, ਭਵਸਾਗਰ ਤਰੀਏ।
ਤਾਂ ਵੱਡਭਾਗੀ ਜਾਣੀਏ ਜੇ ਹੋਰਾਂ ਨੂੰ ਵੀ ਵੱਡਭਾਗੀ ਕਰੀਏ।
ਦੁੱਖ ਨਾ ਦੇਈਏ ਹਾਕਮ ਆਪ ਦੂਜੇ ਲਈ ਦੁੱਖ ਜਰੀਏ।

ਸੱਤ ਪਾਏ, ਜੀਵਤ ਹੋਏ, ਜਦੋਂ ਸ਼ਾਖਸ਼ੀ ਮੈਂ, ਗੁਰਮੱਤ ਪਾਈ।
ਗੁਰ ਸ਼ਬਦ ਦੇ ਪ੍ਰਕਾਸ਼' ਚ, ਸੁਰਤੀ, ਧੁਨ ਚੇਲਾ ਬਣਾਈ।
ਅਕਲ ਕਥਾ, ਸਤ ਕਰਤਾਰ ਦੀ, ਸੋ ਸੋਹਝੀ ਆਈ।
ਦੂਈ ਅੱਗਨ ਬੁੱਝੀ ਹਾਕਮ ਸੋ ਏਕਤਾ ਸ਼ਾਂਤੀ ਵਰਤਾਈ।

ਅਨੁਭਵੀ ਸੰਤਾਂ ਦੀਆਂ ਸਾਖੀਆਂ, ਸ਼ਾਖਸ਼ੀ ਮੈਂ ਰੂਪ ਕਰਨ।
ਸੱਤ ਚਿੱਤ ਅਨੰਦ ਅਨੁਭਵ ਪਾਇਆ, ਸੋ ਚੰਗਾ ਕਰਮ।
ਕਰਮ ਕਰੇ, ਅਨੁਭਵ ਹੋਏ, ਸੋ ਸਰਵ ਚੰਗਾ ਧਰਮ।
ਸੱਚੋਂ ਉਰੇ ਸੱਭ ਕੋਏ ਹਾਕਮ ਜੋ ਮਿਟਾਏ ਭੇਦ ਭਰਮ।

ਗੁਰੂ ਧਾਰੇ ਜੋ ਅੰਧਾ, ਸੋ ਮਗਰ ਲੱਗੇ ਨੂੰ ਵੀ ਕਰੇ ਅੰਨ੍ਹਾਂ।
ਆਪ ਨਾ ਸੱਚਾ ਰਾਹ ਜਾਣੇ, ਦੂਜੇ ਆਸਰੇ ਟੂਰੇ ਫੜ ਕੰਨ੍ਹਾਂ।
ਆਪ ਮੂਧੇ ਮੂੰਹ ਡਿਗੇ ਖ਼ਾਤੇ' ਚ, ਠੋਕਰ ਖਾਕੇ ਇੱਟ ਬੰਨਾ।
ਖੂਹ' ਚ ਡਿੱਗੇ ਹਾਕਮ ਜੋ ਐਸੇ ਗੁਰੂ ਤੋਂ ਨਾ ਰਹੇ ਚੁਕੱਨਾਂ।

ਸਹੀ ਸਿਖਿਆ ਗੁਰੂ ਤੋਂ ਪਾਈਏ, ਵਹੀ ਰੱਬ ਕੱਡ ਵਖਾਵੇ।
ਜਿਵੇਂ ਸਮਾਨ ਅੱਗ, ਲਕੜਾਂ ਰਗੜਕੇ, ਕੱਡ ਪ੍ਰਗਟਾਵੇ।
ਵਿਸ਼ੇਸ਼ ਰੱਬ ਸੁਖਮਈ, ਅੱਗ ਵਿਸ਼ੇਸ਼ ਹਨ੍ਹੇਰਾ ਮਿਟਾਵੇ।
ਕੂੜ ਨਿਖੁੱਟੇ ਹਾਕਮ ਆਖਰ ਸੋ ਸੱਚ ਹੀ ਸਾਥ ਨਿਭਾਵੇ।

ਗਿਆਨੀ ਨਰਕ, ਸੁਰਗ, ਪਾਪ, ਪੁੰਨ ਦੀ ਮੰਜੀ ਮੂਧੀ ਮਾਰੇ।
ਸੋ ਕਾਨ ਨਾ ਕੱਡੇ, ਤੀਲੀ ਲਾ, ਸੋ ਥੋਥੇ ਧਰਮ ਕਰਮ ਸਾੜੇ।
ਸੰਘਾਸਨ ਚੜਕੇ ਸੱਚ ਦੇ, ਬੇਫਿਕਰ ਹੋ ਮਾਰੇ ਘੁਰਾੜੇ।
ਸੱਚ' ਚ ਅਭੇਦ ਹੋਏ ਹਾਕਮ ਸੱਭ ਮੁੱਕ ਜਾਣ ਪੁਆੜੇ।

ਪੜ੍ਹਨ ਗੁਨਣ, ਨਾਮ ਸੁਨਣ ਨਾਲ, ਅਨੁਭਵ ਨਾ ਹੋਏ।
ਸੋਨਾ ਕਸਵੱਟੀ ਤੇ ਖ਼ਰਾ ਉੱਤਰੇ ਜੇ ਮੈਲ ਰਹੇ ਨਾ ਕੋਏ।
ਸੱਤ ਪਾਏ, ਅਨੁਭਵ ਹੋਏ, ਦੇਹੀ ਮੈਲ ਮਨ' ਚ ਨਾ ਖਲੋਏ।
ਹਿਰਦੇ' ਚੋਂ ਭੇਦ ਦੀ ਗੰਡ ਖੁਲ੍ਹੇ ਹਾਕਮ ਇੱਕ ਹੋ ਖਲੋਏ।

ਅਨੁਭਵੀ ਸੰਗ, ਪਾਪੀ ਸੁਧਰਨ, ਸੋ ਸੰਗਤ ਕਰ ਨਿੱਤ।
ਬਾਹਰ ਭਟਕੇ, ਭਾਲੇ, ਘੁੰਮੇ ਨਾ, ਅੰਦਰ ਆਪਾ ਖੋਜੇ ਮਿੱਤ।
ਗੋਪਾਲ, ਕਿਰਪਾਲ, ਦਇਆਲ, ਸੋ ਮਿਲੇ ਨਿਹਾਲ ਹੋਏ ਚਿੱਤ।
ਮਾਇਆ ਮੋਹ ਤਜ ਹਾਕਮ ਸੋ ਹੰ ਆਪ ਨਾਲ ਕਰੇ ਹਿੱਤ।

ਜਲ ਰਿੜਕੇ, ਝੱਗ ਮਿਲੇ, ਸੋਝੀ ਆਏ ਨਾ ਹੱਥ, ਜਾਏ ਵੱਤ।
ਦੁੱਧ ਵਿੱਚੋਂ, ਮਖਣ ਲੱਭੇ, ਲਏ ਗਿਆਨ ਦਾ ਝਰਖਾ ਕੱਤ।
ਜੱਤ ਦੇ ਗਲੋਟੇ ਵੱਟੇ, ਦੇਕੇ ਸੱਤ ਚਿੱਤ ਅਨੰਦ ਦਾ ਵੱਟ।
ਕਪੜਾ ਪਹਿਨੇ ਹਾਕਮ ਵਿਆਪਕ ਪੁਨੇ ਦਾ ਕੂਲਾ ਪੱਟ।

ਭੇਖ ਬਣਾ, ਲੋਕ ਡਰਾ, ਪਖੰਡੀ ਮਾਇਆ ਦੇ ਰਾਹ ਪੈ ਗਿਆ।
ਗੁਰੂ ਡੰਮ ਬਣਾ, ਲੋਕ ਫਸਾਕੇ, ਨਰਕਾਂ ਦੇ ਰਾਹ ਪੈ ਗਿਆ।
ਪਾਠ ਪੜ੍ਹੇ, ਝੂਠ ਬੋਲ ਬੋਲਾਕੇ, ਸਿਵਿਆਂ ਦੇ ਰਾਹ ਪੈ ਗਿਆ।
ਨਾਮ ਨਾ ਜਾਣਿਆ ਹਾਕਮ ਸੱਚ ਬਿਨਾ ਪੁੱਠੇ ਰਾਹ ਪੈ ਗਿਆ।

ਦੇਹੀ, ਅਗਿਆਨੀ ਨਾ ਗਿਆਨੀ, ਨਾ ਕੋਈ ਮੂਰਖ ਨਾ ਸਿਆਣਾ।
ਬਿਨ ਆਪਾ ਬੂਝੇ ਸੱਭ ਹੀ, ਜਿਵੇਂ ਭੀੜ' ਚ ਰੁਲਿਆ ਇਆਣਾ।
ਮੂਰਖ ਸਿਆਣੇ ਸੱਭ' ਚ, ਇੱਕ ਹੀ ਜਾਗਤ ਜੋਤ ਸਮਾਣਾ।
ਸੋ ਅਤੀ ਮੂਰਖ ਹਾਕਮ ਜਿਸ ਆਪਾ ਸ਼ਾਖਸ਼ੀ ਨਾ ਪਛਾਣਾ।

ਕੂਕਰ, ਸੂਕਰ ਹਾਂ ਤੇਰੇ ਦਰ ਦਾ, ਕਹੀ ਜਾਏ ਕੂੜਿਆਰਾ।
ਭਉਂ ਭਉਂ ਕਰਦਾ ਭਉਂਕੇ, ਮਰੇ, ਬਣੇ ਦੇਹੀ ਹਤਿਆਰਾ।
ਤਨ ਮਨ ਝੂਠਾ ਬਣ, ਕੂੜ ਕਮਾਏ, ਛੱਡੇ ਸਾਖੀ ਪਿਆਰਾ।
ਆਤਮ ਰਾਮ ਮੈਂ ਹਾਕਮ ਇਹ ਤੱਤਸਾਰ ਨਹੀਂ ਵਿਚਾਰਾ।

ਸੁੰਨ ਸਮਾਨ, ਅਰਬਦ, ਨਰਬਦ, ਕੇਵਲ ਅੰਧਕਾਰਾ।
ਨਾ ਫੁਰਨਾ, ਅਵਿਦਿਆ, ਮਾਇਆ, ਨੱਭ, ਨਾ ਪਉਣ ਬਹਾਰਾ।
ਨਾ ਅੱਗ, ਪਾਣੀ, ਧਰਤੀ, ਨਾ ਦਿਨ, ਰਾਤ ਭਾਨ, ਚੰਦ ਨਾ ਤਾਰਾ।
ਸੋ ਬ੍ਰਹਮ ਹੀ ਹਾਕਮ ਰਹੇ, ਨਿਰੰਕਾਰ, ਅਕਰੇ, ਅਪਾਰਾ।

ਤਾਕਾ ਅੰਤ ਨਹੀਂ ਕਹੇ ਕੋਏ, ਜੋ ਜਾਣੇ ਸੋਈ ਵਿੱਚ ਸਮਾਏ।
ਸਾਗਰ ਸਮਾਏ ਥਾਹ ਪਾਏ, ਅਨੁਭਵ ਕਹਿ ਨਾ ਸੁਣਾਏ।
ਬਾਹਰ ਆਏ ਬਤਾਏ, ਨਹੀਂ ਅਥਾਹ, ਅਨੁਭਵ ਰਹਾਏ।
ਸੋਹਝੀ ਹੋਏ ਹਾਕਮ ਨਾਮ ਖ਼ੁਮਾਰੀ ਵਿੱਚ ਭੰਗੜਾ ਪਾਏ।

ਸੋਹਝੀ ਆਪੇ ਦੀ, ਸੱਚਾ ਸੌਦਾ, ਕੋਈ ਵਿਰਲਾ ਜਨ ਹੀ ਪਾਏ।
ਦੇਹੀ, ਤਨ, ਮਨ ਦੇਵੇ, ਲੇਵੇ ਸੋਹਝੀ, ਆਪੇ ਵਿੱਚ ਸਮਾਏ।
ਨਾਮ ਰੂਪ ਮਾਇਆ ਵੇਚਕੇ, ਸੱਤ ਚਿੱਤ ਅਨੰਦ ਕਮਾਏ।
ਸਦਾ ਚੜਦੀ ਕਲਾ ਰਹੇ ਹਾਕਮ ਅਖੁੱਟ ਧੰਨ ਰਹਾਏ।

ਸੁੰਨਹ ਸਮਾਨ ਫੁਰਨੇ ਤੋਂ, ਸਤੋ ਰਜੋ ਤਮੋ ਤ੍ਰੈ ਉਪਜੇ।
ਨਾਮ ਪਏ, ਬਰਮਾ, ਬਿਸ਼ਨ, ਮਹੇਸ਼, ਜੱਮ ਪਲ ਕੇ ਮੁੱਕਜੇ।
ਸਾਧਨ, ਫੁਰਨਾ, ਅਵਿਦਿਆ, ਮਾਇਆ, ਪੰਜ ਤੱਤ, ਮਿਲਜੇ।
ਸੱਤ ਆਸਰੇ ਹਾਕਮ ਸਾਰੇ ਮਿਲਕੇ ਕੁਦਰਤ ਬਣਜੇ।

ਸਾਰੇ ਨਾਵਹੁ ਉਪਜੇ, ਸੱਭ ਨਾ,- ਵਹੁ ਸੱਤ ਤੋਂ ਉੱਪਜੇ।
ਸਾਰੇ ਨਾ / ਮਿਥਿਆ, ਸੱਤ ਆਣ ਜਾਵਨ / ਵਹੁ ਨਹੀਂ ਨਿੱਪਜੇ।
ਨਾ ਵਹੁ ਉੱਪਜੇ ਨਿੱਪਜੇ, ਸੋ ਅਧਿਅਸਤ ਹੋਏ ਰਹੀਜੇ।
ਸੱਤ' ਚ ਹਾਕਮ ਸਮਾਨ ਫੁਰਨਾ ਵਿਸ਼ੇਸ਼ ਹੋਏ ਮਰੀਜੇ।

ਆਪਣਾ ਆਪਾ ਸੋ ਮੈਂ, ਪਛਾਨਣਾ ਹੀ, ਹੈ ਨਾਮ ਧੰਨ ਪਉਣਾ।
ਸ਼ਾਖਸ਼ੀ ਸੋ ਮੈਂ ਦਾ ਅਨੁਭਵ ਹੀ, ਮਿਟਾਏ ਮਰਨਾ ਜਿਉਣਾ।
ਆਪਾ ਪਾ, ਮਸਤ ਬੇਫਿਕਰ ਹੋਏ, ਇਹ ਹੈ ਨਾਮ ਧਿਉਣਾ।
ਸੋ ਪਾ ਹਾਕਮ ਛੱਡ ਰੋਟੀਆਂ ਲਈ ਹੱਥ ਬੰਨ ਖਲਉਣਾ।

ਸੋ ਹੰ ਸਤ ਜਪ, ਦੇਖ, ਤਿਸ ਵਿੱਚ ਹੀ, ਤ੍ਰੈ ਭਵਨ ਰਹਾਏ।
ਆਪਾ ਦੇਹੀ ਗਈ, ਭੈ ਭਰਮ ਗਿਆ, ਸੋ ਹੰ ਵਸੇ ਮਨ ਆਏ।
ਅਲੱਖ ਵਸੇ ਸੱਭ ਮਾਹਿ, ਤੱਤਸਾਰ ਸੋ ਮੈਂ ਸੱਭ ਸਮਾਏ।
ਸੋ ਹੰ ਜਾਣੇ ਹਾਕਮ ਪੂਜਾਪਾਠ ਭੇਖ ਸੱਭ ਹੀ ਛੁੱਟ ਜਾਏ।

ਸੋ ਹੰ ਸਾਖੀ, ਸਰਵ ਵਿਆਪੀ, ਜਾਣੇ ਬਿਨ, ਤਰਿਆ ਨਾ ਕੋਈ।
ਲੈ ਅਨੁਭਵੀ ਸ਼ਰਨ, ਜੇ ਚਾਹੇਂ ਤਰਨ, ਨ੍ਹੇਰਾ ਨਾ ਜਾ ਢੋਈ।
ਜਿਸ ਭੁੱਲਿਆਂ ਦੁੱਖ ਪਾਵੇਂ, ਸਰਵ ਵਿਆਪਕ ਜਾਣ ਸੋਈ।
ਸੋ ਹੰ ਸੋਹੀ ਹੈ ਹਾਕਮ ਜਿਸ ਬਿਨ ਦੁਨੀਆਂ ਜਾਂਦੀ ਹੈ ਰੋਈ।

ਆਪਣਾ ਆਪ ਜਾਣੇ, ਤਾਂ ਸੱਭ ਕੋਈ ਪਾਏ, ਨਿੱਜ ਧੰਨ ਰਾਸ।
ਅਗੈ, ਨਾ ਦਿਸੇ, ਜੋ ਅਕਰੇ, ਅੱਗੇ ਮੂਰਖ ਕਰੇ ਅਰਦਾਸ।
ਮੂਰਖ ਨਾ ਬੂਝੇ, ਸੱਭ ਦਾ ਆਪਾ, ਨਿਕਟ ਵਸੇ ਨਿੱਤ ਪਾਸ।
ਆਪਾ ਨਾ ਜਾਣੇ ਹਾਕਮ ਖਾਹ ਮਖਾਹ ਬਣੇ ਜੜ ਦਾ ਦਾਸ।

ਬਾਹਰ ਭੇਖੀਂ ਨਹੀਂ ਪਾਇਆ ਜਾਏ, ਰੱਬ ਹੈ ਅੰਤਰਜਾਮੀ।
ਅਰਦਾਸੀਂ ਦਾਨੀਂ ਨਹੀਂ ਰੀਝੇ, ਸੋ ਹੈ ਦਾਤਾ ਸਰਵ ਸੁਆਮੀ।
ਅਮੀਰ ਗ਼ਰੀਬ, ਦਾਤੇ ਭਿਖਾਰੀ, ਰੋਗੀ, ਸੋਗੀ ਵਿੱਚ ਵਸਾਮੀ।
ਸੱਚ ਸੀ ਕਮਾਣਾ ਹਾਕਮ ਉਲਝ ਗਿਆ ਭੇਖੀਂ ਕੂੜੇ ਕਾਮੀਂ।

ਪਹਿਲਾਂ ਮਰਨ ਕਬੂਲ, ਸਿਰ ਧਰੇ ਤਲੀ, ਪਾਏ ਸੋ ਰੱਬ।
ਮਨ, ਬੁੱਧ, ਚਿੱਤ, ਅੰਹਕਾਰ ਸਣੇ ਸਿਰ, ਹੋਏ ਸ਼ਾਖਸ਼ੀ ਛੱਡ।
ਤਿੰਨ ਸਰੀਰ, ਚਾਰ ਅਵਸਥਾ, ਜਾਗ੍ਰਤਾਦਿ ਦਾ ਫਾਹਾ ਵੱਡ।
ਸ਼ਾਖਸ਼ੀ ਅਕਰੇ ਹੋ ਹਾਕਮ ਛੱਡ ਧੰਧਨ, ਬੰਧਨ ਸੱਭ।

ਸੁੱਖ ਸਾਗਰ, ਅਨੰਦਮਈ, ਅੰਮ੍ਰਿਤ, ਹਰ ਸੋ ਤੱਤ ਸਾਰ।
ਅੰਮ੍ਰਿਤ ਹੈ ਆਪਾ, ਹੋਰ ਨਾ ਪਾ ਸਿਆਪਾ, ਹੋ ਸੱਤ ਅਨੁਸਾਰ।
ਹੋ ਅਪਰ ਅਪਾਰ, ਛੱਡ ਭੇਡਾਂ ਚਾਲੀ, ਕੂੜੀ ਜਗਤ ਕਾਰ।
ਆਪ ਤਰ ਹਾਕਮ ਕਰ ਉਪਕਾਰ, ਸੱਭ ਅਵਰ ਤਾਰ।

ਰੱਸ ਬਿਨ ਗੰਨਾ, ਪ੍ਰਾਨ ਬਿਨ ਤਨ, ਤਿਵੇਂ ਸੱਚ ਬਿਨ ਮਨ।
ਸੱਚ ਬਿਨ ਰਹਿਨਾ, ਨਰਕਾਂ ਦੇ ਦੁੱਖ ਸਹਿਨਾ, ਬਣੇ ਤਨ।
ਤ੍ਰੈਲੋਕੀ ਧਨ ਪਾ, ਬਣੇ ਅਮੀਰ ਨਾ, ਜੇ ਪਾਏ ਨਾ, ਸਾਰ ਧਨ।
ਗਿਆਨਹੀਨ ਹਾਕਮ ਅਤੀ ਨਿਰਧਨ, ਹੈ ਕੋਹੜੀ ਜਨ।

ਤਮੋ ਰਜੋ ਸਤੋ ਤਿੰਨ ਗੁਨੀ ਮਾਇਆ, ਭਰਮ ਭੁਲਾਇਆ।
ਤਿੰਨਾਂ ਤੋਂ ਉੱਪਰ ਜਾਣੇ, ਸੁਖੀ ਹੋਏ, ਪਰਮ ਪਦ ਪਾਇਆ।
ਇੱਕ ਹੋਏ, ਕਹੇ ਨਾ ਕਹਾਏ, ਰਹੇ ਸੋ ਸਰਵ ਸਮਾਇਆ।
ਦੇਹੀ ਦ੍ਰਿਸ਼ ਗਵਾਇਆ ਹਾਕਮ ਜਿੰਨ੍ਹਾ ਮੈਂ ਦ੍ਰਿਸ਼ਟਾ ਪਾਇਆ।

ਦੇਹੀ ਇੱਕ, ਨਉਂ ਦਰਵਾਜੇ, ਦਸਵਾਂ ਗੁਪਤ ਰਖਾਇਆ।
ਤ੍ਰਿਪੁਟੀ ਛੱਡੇ, ਦਸਵਾਂ ਦਰ ਖੁਲ੍ਹੇ, ਸੋ ਮੈਂ ਮਿਲੇ ਮਲਾਇਆ।
ਇੱਕ ਰੱਸ, ਅਕਰੇ, ਅਬਿਨਾਸ਼ੀ, ਸਹਿਜ ਮਾਹਿ ਸਮਾਇਆ।
ਕਰੇ ਤਿਆਗ ਜੋ ਹਾਕਮ ਤਿੰਨ੍ਹਾ ਝੂਠ ਤਜ, ਸੱਚ ਪਾਇਆ।

ਅਨੁਭਵੀ ਬਿਨ, ਦੂਰੀ ਲੱਗੇ, ਦੁਬਿੱਧਾ' ਚ ਡੁੱਬ ਮਰੇ।
ਗੁਰ ਵੈਦ ਸੋ, ਏਕਤਾ ਕਰਾਏ, ਦਵੈਸ਼ ਛਡਾ, ਕਰੇ ਪਰੇ।
ਅਲੱਖ, ਨਿਰੰਜਨ, ਅਬਿਨਾਸ਼ੀ, ਅੰਮ੍ਰਿਤ ਜੋਤ ਜਗੇ ਘਰੇ।
ਕਰਮਗਤੀ ਹਾਕਮ ਗੁਰੂ ਬਿਨਾ, ਕਿਸੇ ਤੋਂ ਟਾਰੇ ਨਾ ਟਰੇ।

ਸਾਰੇ ਸੰਧਿਆ ਕਰਮ ਕਰੇ, ਪੋਥੀ ਪਾਠ ਕਰੇ ਦੁੱਖ ਜਰੇ।
ਬਿਨ ਗੁਰ, ਸਮਝ ਮੁਕਤ ਨਾ, ਖੱਪ ਖੱਪ ਉਲਝ ਮਰੇ।
ਅੱਖਾਂ ਮੀਟ ਕੋਲੂ ਦਾ ਬੈਲ, ਕਈ ਕਿਲੋਮੀਟਰ ਕਰੇ ਘਰੇ।
ਉਥੇ ਰਹੇ ਹਾਕਮ ਸਾਰੀ ਉਮਰ ਟੁਰਿਆ, ਦੁੱਖ ਨਾ ਟਰੇ।

ਤੇਲੀ ਦੇ ਲੜ ਲੱਗ, ਬੈਲ ਦੀ ਨਹੀਂ, ਛੁੱਟਨੀ ਘੁੰਮਨਘੇਰੀ।
ਜੜ ਕ੍ਹੋਲੂ ਤੇ ਜੋੜਊ, ਇਹ ਹੀ ਹੈ, ਭੇਖੀਆਂ ਦੀ ਹੇਰਾ ਫੇਰੀ।
ਅੱਖਾਂ ਬੰਨ੍ਹਕੇ, ਚੱਕਰ ਵਿੱਚ ਪਾਏ, ਕਮਾਈ ਕਰੇ ਘਨ੍ਹੇਰੀ।
ਘਾਹ ਅੱਗੇ ਰੱਖ ਹਾਕਮ ਥਾਪੀ ਦੇ ਆਖੇ ਇਹ ਸੇਵਾ ਤੇਰੀ।

ਭੇਖੀ ਪਖੰਡੀਆਂ ਦੀ ਪੰਜਾਲੀ ਲਉਣੀ, ਬੜੀ ਔਖੀ ਹੈ ਗਲੋਂ।
ਸਿਰ ਪਏ ਬੰਧ ਅਗਿਆਨ, ਭੇਖੀਆਂ ਦੀ ਭੀੜ' ਚ ਨਾ ਰਲੋ।
ਕੂੜ ਕਪਟ ਕਚਹਿਰੀ ਛੱਡ, ਪਾਸੇ ਹੋਕੇ, ਨਿਆਰੇ ਖਲੋ।
ਚਿਕੜ' ਚ ਨਾ ਫਸੇ ਹਾਕਮ ਦੰਭੀਆਂ ਦੀ ਸੰਗਤ ਤੋਂ ਟਲੋ।

ਦੇਹੀ ਸਮਝੇ ਆਪਾ, ਸੋਈ ਹੈ ਜੀਵਤ ਅਗਿਆਨੀ ਭੂਤ ਨੇਤ।
ਦੇਹੀ ਦਾ ਬਾਹਰੀ ਭੇਖ ਡਰਾਵਾ, ਜੋ ਆਪਾ ਜਾਣੇ ਸੋਈ ਪ੍ਰੇਤ।
ਬਾਹਰੀ ਧਰਮੀ ਡਰਉਣੇ, ਭੇਖ, ਪ੍ਰੇਤ ਤੋਂ, ਸੋ ਲੋਕੀ ਡ੍ਰੇਤ।
ਲੜਾਈ' ਚ ਹਾਕਮ ਇੱਕ ਦੂਜੇ ਨੂੰ ਰਲਾ ਦੇਣ ਵਿੱਚ ਰੇਤ।

ਆਪ ਨਾ ਪਛਾਤਾ ਰਾਮ, ਦੇਹੀ ਬਣ ਫਿਰੇ ਭੂਤ ਕਲਜੁਗੀ।
ਦੇਹੀ ਤਜ, ਸੋ ਹੰ ਪਛਾੱਤਾ, ਬਣੇ ਪਰਮ ਹੰਸ ਸਤਜੁਗੀ।
ਦੁਆਪਰ ਵਿੱਚ, ਸਦਾ ਹੀ ਵੱਜੇ, ਅਗਿਆਨ ਦੀ ਡੁੱਗਡੁੱਗੀ।
ਤ੍ਰੇਤੇ ਵਿੱਚ ਹਾਕਮ ਭੇਖਾਂ ਨਾਲ ਗਿਆਨ ਦੀ ਜੋਤ ਬੁੱਝਗੀ।

ਸੋ ਹੰ ਨਾਮ, ਗੁਰ ਜਾਨ, ਸੋ ਹੋਏ ਨਿਰਮਲ, ਆਪ ਪਛਾਨਾ।
ਮਾਇਆ ਰਹਿਤ, ਇੱਕ ਰਸ ਹੋਏ, ਸਹਿਜ ਮਾਹਿ ਸਮਾਨਾ।
ਸਾਖੀ ਜਾਨ, ਅਜਰ ਹੋਏ, ਮੌਤ ਦਾ ਚੱਲੇ ਨਾ ਕੋਈ ਬਹਾਨਾ।
ਸ਼ਾਖਸ਼ੀ ਅਟੱਲ ਹਾਕਮ ਦੇਹੀ ਦਾ ਕੋਈ ਥਹੁ ਨਾ ਟਕਾਨਾ।

ਪੂਜਾ ਪਾਠ ਜਾਪ ਤਾਪ ਪੁੰਨ ਪਾਪ ਭੇਖ ਰੇਖ ਇਸ਼ਨਾਨ।
ਦੇਹੀ ਤਿਆਗ, ਹੋਏ ਸੱਤ ਚਿੱਤ ਨੰਦ ਬ੍ਰਹਮ ਨਿਹਕਾਮ।
ਕੰਵਲ ਸਮਾਨ, ਮਾਇਆ' ਚ ਬਿਸਰਾਮ, ਕਰੇ ਜਪ ਨਾਮ।
ਵਿਆਪਕ ਹੋਇਆ ਹਾਕਮ ਜਲੀਂ ਥਲੀਂ ਸਰਵ ਹੀ ਥਾਮ।

ਸੋ ਵੱਡਭਾਗੀ, ਜੋ ਬ੍ਰਹਮ ਅਣਹੱਦ ਭਾਗ ਵਿੱਚ ਸਮਾਏ।
ਆਪਣੇ ਸਮਾਨ ਬਣਾਏ, ਸੋ ਹੰ ਬ੍ਰਹਮ ਗਿਆਨ ਸੁਣਾਏ।
ਸੋਈ ਗਿਆਨੀ, ਧੰਨਵੰਤਾ, ਕੁਲਵੰਤਾ, ਪਤਵੰਤਾ ਸਦਾਏ।
ਸੋ ਸੁਆਮੀ ਬਣੇ ਹਾਕਮ ਜੋ ਸਵਾਸਾਂ ਦਾ ਸ਼ਾਖਸ਼ੀ ਕਹਾਏ।

ਜੋ ਜੜ ਪੱਥਰ ਬੁੱਤ, ਫੋਟੋ, ਮੰਦਰ ਨੂੰ ਪੂਜੇ, ਕਰ ਦੇਵ।
ਉਸਦੀ ਸੱਭ ਬਿਰਥੀ ਜਾਏ, ਮਿਹਨਤ, ਘਾਲ, ਟ੍ਹੈਲ ਸੇਵ।
ਠਾਕੁਰ ਦੇਵ, ਸਦਾ ਬੋਲੇ, ਦੇਵੇ ਗਿਆਨ, ਦੁੱਖ ਹਰ ਲੇਵ।
ਸ਼ੰਕਾ ਨਿਵਾਰੇ ਹਾਕਮ ਈਸ਼, ਜੀਵਪੁਨੇ ਦਾ ਨਿਵਾਰੇ ਭੇਵ।

ਜੋ ਦੇਵੇ ਸਤਾ, ਸਫੁਰਤੀ ਅੰਦਰ ਦੇਵ, ਨਹੀਂ ਜਾਣੇ ਅੰਧ।
ਅਗਿਆਨੀ ਭਵਸਾਗਰ ਵਿੱਚ ਡੁੱਬੇ, ਗੱਲ ਪੱਥਰ ਬੰਦ।
ਸਿਰ ਚੁੱਕ ਕੇ ਪੰਡ ਬੁੱਕਾਂ ਦੀ, ਗਲ ਪਾਲਏ ਪਾਠਾਂ ਦੇ ਫੰਦ।
ਬਿਨ ਬੂਝੇ ਆਪਾ ਹਾਕਮ ਪਾਠਾਂ ਨਾਲ ਖਾਏ ਟੁਕੜੇ ਮੰਗ।

ਜੋ ਬ੍ਰਹਮੰਡੇ ਸੋ ਪਿੰਡੇ, ਮਾਨ ਸਰੋਵਰ, ਕਰ ਇਸ਼ਨਾਨ।
ਸੋ ਹੰ ਸੋ ਜਾਕਾ ਜਾਪ, ਸੋ ਬਣੇ ਸਰਵ ਸ੍ਰੇਸ਼ਟ ਇਨਸਾਨ।
ਦੇਹੀ ਤਜ, ਸਾਖੀ ਹੋਏ ਵਿਆਪਕ, ਨਾਮ ਪਏ ਭਗਵਾਨ।
ਐਸੇ ਅਨੁਭਵੀ ਤੋਂ ਹਾਕਮ ਵਾਰ ਵਾਰ ਸਦ ਕੁਰਬਾਨ।

ਜਿਸ ਮਨ' ਚ ਅੰਤਰਾ, ਮੈਂ ਹੋਰ, ਰੱਬ ਹੋਰ, ਸੋਈ ਹੈ ਢੋਰ।
ਜਥਾ ਪਸੂ, ਤਥਾ ਉਹ ਨਰਾ, ਆਪੇ ਨੂੰ ਸਮਝੇ ਦੇਹੀ ਚੋਰ।
ਬੁੱਤਾਂ ਅੱਗੇ ਮੱਥੇ, ਮਾਇਆ ਟੇਕਦੇ ਚੋਰ ਨੂੰ, ਪੈ ਜਾਣ ਮੋਰ।
ਪੱਲਾ ਬੋਚ ਹਾਕਮ ਚਾਰੇ ਪਾਸੇ ਵਿਆਪੇ ਕੰਡਿਆਲੇ ਥੋਰ।

ਅਨੁਭਵੀ ਹੋਏ, ਤਿਸਦਾ ਸਾਰੇ ਪਾਸੇ, ਫਿਰੇ ਦੇਹੁਰਾ, ਹੋਏ ਮਾਨ।
ਮਾਨ ਨਾ ਮੰਗੇ, ਦਾਨ ਨਾ ਲਏ, ਸੱਭ ਨੂੰ ਵੰਡੇ ਗਿਆਨ ਦਾਨ।
ਭਰਮ ਭਲੇਖੇ ਦੂਰ ਕਰੇ, ਸੱਭਨੂੰ ਬਣਾਏ ਇਨਸਾਨ।
ਸਾਂਝੀਵਾਲ ਬਣਾਏ ਹਾਕਮ ਨਾ ਲੜਾਏ ਬਣ ਭਗਵਾਨ।

ਮਰਿਆਦਾ ਪੁਰਸ਼ਉਤੱਮ, ਧਰਮ ਈਮਾਨ ਵਾਲਾ ਬੰਦਾ।
ਸੱਭ ਨੂੰ ਅਨੁਭਵ ਕਰਾਏ, ਸੋ ਨਾ ਦੇਖੇ ਚੰਗਾ ਮੰਦਾ ਧੰਦਾ।
ਸੋਈ ਪੁਰਸ਼ਉਤੱਮ, ਵਹਿਮਾਂ ਦਾ ਗਲ' ਚ ਨਾ ਪਾਏ ਫੰਦਾ।
ਮਰਿਯਾਦਾ ਚੰਗੀ ਹਾਕਮ ਜਿਸ ਨਾਲ ਮਨੁੱਖ ਬਣੇ ਚੰਗਾ।

ਦੀਰਘ ਸੰਸੇ, ਚਿੰਤਾਵਾਂ ਮੁਕੱਨ, ਨਾਮ ਰਤਨ ਧੰਨ ਪਾਏ।
ਮੋਹ ਮਮਤਾ ਤ੍ਰਿਸ਼ਨਾ ਸੱਭ ਬਿਨਸੇ, ਸੱਭ ਦੁੱਖ ਨਸਾਏ।
ਭੇਖ, ਭਿਖਾਰੀ ਚੋਰੀ ਯਾਰੀ, ਬੰਦੇ ਮਾਰੀ, ਨਾ ਮਨ' ਚ ਵਸਾਏ।
ਧੰਨ ਭਾਗੀ ਸੋ ਜਨ ਹਾਕਮ ਜੋ ਨਾਮ ਧੰਨ ਖੱਟ ਲਿਆਏ।

ਸੋ ਹੰ ਸੋ ਦਾ ਭੇਦ, ਜਿਨ ਜਨ ਜਾਤਾ, ਸੋ ਇੱਕ ਸੰਗ ਸਮਾਏ।
ਸੁੱਖ, ਸ਼ਾਂਤੀ, ਸਹਿਜ ਅਵਸਥਾ, ਆਪੇ ਵਸੇ ਹਿਰਦੇ ਆਏ।
ਦੁੱਖ ਦਰਿਦਰ ਨਾਸ ਹੋਣ, ਚੜਦੀ ਕਲਾ ਸਦਾ ਰਹਾਏ।
ਸੋ ਹੰ ਜਾਣ ਹਾਕਮ ਸਰਵ ਸੁੱਖ ਸ਼ੀਘਰ ਆਵਨ ਧਾਏ।

ਪੋਥੀ ਨਾਲ ਪਰਮੇਸ਼ਰ ਦਾ ਥਾ ਨਾ ਪਾਏ, ਬਿਨ ਸਮਝਾਏ।
ਗੁਰੂ ਸਮਝਾਏ, ਪੋਥੀ ਤਾਂ ਸਮਝ ਆਏ, ਕੁੱਝ ਪੱਲੇ ਪਾਏ।
ਆਪੇ ਪੜ੍ਹੇ, ਹੋਣ ਸ਼ੰਕੇ ਖੜੇ, ਗੁਰੂ ਹੀ ਨਵਿਰਤ ਕਰਾਏ।
ਪੋਥੀ ਤਾਂ ਸਾਧਨ ਹਾਕਮ ਗੁਰੂ ਸ਼ਿਖਸ਼ਾ ਦੇ ਪਾਰ ਲੰਘਾਏ।

ਪੋਥੀ ਬੇੜੀ, ਗੁਰੂ ਮਲਾਹ ਬਿਨ, ਵਿੱਚੇ ਡੋਬੇ, ਪਾਰ ਨਾ ਲਾਏ।
ਗੁਰੂ ਪੜ੍ਹਾਏ, ਸ਼ੰਕੇ ਨਿਵਾਰੇ, ਤੱਤ ਸਾਰ ਕੱਡ ਸਮਝਾਏ।
ਪੋਥੀ ਸਮੁੰਦਰ ਵਾਂਗ, ਸਿਧਾ ਪਾਣੀ ਪੀਤਾ ਮਰੋੜ ਲਗਾਏ।
ਗੁਰੂ ਬੱਦਲ ਦੁਆਰਾ ਹਾਕਮ ਪੀਤਾ ਪਾਣੀ ਪ੍ਰਾਨ ਬਚਾਏ।

ਵਿਸ਼ਵਾਸ / ਵਿਸ਼ ਵਿੱਚ ਵਾਸ਼, ਅੱਖਾਂ ਮੀਟ ਨਾ ਕਿਸੇ ਤੇ ਕਰੇ।
ਬਿਨ ਜਾਣੇ, ਕਰੇ ਭਰੋਸਾ, ਠੱਗਿਆ ਜਾਏ, ਪਿੱਛੋਂ ਹੌਕੇ ਭਰੇ।
ਬਾਂਹ, ਬਿਨ ਸੋਚੇ ਸਮਝੇ, ਫੜ, ਪਿੱਛੇ ਲੱਗ, ਨਾ ਡੁੱਬ ਮਰੇ।
ਆਪੇ ਤੇ ਰੱਖੇ ਭਰੋਸਾ ਹਾਕਮ ਆਪਣੇ ਬੱਲ ਨਾਲ ਤਰੇ।

ਕੰਠ ਹੋਣ ਚਾਰੇ ਵੇਦ, ਪਾਠ ਪੂਜਾ ਜਾਪ ਕਰੇ ਦਿਨ ਰਾਤ।
ਭਾਈ, ਮੁੱਲਾਂ, ਭਗਤ ਕਹਾਏ, ਵਰਤ ਰੱਖੇ, ਨਾ ਬਣੇ ਬਾਤ।
ਭੇਖੀ, ਤਪੀ, ਜੋਗੀ, ਮੋਨੀ, ਕਿਰਿਆ ਦੀ ਹਉਮੈਂ' ਚ ਫਸ ਜਾਤ।
ਬਿਨ ਆਪਾ ਬੂੱਝੇ ਹਾਕਮ ਸੱਭ ਹੀ ਅਗਿਆਨੀ ਦੁੱਖ ਪਾਤ।

ਮੈਂ ਧੰਨ ਹਰਨਾਮ ਪਾਏ ਕੇ, ਮੋਹ ਮਮਤਾ ਤਨ ਤੇ ਨਾਸੇ।
ਕਾਮ, ਕਰੋਧ, ਲੋਭ, ਦੁਬਿੱਧਾ, ਹਉਮੈਂ ਮਨ' ਚ ਨਾ ਰਹਾਸੇ।
ਤ੍ਰਿਸਨਾ ਸਗਲ ਬਿਨਾਸੇ, ਅੰਦਰ ਕਰੇ ਨਿੱਜ ਸੁੱਖ ਵਾਸੇ।
ਸੱਭ ਦੁੱਖ ਮਿਟੇ ਹਾਕਮ ਪਾਏ ਸਾਖੀ ਮੈਂ, ਨਿੱਜ ਧੰਨ ਰਾਸੇ।

ਗਿਆਨਹੀਨ ਗਾਏ ਗੀਤ, ਨਾ ਜਾਣੇ ਆਪਾ, ਨਹੀਂ ਕਰੇ ਪ੍ਰੀਤ।
ਮਖੱਟੂ ਹੋਕੇ, ਭੇਖ ਬਣਾਏ, ਕਰਕੇ ਵਿਹਲੜ ਦੀ ਰੀਸ।
ਭੁੱਖੇ ਭਾਈ, ਚੜ੍ਹਾਵੇ ਲਈ ਘਰੇ ਹੀ ਵਣਾਏ ਮੱਠ ਮਸੀਤ।
ਸਦਾ ਭੁੱਖੇ ਮਰਨ ਹਾਕਮ ਬਿਨ ਸੰਤੋਖ, ਨਾ ਰੱਜੇ ਨੀਤ।

ਗੁਰੂ, ਪੀਰ, ਸੰਤ, ਬਾਬਾ, ਭਾਈ ਸਦਾਏ, ਫਿਰ ਮੰਗਣ ਜਾਏ।
ਚੁੱਲੂ ਭਰ ਪਾਣੀ' ਚ ਡੁੱਬਮਰੇ, ਮੰਗਦੇ ਸ਼ਰਮ ਨਾ ਆਏ।
ਦੂਜਿਆਂ ਦੀ ਸਹਾਇਤਾ ਕਰੇ, ਮਿਹਨਤ ਕਰਕੇ ਕਮਾਏ।
ਆਪਾ ਜਾਣੇ ਹਾਕਮ ਤਾਂ ਹੀ ਰੱਬ ਮਿਲਿਆ ਮਲਾਇਆ ਪਾਏ।

ਪੜ੍ਹਨਾ ਸੁਨਣਾ ਸੰਸਾਰ ਦੀ ਕਾਰ, ਕੋਈ ਬੂੱਝੇ ਕਰੇ ਵੀਚਾਰ।
ਅਗਿਆਨੀ ਪੇਟ ਭਰਨ ਲਈ, ਪਾਠ ਕਰੇ ਗਾਏ, ਗਵਾਰ।
ਮਾਇਆਵੀ ਤ੍ਰੈਗੁਨੀ ਕਰੇ ਕਾਰ, ਅੰਦਰ ਕਪਟ ਵਿਕਾਰ।
ਨਾ ਸ਼ਾਂਤੀ ਪਾਏ ਹਾਕਮ ਨਾ ਮਿਲੇ ਨਿੱਜ ਸੁੱਖ, ਰੱਬ ਪਿਆਰ।

ਸੱਚ ਵਣਜੇ, ਸੱਚ ਸੇਵੇ, ਦੇਵੇ ਸੱਚ, ਸੱਚੀ ਕਰੇ ਕਮਾਈ।
ਗੁਰ ਸਿਖਿਆ ਲੈ, ਗੁਰ ਭਾਣੇ ਚੱਲੇ, ਸੱਭ ਨੂੰ ਦੇ ਵਰਤਾਈ।
ਆਪ ਤਰੇ ਹੋਰਾਂ ਤਾਰੇ, ਨਿਸ਼ਕਾਮ ਸੇਵਾ ਕਰੇ, ਤਾਂ ਕਹਾਏ ਭਾਈ।
ਮੂਰਖ ਬਣਾ ਹਾਕਮ ਧੰਨ ਕਮਾ, ਛਿੱਲ ਪੱਟੇ ਤਾਂ ਕਸਾਈ।

ਭਰਮ ਵਿੱਚ ਫਸੇ ਅਗਿਆਨੀ, ਚੇਤਨ ਤਜ ਜੜ ਪੂਜੇ।
ਨਿਰਜੀਵ ਨੂੰ ਪੂਜੇ, ਸਰਜੀਵ ਸਿਰ ਝੁਕਾਏ, ਬਣੇ ਦੂਜੇ।
ਜੋ ਵੱਖ ਰੱਬ ਪੂਜੇ, ਸੋ ਕਦੀ ਦੇਹੀ ਨਾ ਛੱਡੇ, ਨਾ ਰੱਬ ਬੂੱਝੇ।
ਆਪ ਬੁੱਧੂ ਬਣੇ ਹਾਕਮ ਸਾਰੀ ਆਯੂ ਬੁੱਤ ਹੀ ਰੱਬ ਸੂਝੇ।

ਨਿਰਜੀਵ ਮੜ੍ਹਾ, ਬੁੱਤ, ਬੁੱਕ ਪੂਜ, ਬਿਰਥੀ ਹੀ ਜਾਏ ਸੇਵਾ।
ਅੱਕ ਬੀਜੇ, ਅੰਗੂਰਾਂ ਦੀਆਂ ਵੇਲਾਂ ਨਾ ਉਗਣ, ਨਾ ਖਾਏ ਮੇਵਾ।
ਬਿਨ ਸੇਵਾ, ਅਨੁਭਵੀ ਦੀ, ਕਿਸੇ ਹੀ ਨਾ, ਗਿਆਨ ਫਲ ਲੇਵਾ।
ਸੱਭ ਬੰਧਨ ਪਾਣ ਹਾਕਮ ਗੁਰੂ ਬਿਨਾ ਮੁਕਤੀ ਨਾ ਦੇਵਾ।

ਬ੍ਰਹਮਗਿਆਨੀ, ਆਪੇ ਦੀ ਸੋਹਝੀ ਕਰਾਏ, ਗੁਰੂ ਕਹੀਏ।
ਅਜੇਹਾ ਪੁਰਸ਼ ਪ੍ਰਤੱਖ ਦਿਉ, ਤਿਸਦੀ ਸੰਗਤ ਕਰੀਏ।
ਤਨ ਮਨ ਅਰਪ ਸੇਵੇ, ਅੰਮ੍ਰਿਤ ਬਚਨ ਸੁਣ ਲਹੀਏ।
ਬੁੱਤ ਨਾ ਪੂਜੇ ਹਾਕਮ ਸ਼ਬਦ ਚਰਨ ਸਾਰ ਹੀ ਗਹੀਏ।

ਮਾਤ ਪਿਤਾ ਬਿੰਦ ਰਲ ਬਣ, ਮਾਤਾ ਦੇ ਮਾਸ ਨਾਲ ਪਲਿਆ।
ਪ੍ਰਾਨ ਬਣ, ਇੰਦ੍ਰਆਂ ਬੁਣ, ਹੱਡਮਾਸ ਨਾੜੀ ਲਹੂ ਚਲਿਆ।
ਬਾਹਰ ਆਏ ਸਵਾਸ ਲਏ, ਮੂੰਹ' ਚ ਮੁੰਮਾ ਮਾਸ ਮਸਲਿਆ।
ਆਪਾ ਭੁੱਲ ਹਾਕਮ ਮਾਸ ਬਣ ਗਿਆ, ਮਾਸ ਵਿਆਹ ਲਿਆ।

ਮਾਇਆਵੀ ਹੀ ਹੈ ਸੱਭ ਸਾਕ, ਇਹਨਾਂ ਵਿੱਚ ਹੀ ਫਸ ਗਿਆ।
ਮਨ ਨੇ ਮਾਸ ਪਕੜਿਆ, ਬੁੱਧੀ, ਚੇਤਨ ਹੱਥੋਂ ਖਿਸ ਗਿਆ।
ਚੇਤਨ ਛੱਡ ਗਵਾਇਆ, ਮਨੁੱਖ ਮਾਇਆ' ਚ ਪਿਸ ਗਿਆ।
ਮਾਸ ਤੇ ਲੜਨ ਹਾਕਮ ਸੋ ਹੰ ਚੇਤਨ ਨਾ ਚਿੱਤ ਵਸਿਆ।

ਮਾਸ ਖਾਣ ਪਹਿਨਣ ਤੇ ਮੂਰਖ ਝਗੜੇ, ਤੱਤ ਨਾ ਜਾਣੇ।
ਦੇਖ ਕੇ ਮਾਸ ਤੇ ਡਿੱਗੇ, ਮਾਸ ਨਾ ਛੱਡੇ, ਮਾਸੋਂ ਜੰਮੇ ਇਆਣੇ।
ਲੋਕ ਮੂਰਖ ਬਣਾ ਧੰਨ ਖੱਟੇ, ਆਪ ਨਹੀਂ ਜਾਣੇ ਗਿਆਨੇ।
ਲੋਕਾਂ' ਚ ਬਾਬਾ ਹਾਕਮ ਅੰਦਰ ਨਾਰੀ ਸੰਗ ਪਹਿਲਵਾਨੇ।

ਸੱਚਾ ਸ਼ਬਦ ਵਿਚਾਰੇ, ਜੋ ਸਾਰਿਆਂ ਵਿੱਚ ਹੀ ਹੈ ਸਮਾਇਆ।
ਸੋਈ ਲੋਕਾਂ' ਚ ਵਰਤੇ, ਜੋ ਅੰਦਰੋਂ ਆਪ ਹੋਏ ਕਮਾਇਆ।
ਝੂਠ ਬੋਲੇ, ਝੂਠ ਕਮਾਏ, ਜਿਸ ਅੰਦਰ ਹੈ ਝੂਠੀ ਮਾਇਆ।
ਜਿਨ੍ਹਾਂ ਸੱਚ ਬੁਝਿਆ ਹਾਕਮ ਤਿੰਨ੍ਹਾਂ ਨਹੀਂ ਭੇਖ ਬਣਾਇਆ।

ਜਿਵੇਂ ਕਾਠ' ਚੋਂ ਸਮਾਨ ਅੱਗ, ਢੰਗ ਸੇ ਵਿਸ਼ੇਸ਼ ਕਰਾਈਏ।
ਤਿਵੇਂ ਸਮਾਨ ਸਾਖੀ ਜੋਤ, ਗਿਆਨ ਸੇ ਵਿਸ਼ੇਸ਼ ਜਗਾਈਏ।
ਗੁਰੂ ਲਾਈਟਰ ਮਿਲੇ ਤਾਂ ਹੀ, ਬ੍ਰਹਮ 'ਮੈਂ' ਵਿਸ਼ੇਸ਼ ਪਾਈਏ।
ਬਿਨ ਜਾਗਤ ਜੋਤ ਹਾਕਮ ਹਨ੍ਹੇਰੇ' ਚ ਠੋਕਰਾਂ ਖਾਈਏ।

ਦੇਹੀ ਹੀ ਹਰ ਮੰਦਰ ਹੈ, ਸੋ ਗੁਰ ਬਿਨ ਸਮਝ ਨਾ ਆਏ।
ਕਣ ਕਣ ਵਿੱਚ ਹਰ ਵੱਸੇ, ਸੋ ਸਮਾਨ ਦੇਖਿਆ ਨਾ ਜਾਏ।
ਦੇਹੀ ਵਿੱਚ ਵਿਸ਼ੇਸ਼ ਹੈ, ਗੁਰ ਮਿਲ ਸਾਖੀ ਬਣੇ ਤਾਂ ਹੀ ਪਾਏ।
ਸਾਖੀ ਦੇਹੀ ਦੇਖੇ ਹਾਕਮ ਦੇਹੀ ਬਣੇ ਵਿਸ਼ੇਸ਼ ਨਾ ਰਹਾਏ।

ਇੱਕ ਅਨਾਦੀ ਬ੍ਰਹਮ' ਚ, ਅਧਿਅਸਤ ਹੋਈ ਕੁਦਰੱਤ।
ਕੁਦਰਤੀ ਪੰਜ ਤੱਤਾਂ ਤੋਂ, ਬ੍ਰਹਮੰਡ ਦੀ ਹੋਈ ਉਤਪਤ।
ਕਿਸ ਕਹੀਏ ਚੰਗਾ ਮੰਦਾ, ਕਿਸ ਨਾਲ ਕਰੀਏ ਲੁੱਤਘੁਤ।
ਆਪਣੇ ਸੱਭ ਹਾਕਮ ਕਿਉਂ ਵੱਖੋ ਵਖਰੇ ਬਣਾਏ ਮੱਤ।

ਗਿਆਨੀ ਐਸਾ ਨਿਰਮਲ ਚਾਹੀਏ, ਜੈਸਾ ਨਿਰਮਲ ਨੀਰ।
ਹੋਰਾਂ ਮੈਲ ਉਤਾਰਕੇ, ਬਦਲੇ ਨਾ, ਅਮਲ ਰਹੇ ਅਖੀਰ।
ਜੋ ਮਾਇਆ ਨੱਦੀ ਵਿੱਚ ਡੁੱਬਦੇ ਨੂੰ, ਲੰਘਾਏ ਪਾਰਲੇ ਤੀਰ।
ਸਹਾਇਕ ਬਣੇ ਹਾਕਮ ਨਾ ਬਣੇ ਮਾਇਆਵੀ ਗੁਰੂ ਪੀਰ।

ਰਾਮ ਕਹਿਨ ਨਾਲ ਭੇਦ ਹੈ, ਹੋਏ ਅਭੇਦ ਨਾ ਕਿਹਾ ਜਾਏ।
ਰਾਮ ਕਹੇ ਭੇਦ ਹੋਏ, ਅਭੇਦ ਹੋਏ ਰਾਮ ਸੰਗ ਸਮਾਏ।
ਵੱਖ ਹੋਏ ਸੁੱਖ ਨਹੀਂ, ਇੱਕ ਹੀ ਹੋ ਰਹੇ ਸੋਈ ਸੁੱਖ ਪਾਏ।
ਪੀਏ ਤ੍ਰੇਹ ਮਿੱਟੇ ਹਾਕਮ ਵੱਖ ਪਾਣੀ ਪਿਆਸ ਨਾ ਮਟਾਏ।

ਜੇ ਤਉ ਆਪਾ ਜਾਣਕੇ, ਰਾਮ ਪਉਣ ਦਾ ਇਸ਼ਕ ਸਤਾਏ।
ਸਿਰ ਧੜ ਤੋਂ ਉੱਚਾ ਉੱਠਕੇ, ਅਨੁਭਵੀ ਦੀ ਸ਼ਰਨ ਜਾਏ।
ਪਿੱਛੇ ਪੈਰ ਨਹੀਂ ਰਖੀਏ, ਅੱਗੇ ਜਾਏ ਸੋ ਗਿਆਨ ਹੀ ਪਾਏ।
ਕਹੇ ਗੁਰੂ ਹਾਕਮ ਸੋਈ ਮਨ ਚਿੱਤ ਲਾਕੇ ਕਾਰ ਕਮਾਏ।

ਗੁਰ ਬਿਨ ਗਿਆਨ ਨਹੀਂ, ਲੱਖ ਵੇਦ ਕਤੇਬ ਗ੍ਰੰਥ ਪੜ੍ਹੇ।
ਨਿਸ਼ਚੇ ਬਿਨ ਧਿਆਨ ਨਾਂਹੀ, ਅੱਖਾਂ ਮੀਟ ਇੱਕ ਟੰਗ ਖੜ੍ਹੇ।
ਸੱਚ ਬਿਨ ਸ਼ਾਖਸ਼ੀ ਨਹੀਂ, ਲੱਖ ਵਾਰੀ ਰਾਮ ਮੂੰਹ ਤੇ ਚੜ੍ਹੇ।
ਬਿਨ ਆਪਾ ਜਾਣੇ ਹਾਕਮ ਸਾਰੀ ਉਮਰ ਦੁੱਖਾਂ ਵਿੱਚ ਰੜ੍ਹੇ।

ਗੁਰ ਬਣਾ, ਸੇਵਾ ਨਾ ਕੀਤੀ, ਗਿਆਨ ਨਾ ਵਸਾਇਆ ਹਿਰਦੇ।
ਮਨ ਤਨ ਗੁਰੂ ਅੱਗੇ ਨਾ ਰਖਿਆ, ਬਣਕੇ ਭੂਤ ਫਿਰਦੇ।
ਪਹਿਲਾਂ ਮਰਨ ਕਬੂਲ, ਤਾਂ ਪਾਏ ਰਾਮ ਰਤਨ ਸਿਰ ਦੇ।
ਤਾਂ ਖੁਲ੍ਹੇ ਹਾਕਮ ਗੰਡ ਭੇਦ ਦੀ, ਦਰਸ਼ਨ ਹੋਣ ਥਿਰ ਦੇ।

ਗੁਰ ਮਿਲੇ, ਸਿਰ ਧੜ ਵਾਰੇ, ਸਾਖੀ ਵਿੱਚ, ਜੀਵਤ ਹੋਏ।
ਹੋਏ ਅਬਿਨਾਸ਼ੀ, ਸਰਵ ਵਿਆਪੀ, ਪੱਲਾ ਨਾ ਪਕੱੜੇ ਕੋਏ।
ਜਨਮ ਮਰਨ ਦਾ ਝੰਜਟ ਮੁੱਕੇ, ਇੱਕ ਰਹੇ ਨਹੀਂ ਦੋਏ।
ਫੁੱਲ ਬਣ ਮਹਿਕੇ ਹਾਕਮ ਕੰਡਿਆਂ ਵਿੱਚ, ਕਦੀ ਨਾ ਰੋਏ।

ਬਿਨ ਬੋਲੇ ਸੱਭ ਕੁੱਝ ਹੀ ਜਾਣਦਾ, ਕਿਸ ਅੱਗੇ ਰੋਣੇ ਰੋਏ।
ਨੱਕ ਰਗੜ, ਹੱਥ ਬੰਨ, ਕੁੱਤਾ ਬਣ ਨਾ ਜਾਣ ਧੋਣੇ ਧੋਏ।
ਸਰਵ ਦਾ ਸ਼ਾਖਸ਼ੀ ਬਣ, ਅਪਣਾ ਆਪਾ ਸੱਚ' ਚ ਪਰੋਏ।
ਸਿਰ ਮੌਰ ਹੋਏ ਹਾਕਮ ਜਦੋਂ ਸਵੈਮਾਨ ਪ੍ਰਗਟ ਹੋਏ।

ਗੁਰੂ ਮੁਰਦੇ ਵਿੱਚ ਜਾਣ ਪਾਏ, ਦੇਕੇ ਸੋ ਬ੍ਰਹਮ ਗਿਆਨ।
ਮੁਰਦਾ ਦੇਹੀ ਸਮਝਾ ਛਡਾਨ, ਜੀਵਤ ਸ਼ਾਖਸ਼ੀ ਬਣਾਨ।
ਇਹੀ ਕਲਾ ਹੈ, ਸ਼ਾਖਸ਼ੀ ਸੱਤ ਪ੍ਰਾਨ ਪਾਕੇ, ਮੁਰਦੇ ਜੀਵਨ।
ਦੇਹੀ ਕਬਰ ਚੋਂ ਹਾਕਮ ਕੱਡ ਜੀਵ ਬਣਾਨ ਭਗਵਾਨ।

ਕਰਮ ਧਰਮ ਨਿੱਤ ਨੇਮ, ਭਿੱਟ ਸੁੱਚ, ਵਿਕਾਰ ਵਧਾਏ।
ਆਥਣ ਉਗੱਨ ਪਾਠ ਪੂਜਾ ਕਰੇ, ਦੂਜਾ ਭੇਦ ਹੀ ਪਕਾਏ।
ਕਿੱਲੇ ਮੱਝ, ਗੇੜੇ ਕੱਡ, ਹੰਭ ਥੱਕ ਕੇ, ਉਸੇ ਥਾਂ ਹੀ ਰਹਾਏ।
ਬੰਦੀ ਬਣ ਸਜ਼ਾ ਭੋਗੇ ਹਾਕਮ ਆਜ਼ਾਦੀ ਦੀ ਮੌਜ ਗਵਾਏ।

ਸੋ ਹੰ ਅਤੀ ਹੀ ਸ਼ੂਖਸ਼ਮ ਹੈ, ਮਾਇਆ ਵਿੱਚ ਸਮਾਏ।
ਸੁਰਤੀ ਅਤੀ ਸ਼ੂਖਸ਼ਮ ਨਾਲ ਹੀ, ਅਨਭਿਵ ਕੀਤਾ ਜਾਏ।
ਸ਼ਥੂਲ ਬੁੱਧੀ ਨਾਲ, ਬਾਹਰ ਭਾਲਦਾ ਹੀ ਵਿਸ਼ੇ, ਮਾਰ ਖਾਏ।
ਮੋਟੇ ਦਿਮਾਗ਼ੀ ਨੂੰ ਹਾਕਮ ਭੇਖੀ ਹੀ, ਗਦੀ ਗੇੜ ਵਿੱਚ ਪਾਏ।

ਆਪ ਪਛਾਣੇ, ਹਰ ਮਿਲੇ, ਕਦੀ ਨਾ ਜੰਮਨਾ ਮਰਨਾ ਹੋਏ।
ਦੇਹੀ ਚਿੱਕੜ ਵਿੱਚ ਮਨ ਰੱਖਕੇ, ਤਰ ਨਾ ਸਕਿਆ ਕੋਏ।
ਭੇਖੀ ਪਖੰਡੀਆਂ ਦੇ ਅੱਡੇ ਚੜਕੇ, ਅਗਲੀ ਗਿੱਲ ਵੀ ਖੋਏ।
ਦੇਹੀ ਉੱਤੇ ਹਾਕਮ ਕਲਪਤ ਧਰਮਾਂ' ਚ ਦੇਣ ਖਬੋਏ।

ਮਨਦੇ ਮੋਟੇ, ਕਹਿਆਂ ਵੀ, ਆਪਣਾ ਵਡੱਪਨ ਨਾ ਜਾਨਣ।
ਅਕਲ ਨਾ ਮੱਤ ਬੁੱਧ, ਕਹਿਆਂ ਸੱਤ ਮੈਂ ਸਾਖੀ ਨਾ ਮਾਨਣ।
ਗਦੋਂ ਸੋਚ, ਹਨ੍ਹੇਰੇ ਵਿੱਚ ਟੀਟਨੇ ਮਾਰੇ, ਜਾਣੇ ਨਾ ਚਾਨਣ।
ਜੋ ਕਹਿਆਂ ਜਾਨਣ ਹਾਕਮ ਉਹ ਥੋਥੀ ਖੇਹ ਨਾ ਛਾਨਣ।

ਸੰਸਾਰੀ ਪਾਤਸ਼ਾਹੀਆਂ ਕੂੜੀਆਂ, ਮਿਥਿਆ ਸੁਪਨ ਸਮਾਨ।
ਮਿੱਟ ਜਾਣ, ਸਥਿਰ ਨਾ ਰਹਿਨ, ਪਾਤ ਇੱਛਾ ਰਹੇ ਸੋ ਨਾਮ।
ਪਾਤ ਕਰੇ ਇੱਛਾ ਮਾਇਆਵੀ, ਸੱਤ ਹੋਏ ਸਾਖੀ, ਆਪਾ ਜਾਨ।
ਵਿਆਪਕ ਹੋਏ ਹਾਕਮ ਤਜ ਮਾਇਆ ਦੇਹ ਅਭਿਮਾਨ।

ਜੇ ਪਰੇ ਮੈਂ, / ਪ੍ਰੇਮ ਦੀ ਇੱਛਾ, ਹੋਏ ਸਿਰ ਧੜ ਨਾ ਜਾਣੇ ਆਪ।
ਮੈਂ ਕਉਣ ਹਾਂ? ਕਰੇ ਪ੍ਰਸ਼ਨ ਗੁਰੂ ਨੂੰ, ਸੋ ਆਪਾ ਜਾਂਦੇ ਭਾਪ।
ਛੱਡੇ ਨਾ ਦੇਹੀ, ਉਸ ਪਉਣਾ ਕੀ! ਬੈਠਾ ਬਾਹਰ ਰੱਬ ਥਾਪ।
ਰੱਬ ਥਾਪਕੇ ਹਾਕਮ ਦੂਰੀ ਪੱਕੀ ਕਰੇ ਬਣ ਮਾਈ ਬਾਪ।

ਦੇਹੀ ਤਜੇ, ਰੱਬ ਲੱਭੇ, ਹੋਏ ਅੰਦਰ ਸਹਿਜ ਸੁੱਖ ਵਾਸ।
ਜਾਗ੍ਰਤ ਨਾ ਸੁਪਨ, ਰਹੇ ਤੁਰੀਆ, ਤਿੱਥੇ ਭੁੱਖ ਨਾ ਪਿਆਸ।
ਦੁੱਖ ਸੁੱਖ ਭੁੱਖ ਰਹੇ ਨਾ, ਜਿੱਥੇ ਹੋਏ, ਸ਼ਾਖਸ਼ੀ ਪਰਗਾਸ।
ਸੋ ਰੱਬ ਹੈ ਹਾਕਮ ਜੋ ਨਿਰਮਲ ਅਕਰੇ ਵਾਂਗ ਅਕਾਸ।

ਗੁਰੂ ਨਾ ਲੱਭੇ, ਸ਼ਬਦ ਨਾ ਸੁਣੇ, ਕਰੇ ਨਾ ਆਤਮ ਵਿਚਾਰ।
ਉਸਨੂੰ ਸਿਆਣਾ ਨਾ ਆਖੀਏ, ਸਮਝੇ ਪਸ਼ੂ ਢੋਰ ਗਵਾਰ।
ਕੇਵਲ ਦੇਹੀ ਬਣ, ਪੇਟ ਭਰਨ ਦਾ, ਦਿਨ ਰਾਤ ਵਿਹਾਰ।
ਸੱਤ ਨਾ ਜਾਣੇ ਹਾਕਮ ਸੋ ਹੰ ਹਰ ਨਾਲ ਨਾ ਕਰੇ ਪਿਆਰ।

ਸੋ ਹੰ ਗਿਆਨ ਧਿਆਨ ਨਹੀਂ, ਹਰ ਸਿਉਂ ਨਾ ਪ੍ਰੀਤ ਪਿਆਰ।
ਦਿਨ ਰਾਤ ਮੋਏ ਵਿਹਾਰ' ਚ, ਕੀਤੀ ਕੂੜ ਕਪਟ ਦੀ ਕਾਰ।
ਸ਼ਾਖਸ਼ੀ ਜੀਵਤ ਮੈਂ ਨੂੰ ਨਾ ਪਾਏ, ਮੁਰਦਾ ਬਣੇ ਵਾਰ ਵਾਰ।
ਸਾਖੀ ਤਜ ਹਾਕਮ ਦੇਹੀ ਬਣ ਜੀਵੇ, ਸਦ ਵਾਰ ਧ੍ਰਿਕਾਰ।

ਸ਼ਾਖਸ਼ੀ ਮੈਂ ਦੀ ਨਾ ਜਾਤ ਪਾਤ, ਗ੍ਰਹਿ ਗ੍ਰਾਮ ਥੇਹ ਨਹੀਂ ਥਾਉ।
ਅਕਰੇ, ਅਬਿਨਾਸ਼ੀ, ਆਏ ਜਾਏ ਨਾ ਭਰਮੇ, ਨਾ ਭਰਮਾਉ।
ਜਾਣੇ ਇਸਨੂੰ, ਹੋਏ ਅਨਾਦਿ, ਆਦਿ ਅੰਤ ਵਿੱਚ ਸਮਾਉ।
ਸੁਰਗ ਹੈ ਹਾਕਮ ਆਪਣਾ ਆਪਾ ਸ਼ਾਖਸ਼ੀ ਸ੍ਵੈਰਗ ਪਾਉ।

ਸਾਖੀ ਮੈਂ ਸੱਤ' ਚ ਰੱਤੇ, ਲਭ ਲਉ, ਹੈਣ ਵਿਰਲੇ ਸੰਸਾਰ।
ਤਿੰਨ੍ਹ ਮਿਲਿਆਂ, ਮੈਂ ਮਿਲੇ, ਮੈਂ ਮਿਲੇ, ਹੋਏ ਭਵਸਾਗਰ ਪਾਰ।
ਸੋਹਝੀ ਪਾਏ, ਮੈਂ ਦੀ, ਤਜ ਭੇਖ ਪਖੰਡ ਕਪਟ ਵਿਕਾਰ।
ਖੱਪ ਖੱਪ ਨਾ ਮਰੇ ਹਾਕਮ ਮੈਂ ਪਾਣ ਲਈ ਕਰੇ ਵਿਹਾਰ।

ਬੁੱਤ ਅੱਗੇ ਨਿਵੇਂ, ਕਰੇ ਪਰਕਰਮਾ, ਕਰੇ ਲੋਕ ਦਿਖਾਵਾ।
ਅੱਗੇ ਬੈਠ ਭਜਨ ਕੀਰਤਨ ਗਾਏ, ਰੋਟੀਆਂ ਦੇ ਉਪਾਵਾ।
ਮੁੱਖੋਂ ਰਾਗ ਅਲਾਪੇ, ਭੇਟਾ ਨਹੀਂ ਮਿਲੇ, ਤਾਂ ਲੱਗੇ ਪਛਤਾਵਾ।
ਅੱਖਾਂ ਮੀਚਨ ਹਾਕਮ ਪਖੰਡ ਕਰਦਿਆਂ ਸ਼ਰਮ ਆਵਾ।

ਧਰਮ ਕਰਮ ਪਖੰਡ, ਤਿੰਨ ਕੰਮ ਕਰਨ, ਦੁੱਖ ਦੇਨ।
ਧਰਮ ਜੰਮ ਬਣੇ, ਕਰਮ ਡੰਭ ਲਾਏ, ਪਖੰਡ ਲੁਟੇਨ।
ਧਰਮੀ ਲਈ, ਧਰਮ ਜੰਮ, ਕਰਮ ਕਰਾ, ਪੈਸੇ ਕਡੇਨ।
ਬਚਕੇ ਰਹਿ ਹਾਕਮ ਮਾਇਆ ਵਾਸਤੇ ਪਖੰਡੀ ਫਸੇਨ।

ਬੇਦ ਗ੍ਰੰਥ ਸ਼ਾਸ਼ਤਰ ਪੜ੍ਹਕੇ, ਆਪਣੀ ਮੈਂ ਨਾ ਪਾਏ ਕੋਏ।
ਦਿਨ ਰਾਤ ਪੂਜਾ ਪਾਠ ਕਰੇ, ਕਰਮਾਂ' ਚ ਫੱਸੇ, ਸੱਭ ਰੋਏ।
ਇੱਕ ਅੱਖਰ ਸੋ ਮੈਂ ਜੋ ਖੋਜੇ, ਤਿਸਨੂੰ ਸੱਭ ਸੋਹਝੀ ਹੋਏ।
ਮੈਂ ਜਾਣ ਹਾਕਮ ਬ੍ਰਾਹਮਣ ਖਤ੍ਰੀ ਵੈਸ਼ ਇੱਕ ਸੋਏ।

ਸਰਵ ਵਿੱਚ, ਸੋ ਹੰ ਸੋ ਮੈਂ ਸ਼ਾਖਸ਼ੀ, ਵਿਆਪਕ ਇੱਕ ਸਾਰ।
ਮੈਂ ਜਾਣੇ, ਤਨ ਦੀ ਰਤ ਨ ਕਰੇ, ਸੋ ਖਾਏ ਨਾ ਜੰਮ ਦੀ ਮਾਰ।
ਜੱਗ' ਚ ਰਹੇ ਪ੍ਰਸ਼ੰਨ, ਸੋ ਹੰ ਰੱਖ ਮਨ, ਅਪਰ ਅਪਾਰ।
ਹੋਏ ਅਕਹਿ ਸੁੱਖ ਹਾਕਮ ਕਥਿਆ ਨਾ ਜਾਏ ਇੱਕ ਵਾਰ।

ਲੋਹਾ ਤਰੇ ਸੰਗ ਕਾਸਟ, ਸੂਰਖ ਤਰੇ ਸਾਧ ਸੰਗ ਲਾਗ।
ਗੁਰ ਸ਼ਬਦ ਹਿਰਦੇ ਵਸਾਏ, ਅਗਿਆਨ' ਚ ਉੱਠੇ ਜਾਗ।
ਸੋ ਹੰ ਪ੍ਰਕਾਸ਼ ਹੋਏ, ਵਹਿਮ ਭਰਮ ਸਰਬ ਜਾਣ ਭਾਗ।
ਮੈਂ ਮਨੀ ਨਾਲ ਹਾਕਮ ਡੱਸ ਨਾ ਸਕੇ ਮਾਇਆ ਕਾਲਾ ਨਾਗ।

ਤੰਨ ਪਿੰਜਰ ਹੋਇਆ ਸੁੱਕ ਕੇ, ਮਾਸ, ਅੱਖਾਂ ਬਣੀਆਂ ਖੁੱਡਾਂ।
ਸਾਰੀ ਉਮਰ ਮੱਥੇ ਰਗੜੇ, ਸਾਖੀ ਦੀ ਸੋਝੀ ਨਾ ਪਾਈ ਸੁੱਡਾਂ।
ਸਾਖੀ ਸੰਗੀ ਆਖਣ ਮਗਰੋਂ ਲੈਅ, ਦਿਮਾਗ ਹੋ ਗਿਆ ਖੁੰਡਾ।
ਦਮ ਤੋੜਿਆ ਹਾਕਮ ਮਰੀ ਮਿੱਟੀ ਰੱਖ ਦਿੱਤੀ ਹੇਠ ਖੁੰਡਾਂ।

ਝੂਠ ਪੜ੍ਹਨਾ, ਕੂੜ ਸੋ ਗਉਣਾ, ਜੇ ਮਾਇਆ ਨਾਲ ਪਿਆਰ।
ਬਿਨ ਜਾਪੇ ਸਹੁ, ਸੁੱਖ ਨਾ, ਸੁਣ ਗ੍ਹਾ ਭਜਨ ਹੋਏ ਖ਼ੁਆਰ।
ਆਪਾ ਚੀਨੇ ਬਿਨ, ਵਿਸ਼ਿਆਂ ਦਾ ਨਾ ਉੱਤਰੇ, ਵਾਸ਼ਨਾ ਬੁਖ਼ਾਰ।
ਮੰਗਤਾ ਬਣਕੇ ਹਾਕਮ ਨਾ ਗਾਹ, ਐਵੇਂ ਬਣ ਨਾ ਲਾਚਾਰ।

ਮਨ ਨਾਲ ਝਗੜਾ, ਮਨ ਨਾਲ ਪੰਚਾਇਤ, ਮਨ ਹੀ ਪੰਚ।
ਮਨ ਜੋ ਕਰੇ ਸੋ ਪਾਏ, ਢੌਂਗੀ ਬਣ ਨੱਚੇ, ਉਤੇ ਜੱਗ ਮੰਚ।
ਥਿਰ ਨਾ ਰਹੇ, ਭਟਕੇ ਚੋਟਾਂ ਖਾਏ, ਟੁੱਟ ਜਾਏ ਵਾਂਗ ਕੰਚ।
ਝੂਠਾ ਹਾਕਮ ਝੂਠ ਬੋਲ ਖਾਏ, ਸੋ ਸੱਚ ਦਾ ਨਾ ਕਰੇ ਲੰਚ।

ਮਨ ਮਾਰੇ ਸੋਧੇ, ਆਪਾ ਬੂਝੇ, ਪੈਣ ਨਾ ਅਣਹੋਏ ਸਿਆਪੇ।
ਤ੍ਰੈਭਵਨ ਸੂਝੇ, ਸ਼ਾਖਸ਼ੀ ਬੂਝੇ, ਸਦਾ ਹੋ ਰਹੇ ਇੱਕਲਾਪੇ।
ਝੰਜਟ ਮੁਕੱਨ, ਕਸ਼ਟ ਸੁਕੱਨ, ਸੌ ਸੁੱਖ ਹਰ ਮਿਲਾਪੇ।
ਸਾਖੀ ਹੋ ਹਾਕਮ ਸੋ ਸਹੁ ਦਿਸੇ, ਸਰਵਮਈ ਹਰ ਆਪੇ।

ਸੋ ਹੰ ਸੋ ਜਾਕੇ ਮਨ ਵਸਤ, ਪੁੰਨ ਪਾਪ ਨਾ ਢੁੱਕਨ ਨੇੜੇ।
ਸੋ ਹੰ ਮੈਂ ਜਾਣ, ਨਰਕ ਸੁਰਗ ਦਾ ਮਨ ਬੋਝ ਨਾ ਸਹੇੜੇ।
ਆਪ ਤਰੇ ਹੋਰਨਾਂ ਤਾਰੇ, ਚੜਾਕੇ ਸੋ ਹੰ ਗਿਆਨ ਦੇ ਬੇੜੇ।
ਮਾਇਆ' ਚ ਹਾਕਮ ਨਾ ਡੁੱਬਨ, ਦੇਹੀ ਪਾਰ ਲੰਗੇ ਜਿਹੜੇ।

ਮਨ ਜੜ ਪੂਜ ਡੁੱਬਾ, ਜਿਵੇਂ ਗਦੇ ਨੂੰ ਰੂੰ ਨੇ ਪਾਣੀ' ਚ ਡੋਬਾ।
ਗਿਆਨ ਛੱਡਕੇ ਲੱਗੇ ਲੋਭਾ, ਬੁੱਤਾਂ ਅੱਗੇ ਨਿਵੇਂ, ਨਹੀਂ ਸੋਭਾ।
ਸੋ ਅੰਧਵਿਸ਼ਵਾਸੀ ਗੁਨਾਹਗਾਰ ਨੂੰ, ਝੱਲੇ ਖੂਹ ਨਾ ਢੋਬਾ।
ਬਿਨ ਆਤਮ ਗਿਆਨ ਹਾਕਮ ਛੁੱਟੇ ਨਾ ਮਾਇਆ ਦਾ ਖੋਭਾ।

ਕੁੱਝ ਭੇਡਾਂ ਚਾਲੀ ਨੇ ਡੋਬੇ, ਕੁੱਝ ਅਗਿਆਨ ਨੇ ਕੀਤੇ ਮੂਧੇ।
ਕੁੱਝ ਭੇਖੀ ਪਰਚਾਰ ਦੇ ਹੱਥੀਂ ਚੜਗੇ, ਅਕਲ ਦੇ ਸੂਧੇ।
ਜਿਵੇਂ ਬਗਿਆੜ, ਭੇਡੂ ਨੂੰ ਖਾਏ, ਅੱਖਾਂ ਮੀਟ ਲਏ, ਨਾ ਕੂਦੇ।
ਗੂੰਗਿਆਂ ਤੋਂ ਹਾਕਮ ਭੇਖੀ ਪੈਸੇ ਨਾਲ ਭਰ ਲਏ ਕੂਜੇ।

ਸੰਤ ਸ਼ਰਨ ਪਾਈਏ, ਤਰੀਏ, ਰੋਨਾ ਝੋਣਾ ਛੁੱਟੇ ਬੇਵਜ੍ਹਾ।
ਸੁਤੰਤਰ ਸੰਤ ਕਰਨ, ਸਮਝਾ ਆਤਮ ਤੱਤ ਗੋਹਝਾ।
ਸਮਝ ਪਾਕੇ ਆਪੇ ਦੀ, ਸ਼ਰ੍ਹਾ ਬੰਧਨਾਂ ਤੋਂ ਸੁਰਖਰੂ ਹੋਜਾ।
ਸਿਰ ਚੁੱਕ ਹਾਕਮ ਆਪਣੇ ਆਪੇ' ਚ ਹਰ ਸਮੇਂ ਖੋਹਜਾ।

ਅਗਿਆਨ ਦੀ ਝੂਠੀ ਸ਼ਰ੍ਹਾ ਨੀਂਦ ਚੋਂ, ਜਾਗਕੇ ਬਾਹਰ ਆ।
ਚਿੱਕੜ' ਚੋਂ ਆਪ ਨਿਕਲ, ਬੱਚੇ ਨਾ ਗੰਦੇ ਗ਼ਾਰੇ ਵਿੱਚ ਫਸਾ।
ਘਾਣੀ' ਚ ਫਸੇ ਰੋਂਦੇ ਰਹਿਨਗੇ, ਨਾ ਸਕਨਗੇ ਹੱਸ ਹੱਸਾ।
ਸ਼ਰ੍ਹਾ' ਚ ਹਾਕਮ ਫੱਸਕੇ ਮਾਰੇ ਜਾਣ ਬਹੁਤ ਬੇਗੁਨਾਹ।

ਅਗੈ, ਅਗੋਚਰ, ਇੱਕ ਰਸ, ਸੋ ਨਿਰਬਾਨੀ, ਨਿਰਵਾਨ।
ਕੀ ਸੁਣੀਏ, ਕੀ ਪੜ੍ਹੀਏ, ਐਸਾ ਅਕਰੇ ਅਮਰ ਭਗਵਾਨ।
ਪੜ੍ਹੇ ਸੁਣੇ ਕੀ ਹੋਏ, ਜੇ ਮਨੋ ਨਾ ਜਾਏ, ਮਿਥਿਆ ਅਗਿਆਨ।
ਦੋ ਅੱਖਰ ਪ੍ਰੇਮ ਦੇ ਹਾਕਮ ਪੜ੍ਹੇ, ਮਨੋਂ ਜਾਏ ਅਭਿਮਾਨ।

ਪੜ੍ਹੇ ਸੁਣੇ ਨਾ ਸਹਿਜ ਪਾਏ, ਜੇ ਅਗਿਆਨ ਨਹੀਂ ਨਸਾਏ।
ਬਿਨ ਗੁਰ, ਪੜ੍ਹੇ ਸੁਣੇ, ਸਮਝ ਨਾ ਆਏ, ਭਰਮ ਭੁਲਾਏ।
ਬਿਨ ਸਮਝ ਪੁਸੱਤਕ ਦੀ, ਘੁੰਮਣ ਘੇਰੀ' ਚ ਡੁੱਬ ਜਾਏ।
ਮਲਾਹ ਬਿਨ ਹਾਕਮ ਕਉਣ ਬੇੜੀ ਨਦੀਉਂ ਪਾਰ ਲਾਏ।

ਬ੍ਰਹਮ ਵਿਚਾਰ ਨਾ, ਸੋ ਗੁਰ ਬਿਨ ਜਾਏ ਵਿਚਾਰੀ, ਸੁਣਾਈ।
ਲੋਕਾਂ ਬ੍ਰਹਮ ਵਿਚਾਰ, ਡਫਲੀ, ਵਾਜੇ ਵਜਾ ਗੌਣ ਬਣਾਈ।
ਸ਼ਬਦ ਕੀਰਤਨ ਨਾਮ ਰੱਖ, ਰੋਟੀ ਦੀ ਕਰਨ ਕਮਾਈ।
ਮੂੰਹੋਂ ਰਾਮ ਬਗ਼ਲ ਛੁਰੀ ਹਾਕਮ ਸੋਹਣਾ ਫੱਬੇ ਕਸਾਈ।

ਬ੍ਰਹਮ ਵਿਦਿਆ ਕਠਨ ਪਾਏ, ਜੋ ਪਹਿਲੇ ਤਜੇ ਸਰੀਰ।
ਬ੍ਰਹਮ ਗਿਆਨ ਦਾ ਅਧਿਕਾਰੀ, ਜੋ ਦੇਹੀ ਦੀ ਲੰਘੇ ਲਕੀਰ।
ਗ੍ਰਹਸਤ' ਚ ਰਹਿ ਕੇ, ਹੋਕੇ ਨਿਰਮਾਨ, ਸੋ ਬਣੇ ਵਜ਼ੀਰ।
ਸਿਰ ਦੀ ਬਾਜ਼ੀ ਲਾਏ ਹਾਕਮ ਮਿਲੇ ਸੋ ਪਾਤਸ਼ਾਹੀ ਅਖੀਰ।

ਜੱਗ ਜਾਦੂਗਰੀ ਦਾ ਖੇਲ ਹੈ, ਇਸ' ਚੋਂ ਕੁੱਝ ਹੱਥ ਨਾ ਆਏ।
ਅੰਦਰੋਂ ਖੋਜ ਹਰ ਰੋਜ, ਸੰਭਾਲ ਵੱਤ ਸੋ ਸੁੱਕ ਨਾ ਜਾਏ।
ਇੱਥੋਂ ਪੈਰ ਤਿਲਕਿਆ, ਫਿਰ ਕੋਈ ਥੋਹ ਟਿਕਾਣਾ ਨਾ ਪਾਏ।
ਤਮਾਸ਼ੇ ਦੇਖ ਨਾ ਭੁੱਲੇ ਹਾਕਮ ਆਪਣੀ ਮੈਂ ਖੋਜ ਖਜਾਏ।

ਜਾਦੂਗ਼ਰ ਡੁੱਗਡੁੱਗੀ ਵਜਾਏ,ਲੋਕ ਭੀੜ ਇੱਕਠੀ ਹੋਏ।
ਭਾਂਤ ਭਾਂਤ ਦੇ ਖੇਲ ਦੇਖਕੇ, ਖਾਲੀ ਹੱਥ ਗਏ ਸੱਭ ਕੋਏ।
ਬਾਜੀਗ਼ਰ ਖੇਡ ਮੁਕਾਏ, ਭੀੜ ਹਟੇ, ਸੋ ਇਕੱਲਾ ਰਹੋਏ।
ਜੱਗ ਸੁਪਨ ਸਮਾਨ ਹਾਕਮ ਸੋ ਕੁੱਝ ਹੱਥ ਨਾ ਲਗੋਏ।

ਬ੍ਰਹਮ ਵਿੱਚ ਮਾਇਆ ਖਿਨ' ਚ ਪ੍ਰਗਟੇ, ਖਿੰਨ' ਚ ਛਪੋਏ।
ਸੋ ਹੰ ਸ਼ਾਖਸ਼ੀ ਹੋਏ, ਮਾਇਆ ਰੰਗ ਦੇਖ ਨਹੀਂ ਹੱਸੇ ਰੋਏ।
ਆਪਾ ਨਾ ਭੁੱਲੇ, ਨਾਮ ਰੂਪ ਤੇ ਨਾਂ ਡੁਲ੍ਹੇ, ਬ੍ਰਹਮ' ਚ ਸਮੋਏ।
ਦ੍ਰਿਸ਼ਟਾ ਰਹੇ ਹਾਕਮ ਦ੍ਰਿਸ਼ ਬਣਕੇ ਭੀੜ' ਚ ਨਾ ਰਲੋਏ।

ਰਾਮ ਰਾਮ ਕਰਦਾ ਮਨ ਫਿਰੇ, ਮਨ' ਚ ਨਾ ਪਾਇਆ ਜਾਏ।
ਹਿਰਦੇ ਵਿੱਚ ਰਾਮ ਵਸੇ, ਜੋ ਮਨ ਕਰੇ, ਰਾਮ ਜਾਣੇ ਸਾਏ।
ਮਨ ਜੋ ਬੋਲੇ ਸੋਚੇ ਕਰੇ, ਸਾਖੀ ਜਾਣੇ, ਨਹੀਂ ਕਹੇ ਸੁਣਾਏ।
ਸੋਈ ਖੋਜ ਹਾਕਮ ਮਿਲਿਆ ਮਿਲੇ, ਬੋਲ ਨਾ ਮਾਰ ਖਾਏ।

ਬੋਲ ਬੋਲ ਵਧੇ ਵਿਕਾਰ, ਦੇਹੀ ਦ੍ਰਿੜ੍ਹ ਹੋਏ, ਸੋ ਰਾਮ ਦੂਰ।
ਦੇਹੀ ਬਣ ਸ਼ਾਖਸ਼ੀ ਢੂੰਡੇ, ਹੱਥ ਨਾ ਆਏ ਜਿਉਂ ਲੱਡੂ ਬੂਰ।
ਦੇਹੀ ਤਜ, ਰਾਮ ਪਛਾਣ, ਸੋ ਹੰ ਜਾਣ, ਰਾਮ ਮਿਲੇ ਜ਼ਰੂਰ।
ਸੋ ਮੈਂ ਰਾਮ' ਚ ਰਮਜਾ ਹਾਕਮ ਛੱਡਕੇ ਦੇਹੀ ਦਾ ਗ਼ਰੂਰ।

ਸੱਭੋ ਘੱਟ ਰਾਮ ਵੱਸੇ, ਸੋ ਬਿਨ ਰਾਮ ਘੱਟ ਨਾ ਕੋਈ ਖਾਲੀ।
ਸਭਨੀਂ ਘੜੀਂ ਅਕਾਸ਼ ਇੱਕ ਹੀ, ਅਖੰਡ ਰਹੇ ਨਾ ਵੰਡਾਲੀ।
ਆਪ ਕਰਤਾ ਭੁਗਤਾ ਸੱਭ ਦੇਖੇ, ਆਪ ਨਾ ਦੇਵੇ ਦਖਾਲੀ।
ਦ੍ਰਿਸ਼ਟਾ ਬਣ ਹਾਕਮ ਬਾਹਰੋਂ ਉਤਾਰ ਭੇਖ ਜਾਹਲੀ।

ਧਰਮ / ਧਰ' ਮ, ਧੁਰ ਮੈਂ, ਧਿਰ ਮੈਂ, ਅਧਾਰ ਮੈਂ ਸੋ ਬ੍ਰਹਮ।
ਧਰਮ ਧਾਰੇ ਬੁੱਧੀਮਾਨ, ਦੇਹੀ ਤਜੇ, ਧਾਰੇ ਮੈਂ ਬਿਸਰਾਮ।
ਧਾਰੇ ਮੈਂ ਸਰਬ ਇੱਕ ਰਸ ਸਹਿਜ ਧਰਮ ਰੂਪ ਰਾਮ।
ਧਰਮ ਧਾਰੇ ਹਾਕਮ ਦੇਵ ਤ੍ਰੈਲੋਕੀ ਦਾ ਮੈਂ ਸ਼ਾਖਸ਼ੀ ਮਾਨ।

ਧਰਮ ਬੇਮੁੱਖ ਨਰ, ਦੇਹੀ ਨਰਕ ਵਿੱਚ ਹੀ ਸੋ ਰਹਾਤ।
ਦੇਹੀ ਦੀ ਧਿਰ ਮੈਂ, ਅਧਾਰ ਮੈਂ, ਸੋ ਛੱਡਕੇ ਧਰਮੀ ਕਹਾਤ।
ਦੇਹੀ ਸ਼ਾਖਸ਼ੀ ਮੈਂ ਧਰਮਸਾਰ, ਨਾ ਆਪ ਨੂੰ ਬਣਾਵਤ।
ਧਰਮ ਜਾਂ ਸਾਖੀ ਮੈਂ ਹਾਕਮ ਇੱਹ ਹੀ ਲਖਸ਼ ਕਹਾਵਤ।

ਸੋ ਧਰਮ ਬਿਨਾਂ / ਸਾਖੀ ਹੋਏ ਬਿਨਾਂ, ਕੋਈ ਗਿਆਨੀ ਹੀ ਨਾਹਿ।
ਸੰਤ ਧੰਨ ਧਰਮ ਹੈ, ਬਿਨ ਸਾਖੀ ਤਨ ਬਿਨਸ ਜਾਹਿ।
ਧਰਮ ਧਰੋ ਨਿੱਤ ਚਿੱਤ, ਸੋ ਹੰ ਮੈਂ ਧਰ, ਮੈਂ ਹੀ ਹੋ ਰਹਾਇ।
ਧਰਮ ਕਰਮ ਹਾਕਮ ਸੱਤ ਚਿੱਤ ਨੰਦ ਬ੍ਰਹਮ ਪਾਇ।

ਅਹਿੰਸਾ ਖਿਮਾ ਸੱਤ ਨਿਮਰਤਾ ਦਇਆ ਆਤਮ ਗਿਆਨ।
ਅਚਿੰਤਾ ਸੰਤੋਖ ਨਿਡਰਤਾ ਸਹਿਜ ਧਰਮ ਅੰਗ ਜਾਨ।
ਐਸਾ ਧਰਮ ਧਾਰੇ, ਜਾਣੇ ਮੈਂ ਸ਼ਾਖਸ਼ੀ, ਏਹੀ ਅੰਮ੍ਰਿਤਪਾਨ।
ਅਮਰ ਹੋਏ ਹਾਕਮ ਸੋ ਸਦਾ ਸੁਖੀ ਰਹੇ ਵਿੱਚ ਜਹਾਨ।

ਖਿਮ੍ਹਾ ਸਮਾਨ ਤਪ ਨਹੀਂ, ਦੇਹੀ ਹੀ ਮੈਂ, ਸਮਾਨ ਗੱਪ ਨਹੀਂ।
ਬ੍ਰਹਮ ਗਿਆਨ ਜਿਹਾ ਦਾਨ ਨਾ, ਮੈਂ ਜਾਣੇ ਜੇਹਾ ਜੱਪ ਨਹੀਂ।
ਦ੍ਰਿਸ਼ ਸਮਾਨ ਝੂਠ ਨਹੀਂ, ਸ਼ਾਖਸ਼ੀ ਮੈਂ ਸਮਾਨ ਸੱਚ ਨਹੀਂ।
ਆਪ ਸਵਾਰੇ ਮੈਂ ਮਿਲੇ ਹਾਕਮ ਮੈਂ ਮਿਲੇ ਬਿਨ ਸੱਤ ਨਹੀਂ।

ਨਾਰ ਸੋਭੇ ਪਤੀਵਰਤਾ ਕਰ, ਨਾਗ ਸੋਭੇ ਸੋ ਮਨੀ ਧਾਰ।
ਸੰਤ ਸੋਭਨ ਗਿਆਨ ਕਰ, ਹੱਥ ਸੋਭੇ ਕਰੇ ਉਪਕਾਰ।
ਜਲ ਸੋਭੇ ਮਿਠਾਸ ਕਰ, ਸੋ ਸ਼ਾਖਸ਼ੀ ਸੋਭੇ, ਦੇਹੀ ਮੈਂ, ਮਾਰ।
ਮਨੁੱਖ ਸੋਭੇ ਹਾਕਮ ਜੇ ਦੂਜੇ ਨੂੰ ਸੁੱਖ ਦੇਵੇ, ਦੁੱਖ ਟਾਰ।

ਵਿਦਵਾਨ ਸੋਭੇ, ਅਗਿਆਨ ਹਰੇ, ਸੋ ਨਾਲ ਨਿੱਜੀ ਗਿਆਨ।
ਸਭਾ ਸੋਭੇ, ਹੋਣ ਸੁਆਰਥਹੀਨ, ਅਨੁਭਵੀ, ਵਿਦਵਾਨ।
ਕੁਲ ਸੋਭੇ, ਜੰਮੇ ਅਨੁਭਵੀ ਦਾਤਾ, ਸੂਰਮਾ, ਪਹਿਲਵਾਨ।
ਜੱਗ ਵਿੱਚ ਸੋਈ ਸੋਹੇ ਹਾਕਮ ਕਰੇ ਆਪੇ ਦੀ ਪਹਿਚਾਨ।

ਕਰਾਏ ਅੰਮ੍ਰਿਤ ਪਾਨ, ਹੋ ਜਾਏ ਬਿੱਖ ਸਮਾਨ, ਨਾ ਪਿਆਉ।
ਮੋਤੀ ਖਾਏ ਹਲਕੇ ਕੁੱਤਾ, ਸੂਰ ਕੱਟੇ, ਸੋ ਨਾ ਮੋਤੀ ਖੁਆਉ।
ਬ੍ਰਹਮ ਵਿਦਿਆ, ਅਧਿਕਾਰੀ ਵਿਅਕਤੀ ਦੇਖਕੇ ਪੜ੍ਹਾਉ।
ਮੂਰਖ ਨੂੰ ਸਾਰ ਸੁਣਾ ਹਾਕਮ ਨਾ ਗਊ ਤੇ ਗਦੋਂ ਚੜ੍ਹਾਉ।

ਜੋ ਸੰਸਾਰੀ ਸੁਖੀ ਦੁੱਖੀ ਆਲਸੀ ਮੂਰਖ ਪੇਟੂ ਰੋਗੀ ਸੋਗੀ।
ਨਿਰਧਨੀ ਘੁਮੰਡੀ ਦੇਹ ਅਭਿਮਾਨੀ ਤੇ ਮਾਨਸਕ ਰੋਗੀ।
ਆਤਮ ਗਿਆਨ ਦੇ ਅਧਿਕਾਰੀ ਨਾ ਇਹ ਅਤੇ ਵਿਸ਼ੇ ਭੋਗੀ।
ਨਿੱਤ ਨਸ਼ਈ ਹਾਕਮ ਬੁੱਧੀ ਨਾ ਰੱਹੇ ਗਿਆਨ ਜੋਗੀ।

ਬਿਨ ਅੱਖਾਂ ਖੋਲ੍ਹੇ ਤੇ ਅੰਨ੍ਹੇ ਨੂੰ ਸ਼ੀਸ਼ੇ' ਚ ਆਪਾ ਨਾ ਦਿੱਖ ਆਏ।
ਮਨ ਦੀ ਅੱਖ ਬੁੱਧੀ ਖੋਲੇ ਬਿਨ, ਗਿਆਨ ਨਾ ਪਾਇਆ ਜਾਏ।
ਗੁਰ ਬਿਨ ਨਾ ਆਪਾ ਜਾਣੇ, ਨਾ ਸਿਆਣੇ, ਲੱਖ ਰਾਮ ਕਹਾਏ।
ਕਹਿਨ ਕਹਾਨ ਛੱਡੇ ਹਾਕਮ ਆਪਾ ਪਾ ਸਾਖੀ ਹੋ ਰਹਾਏ।

ਖਾਣਾ ਸੌਣਾ ਭੋਗਨਾ ਮਰਨਾ ਜੰਮਨਾ ਇੱਕ ਸਾਰ ਤਮਾਮ।
ਪੁੱਤ ਧੀ ਪਸ਼ੂ ਪੁਰਖ ਸਮਾਨ, ਪਸ਼ੂ ਮਰੇ ਵੀ ਕੰਮ ਆਨ।
ਗਿਆਨ ਨਾਲ ਨਰ ਵੱਡਾ, ਗਿਆਨਹੀਨ ਤੋਂ ਪਸ਼ੂ ਮਹਾਨ।
ਪਸ਼ੂਪੁਨਾ ਤਜ ਹਾਕਮ ਆਪਾ ਸੋ ਹੰ ਪਾ, ਬਣ ਭਗਵਾਨ।

ਪਤਵੰਤ ਕੁਲਵੰਤ ਧੰਨਵੰਤ ਸੁੰਦਰ ਰੂਪ ਅਪਾਰ।
ਗਿਆਨ ਧੰਨ ਨਾ ਪਾਏ, ਬੱਕਰੀ ਦੀਆਂ ਲੂਲਾਂ ਵਾਂਗ ਬੇਕਾਰ।
ਨਿਰਗੰਧ ਕੇਸੂ ਦੇ ਫੁੱਲਾਂ ਵਾਂਗ, ਬਾਹਰੋਂ ਸੋਹਣਾ ਅੰਗਾਰ।
ਬਾਹਰੋਂ ਚਮਕੇ ਹਾਕਮ ਅੰਦਰ ਭਰੀ ਕਾਲਖ ਭੰਗਾਰ।

ਗਿਆਨ ਬਿਨ ਸੋਹੇ ਨਾ ਨਰ, ਜਿਵੇਂ ਸੁਗੰਧੀ ਬਿਨ ਕੇਸੂ।
ਸੰਗਤ ਬਿਨ ਗਿਆਨ ਨਾ ਹੋਏ, ਸੱਚ ਦੇ ਨਾਂ ਤੇ ਪੈਣ ਪਿੱਸੂ।
ਵਿਚਾਰ ਦੀ ਗੱਲ ਨਾ ਸੁਣੇ, ਸੋ ਕੰਨ ਲਾਕੇ ਸੁਣੇ ਗੰਦੇ ਕਿੱਸੂ।
ਗਿਆਨ ਬਿਨ ਹਾਕਮ ਸੋ ਅਗਿਆਨ' ਚ ਸਦਾ ਰੋਊ ਫਿੱਸੂ।

ਆਪਾ ਜਾਣੇ ਬਿਨ ਗਿਆਨ ਬਿੱਖ, ਹਜ਼ਮ ਹੋਏ ਬਿਨਾ ਅੰਨ।
ਵਿੱਖ ਹੋਏ ਹਾਰ, ਸ਼ੰਗਾਰ ਸੋ, ਸੁਹਾਗ ਬਿਨਾ ਜੋ ਕਰੇ ਰੰਨ।
ਅੰਨਾ ਬੋਲਾ ਸਮਝੋ, ਗਿਆਨ ਨਾ ਸੁਣਸਕਨ ਜਿਸ ਕੰਨ।
ਅਪਣੇ ਕੰਮ ਨਾ ਆਇਆ ਹਾਕਮ ਦੁਨੀਆਂ ਦੇ ਕਿਸ ਕੰਮ।

ਵਿਚਾਰਹੀਨ ਨੂੰ ਵਿਦਿਆ, ਕਰੇ ਅੰਨਾ, ਵਧਾਏ ਅਭਿਮਾਨ।
ਸੂਰਜ ਛੜ੍ਹੇ, ਉੱਲੂ ਨੂੰ ਦਿਸੇ ਨਹੀਂ, ਸਰਵ ਨੂੰ ਦਿਸੇ ਆਮ।
ਬੁੱਧੀਵਾਨ ਗਿਆਨ ਪਾਕੇ, ਬਣੇ ਸ਼ਾਖਸ਼ੀ ਸੁਗੜ ਸੁਜਾਨ।
ਮੂਰਖ ਵਿਦਿਆ ਪਾ ਹਾਕਮ ਫਿਰੇ ਬਨ' ਚ ਜਿਵੇਂ ਹੈਵਾਨ।

ਵਿਚਾਰਹੀਨ ਦੀ ਵਿਦਿਆ, ਜਿਵੇਂ ਬੱਝਿਆ ਗੱਦੇ ਗਲ ਲਾਲ।
ਗਦੇ ਦਾ ਮੁੱਲ ਵਧ ਜਾਏ, ਸੰਗਤ ਕਰਕੇ ਕੀਮਤੀ ਮਾਲ।
ਗਦਾ ਗਦਾ ਹੀ ਰਹੇ, ਢੋਏ ਬੋਝਾ, ਸੋ ਹੋਏ ਬੁਰਾ ਹਾਲ।
ਵਿਦਿਆ ਵਿਚਾਰੇ ਹਾਕਮ ਬਣੇ ਅਨੁਭਵੀ ਸੋ ਖੁਸ਼ਹਾਲ।

ਚਿਕੜ ਹੋਏ ਥੋੜੇ ਪਾਣੀ ਨਾਲ, ਗ਼ਾਰਾ ਦੂਰ ਕਰੇ ਬਹੁਤਾ।
ਥੋੜੀ ਵਿਦਿਆ ਅਭਿਮਾਨੀ ਬਣਾਏ, ਗੱਲਾਂ' ਚ ਬਣਾਏ ਤੋਤਾ।
ਥੋਥੀ ਵਿਦਿਆ ਨਾਲ ਆਕੜੇ, ਜਿਵੇਂ ਚੰਦਨ ਨਾਲ ਹੀ ਖੋਤਾ।
ਵਿਦਿਆ ਵਿਚਾਰੀ ਹਾਕਮ ਉਪਕਾਰੀ ਸੋ ਰਹੇ ਸੌਖਾ।

ਮਿਸ਼ਰੀ, ਖੰਡ, ਗੁੜ ਬਣੇ ਪਾਣੀ, ਜਦੋਂ ਰਲੇ ਸੋ ਸੰਗ ਗੰਨੇ।
ਅੱਕ ਧਤੂਰੇ ਨਾਲ ਰਲੇ, ਬਿੱਖ ਬਣੇ, ਮਾਰੇ ਸੋ ਕਰੇ ਬੰਨੇ।
ਸਾਗਰ ਬਣੇ ਖਾਰਾ, ਬੱਦਲ ਬਣੇ, ਕਰਾਏ ਸੋ ਧੰਨ ਧੰਨੇ।
ਵਿਦਿਆ ਸੰਗ ਦੋਸ਼ ਹਾਕਮ ਡੁੱਬੇ ਮਰੇ ਜੋ ਨਾ ਸੋਚੇ ਮੰਨੇ।

ਚੋਰ ਵਿਦਿਆ ਪਾ ਚੋਰੀ ਕਰੇ, ਸਾਧ ਵਿਦਿਆ ਪਾ ਉਪਕਾਰ।
ਵਿਦਿਆ ਦੋਸ਼ ਨਹੀਂ , ਜੈਸਾ ਸੰਗ ਤੈਸਾ ਰੰਗ ਹੋਏ ਸਾਕਾਰ।
ਵਿਦਿਆ ਚਾਨਣ ਹੈ, ਹੱਥ ਫੜ ਰੋਕੇ ਨਹੀਂ, ਕਿਸੇ ਦੀ ਕਾਰ।
ਪਾਣੀ' ਚ ਜੋ ਰੰਗ ਪਾਉ ਹਾਕਮ ਉਗੜਊ ਸੋਈ ਪ੍ਰਕਾਰ।

ਨਿਦੋਸ਼ ਵਿਦਿਆ, ਦੋਸ਼ੀ ਕਰੇ ਦੋਸ਼ੀ, ਕਰੇ ਗ਼ਲਤ ਵਰਤੋਂ।
ਵਿਦਿਆ ਵਿਚਾਰੀ, ਸੋ ਉਪਕਾਰੀ, ਜੋ ਹਟੇ ਰਸਤੇ ਗ਼ਲਤੋਂ।
ਬੁਰੇ ਨੂੰ ਦਾਨ ਦੇ, ਬਲੀ ਨਾ ਕਰੇ, ਕਮਜ਼ੋਰ ਰਹੇ ਬਲਤੋਂ।
ਵਿਦਿਆ ਪਾ! ਹਾਕਮ ਕੁਝ ਨਾ ਲੱਭਨਾ ਅਗਿਆਨੀ ਟੱਲ ਤੋਂ।

ਬਿਨ ਵਿਦਿਆ ਅਤੇ ਸ਼ੌਕ, ਸੋ ਕਰ ਨਹੀਂ ਸਕੇ ਅਭਿਆਸ।
ਬਿਨ ਲਖਸ਼ ਸ਼ੌਕ ਨਾ ਹੋ, ਬਿਨ ਸ਼ੌਕ ਲਖਸ਼ ਨਾ ਮਿਲਾਸ।
ਰੱਖ ਆਸ, ਕਰੇ ਅਭਿਆਸ, ਸੋ ਲਖਸ਼ ਦੀ ਵਧੇ ਪਿਆਸ।
ਮਿਹਨਤ ਨੂੰ ਫੱਲ ਲੱਗੇ ਹਾਕਮ ਕਦੀ ਨਾ ਹੋਏ ਨਿਰਾਸ।

ਆਤਮ ਗਿਆਨਹੀਨ ਪ੍ਰਾਨੀ ਕੜਛੀ, ਸੜੈ-ਸੁੱਖ ਨਾ ਜਾਣੇ।
ਵਿਸ਼ਿਆਂ ਦੀ ਅੱਗ ਵਿੱਚ ਸੜੇ, ਆਤਮਕ ਅਨੰਦ ਨਾ ਮਾਣੇ।
ਮਨ ਉਚਾਟ, ਚਿੱਤ ਉਦਾਸ ਰਹੇ, ਵਿਸ਼ਿਆਂ ਦੇ ਤਣੇ ਤਾਣੇ।
ਮਾਇਆ' ਚ ਫਸੇ ਹਾਕਮ ਬੁੱਧੀਹੀਨ ਅਕਲੋਂ ਅੰਨ੍ਹੇ ਕਾਣੇ।

ਜੰਗਲ ਮਹਿਕੇ ਚੰਦਨ ਨਾਲ, ਸੰਗਤ ਖਿੜ੍ਹੇ ਸੰਤ ਸੰਗ।
ਦੋਨਾਂ ਦੀ ਉਤੱਮ ਸੰਗਤ, ਦੋਨਾਂ ਨਾਲ ਚੜ੍ਹੇ ਮਜੀਠਾ ਰੰਗ।
ਆਪੇ ਸ਼ਾਖਸ਼ੀ ਵਿੱਚ ਜਾਗੀ, ਮੱਤ ਬੁੱਧ ਕਦੀ ਨਾ ਹੋਏ ਭੰਗ।
ਆਪੇ ਵਿੱਚ ਰੱਤੇ ਸੰਤ ਹਾਕਮ ਕਦੀ ਨਾ ਕਰਨ ਪਖੰਡ।

ਹਾਥੀ ਕਾਮਵੱਸ, ਕਾਗ਼ਜ਼ੀ ਹੱਥਨੀ, ਦੇਖ ਟੋਏ ਡਿੱਗ ਫੱਸੇ।
ਬੋਝਾ ਢੋਏ, ਸਿਰ ਅੰਕਸ ਸਹੇ, ਜੋ ਮਸਤੀ' ਚ ਟੱਪੇ ਨੱਸੇ।
ਆਜ਼ਾਦੀ ਜਾਏ, ਪੈਰੀਂ ਸੰਗਲ, ਮੁਹਾਵਤ ਦੀ ਕੈਦ' ਚ ਵੱਸੇ।
ਸਿਆਣਾ ਵਿਅਕਤੀ ਹਾਕਮ ਕਾਮੀ ਹੱਥੀ ਦੀ ਮੱਤ ਤੇ ਹੱਸੇ।

ਜੀਭ ਦੇ ਰਸ, ਮੀਨ ਕੁੰਡੀ ਵਿੱਚ ਫਸ, ਮਛੇਰੇ ਹੱਥ ਜਾ ਚੜੇ।
ਕੰਡਾ ਹੇੜੀ ਸ਼ਬਦ ਸੁਣਦੀ ਹਰਨੀ ਨੂੰ, ਸ਼ਿਕਾਰੀ ਜਾ ਫੜੇ।
ਦੀਵੇ ਦੀ ਲਾਟ ਦਾ ਰੂਪ ਦੇਖਕੇ, ਪਤੰਗਾ ਅੱਗ' ਚ ਜਾ ਸੜੇ।
ਭੌਰਾ ਸੁਗੰਧੀ ਰਸ ਵੱਸ ਹਾਕਮ ਫੁੱਲ' ਚ ਬੰਦ ਹੋ ਮਰੇ।

ਸ਼ਬਦ ਸਪਰਸ ਰੂਪ ਰਸ ਗੰਧ ਪੰਜਾਂ ਵਿੱਚ ਜੋ ਫੱਸੇ।
ਉਸਦੀ ਬੁਰੀ ਹਾਲਤ ਹੋਏ, ਉਹ ਹੀ ਜਾਣੇ ਉਹ ਹੀ ਦੱਸੇ।
ਪੰਜਾਂ ਤੋਂ ਪੱਲਾ ਛਡਾਏ, ਜਾਨ ਬਚਾਏ, ਮਨ' ਚ ਖੇੜ੍ਹਾ ਵੱਸੇ।
ਗਿਆਨ ਪਾਏ ਹਾਕਮ ਸੁੱਖ ਹੰਡਾਏ ਸੋ ਖੁਸ਼ੀਆਂ' ਚ ਹੱਸੇ।

ਦੇਹ ਅਭਿਮਾਨੀ ਦਾ ਨਾ ਕਰੇ ਭਰੋਸਾ, ਹੋਏ ਲੱਖ ਪੜ੍ਹਿਆ।
ਹਉਮੈ' ਚ ਅੰਨ੍ਹਾ ਹੋਏ, ਅਗਿਆਨ' ਚ ਰਹੇ ਤਨ ਸੜ੍ਹਿਆ।
ਬੁੱਧੀ ਵਿੱਚ ਧੰਨ ਫਸਿਆ, ਸੋ ਮਾਇਆ ਵਿੱਚ ਚਿੱਤ ਵੜ੍ਹਿਆ।
ਮੈਂ ਦੀ ਸੋਝੀ ਨਾ ਹਾਕਮ ਮਨ ਨੂੰ ਵਿਸ਼ਿਆਂ ਦਾ ਤਾਪ ਚੜ੍ਹਿਆ।

ਮਨ ਅਧੀਨ ਰੱਖੇ ਕਾਮ, ਨਿਸ਼ਕਾਮ ਧਾਰੀ ਰੱਖੇ ਸਰੀਰ।
ਤਿੰਨ ਦੇਵਤੇ ਸੇਵਾ ਕਰਨ, ਤਿਨਾਂ ਤਾਪਾਂ ਦੀ ਮੇਟਨ ਪੀੜ।
ਸਤਸੰਗ ਕਰੇ ਗਿਆਨ ਪਾਏ, ਕਲਿਆਨ ਹੋਏ ਅਖੀਰ।
ਸ਼ਾਖਸ਼ੀ ਹੀ ਹਾਕਮ ਬ੍ਰਹਮ ਗਿਆਨ ਪਾਕੇ ਹੋਏ ਅਮੀਰ।

ਖੱਟ ਸੰਪਤੀ ਸਹਿਤ ਪੁਰਸ਼, ਇਸ਼ਵਰ ਭੇਦ ਨਾ ਕੋਏ।
ਧੰਨ ਦੌਲਤ, ਧਰਮ, ਜੱਸ, ਸੁੱਖ, ਗਿਆਨ, ਵਿਰਾਗ ਹੋਏ।
ਬ੍ਰਹਮਨੇਸ਼ਠੀ, ਜਿੱਤਇੰਦ੍ਰੇ, ਬ੍ਰਹਮਸਰੋਤਰੀ ਹੈ ਜੋਏ।
ਅਵਤਾਰ ਹਾਕਮ ਭਿੰਨ ਨਾ ਨਿਰਗੁਨ ਸਰਗੁਨ ਸੋਏ।

ਦੇਹੀ ਤਜ, ਸੱਤ ਰੱਖ, ਸਿਆਨ ਪਾਏ, ਬ੍ਰਹਮ' ਚ ਸਮਾਏ।
ਦੇਹੀ ਰੱਖ, ਅਗਿਆਨ' ਚ, ਅਤਲ ਵਿਤਲ ਸੁਤਲ ਜਾਏ।
ਤਲਾਤਲ ਰਸਾਤਲ ਮਹਾਤਲ ਪਤਾਲ' ਚ ਪਹੁਚਾਏ।
ਦੇਹੀ ਬਣ ਹਾਕਮ ਮਾਤ ਲੋਕ' ਚ ਪ੍ਰਾਨੀ ਨਰਕ ਭੁਗਾਏ।

ਦੇਹੀ ਤਿਆਗ ਆਪਾ ਪਾਣ, ਸਦਾ ਹੀ ਸੁਰਗ ਵਿੱਚ ਰਹਾਨ।
ਮੈਂ ਸ਼ਾਖਸ਼ੀ ਬ੍ਰਹਮ ਪਾਕੇ, ਸੱਤ ਲੋਕ ਦੇ ਵਾਰਸ ਕਹਾਨ।
ਭੁਰ, ਭਵ, ਸੁਰਗ, ਸੁਰ, ਮਹਰ, ਜਨ ਤਪ ਸਤ ਹਾਨ।
ਅਚੱਲ ਬ੍ਰਹਮ ਹਾਕਮ ਸੱਤ ਲੋਕ ਚੱਲਨ ਆਨ ਜਾਨ।

ਮਨ ਬੁੱਧ ਚਿੱਤ ਅਹੰਕਾਰ, ਚਾਰਾਂ ਨੂੰ ਹੀ ਹਿਰਦੈ ਕਹੀਏ।
ਅੰਤਾਕਰਨ ਕਹੀਏ ਪਰਮਾਤਾ ਜੀਵ ਨ ਅੰਸ ਹੋਈਏ।
ਬਾਹਰੀ ਵਿਰਤੀ ਵਿਸ਼ਿਆਂ ਤੇ ਪਹੁੰਚੀ ਪ੍ਰਮਾਨ ਹੀ ਲਈਏ।
ਵਿਸ਼ੇ ਪਰਮੇਹ ਹਾਕਮ ਸੋ ਜਾਣਕਾਰੀ ਮਨ' ਚ ਗਹੀਏ।

ਵਿਸ਼ੇ ਅਕਾਰ ਹੋਈ ਵਿਰਤੀ ਪਰਮਾ ਹੈ, ਪ੍ਰਮਿਤੀ ਜਾਣੀਏ।
ਪਰਮਾਤਾ ਪਰਮਾਨ ਪਰਮੇਹ ਦੀ ਮੈਂ ਸ਼ਾਖਸ਼ੀ ਮਾਣੀਏ।
ਪਰਮ ਵਿਰਤੀ, ਪ੍ਰਮਿਤੀ ਨੂੰ ਸਾਧਨ ਹਥਿਆਰ ਠਾਣੀਏ।
ਬ੍ਰਹਮ' ਮੇਂ ਸਮਾਏ ਹਾਕਮ ਸਰਵ ਦੁੱਖ ਨਠਾਣੀਏ।

ਖੱਥਨੀ ਵਿੱਚ ਨਹੀਂ, ਕਰਨੀ ਵਿੱਚ ਪ੍ਰੇਰਤ ਹੋਣ ਵਿਚਾਰ।
ਜਿੰਨਾਂ ਤੇ ਚੱਲਕੇ, ਜਾਣਕੇ, ਮੰਜ਼ਲ ਤੇ ਪਹੁੰਚੇ ਇੱਕਵਾਰ।
ਚੰਗੇ ਸੱਚੇ ਵਿਚਾਰ ਛੁਪਾ ਕੇ ਨਾ ਰੱਖੇ, ਵੰਡੇ ਵਿੱਚ ਸੰਸਾਰ।
ਅਣ-ਵੰਡੇ ਵਿਚਾਰ ਹਾਕਮ ਸੋ ਮਰ ਜਾਨ ਹੋਣ ਬੇਕਾਰ।

ਮੁੱਡ ਤੋਂ ਹੀ ਬੰਦੇ ਨੂੰ ਚਾਹੀਦਾ ਹੈ, ਇਹ ਜਾਣਾ ਸਮਝਾਇਆ।
ਦੁਨੀਆ' ਚ ਤੂੰ ਮਨੁੱਖਤਾ ਦਾ ਪ੍ਰਤੀਨਿਧ ਬਣਕੇ ਆਇਆ।
ਚੰਗੇ ਰੋਲ ਲਈ, ਹਰ ਵਿਅਕਤੀ ਨੂੰ ਜਾਏ ਉਕਸਾਇਆ।
ਸੁੱਖ ਵਰਤਾਏ ਹਾਕਮ ਸੱਭ ਦੁੱਖਾਂ ਦਾ ਕਰੇ ਸਫਾਇਆ।

ਮੈਂ ਸਾਖੀ ਨਹੀਂ ਹਾਂ / ਆਵਰਨ, ਨਹੀ ਜਾਣਦਾ ਹਾਂ/ ਅਗਿਆਨ।
ਮੈਂ ਦੇਹੀ / ਪਰਪੰਚ, ਮੈਂ ਜਾਣਦਾ ਹਾਂ / ਵਿਖਸ਼ੇਪ / ਭ੍ਰਾਂਤੀ ਮਾਨ।
ਰੱਬ ਦੂਰ ਹੈ / ਪਰੋਕਸ਼, ਮੈਂ ਸਾਖੀ / ਅਪਰੋਕਸ਼ ਗਿਆਨ।
ਦੇਹੀ ਨਾ, ਸੋਗਨਾਸ ਹਾਕਮ ਮੈਂ ਸਾਖੀ ਜਾਣ, ਤ੍ਰਿਪਤੀਂ ਮਾਨ।

ਪਾਣੀ ਮੈਲ ਮਿਲ ਇੱਕਠੇ ਹੋਏ, ਇੱਕ ਦੂਜੇ ਵਿੱਚ ਅਭੇਦ।
ਮਿੱਟੀ, ਸੰਗ ਪਾਣੀ ਤਰਲ ਹੋਈ, ਪਾਣੀ ਰਿਹਾ ਨਹੀਂ ਸਫੇਦ।
ਦੋਵੇਂ ਰਲਕੇ ਚਿਕੱੜ ਬਣੇ, ਨਾ ਰਿਹਾ ਕੋਈ ਆਪਸੀ ਭੇਦ।
ਮਾਇਆ ਬ੍ਰਹਮ ਰਲ ਹਾਕਮ ਬਣੀ ਕੁਦਰਤ ਦੀ ਖੇਡ।

ਪਾਣੀ ਆਸਰੇ ਮਿੱਟੀ ਤਰਲ ਹੋਈ, ਪਾਣੀ ਨੂੰ ਹੀ ਢਕ ਲਿਆ।
ਪਾਣੀ ਨਾਮ ਰਹਿਤ ਅਦ੍ਰਿਸ਼ਟ ਹੋਇਆ, ਮਿੱਟੀ' ਚ ਮਿਲ ਗਿਆ।
ਮਿੱਟੀ ਕੱਡ ਬਾਹਰ ਕੀਤੀ, ਬਾਕੀ ਸਾਫ ਪਾਣੀ ਪ੍ਰਗਟ ਪਿਆ।
ਮਿੱਟੀ ਆਏ ਜਾਏ ਹਾਕਮ ਸੋ ਪਾਣੀ ਸਾਫ ਅਚੱਲ ਰਹਿਆ।

ਮਾਦਾ ਆਏ ਜਾਏ, ਬ੍ਰਹਮ ਸੰਗ ਰਲ, ਕੁਦਰਤ ਕਹਾਏ।
ਮਿਥਿਆ ਮਾਇਆ ਤਿਆਗ, ਬ੍ਰਹਮ ਸ਼ਾਖਸ਼ੀ ਹੋਏ ਰਹਾਏ।
ਬ੍ਰਹਮ ਸਦਾ ਅਚੱਲ ਅਮਲ, ਸੋ ਕਦੀ ਗੰਧਲ ਨਾ ਜਾਏ।
ਬ੍ਰਹਮ ਨਿਰਮਲ ਹਾਕਮ ਮਲਨ ਮਾਇਆ ਬਿਨਸਾਏ।

ਮਾਇਆ ਕਾਰਜ ਦੇਹੀ ਬਿਨਸਨਹਾਰ, ਥਿਰ ਨਾ ਰਹਾਏ।
ਸ਼ਾਖਸ਼ੀ ਬਣ ਸਤਕਰਤਾਰ, ਸਦਾ ਥਿਰ, ਨਾ ਆਏ ਜਾਏ।
ਕੁੱਝ ਕਰਨਾ ਨਹੀਂ, ਜਾਨਣਾ ਹੈ, ਜਿਉਂ ਕਾ ਤਿਉਂ ਰਹਿ ਪਾਏ।
ਦੇਹੀ ਦ੍ਰਿਸ਼ ਹਾਕਮ ਦ੍ਰਿਸ਼ਟਾ / ਸ਼ਾਖਸ਼ੀ ਮੈਂ ਸਚਾਈ ਕਹਾਏ।

ਮਾਇਆ ਬ੍ਰਹਮ ਨੂੰ, ਸਾਂਗੋ ਪਾਂਗ ਜਾਨਣਾ ਹੀ ਹੈ ਸੋ ਗਿਆਨ।
ਬ੍ਰਹਮਹੰਸਮੀ, ਮਾਇਆ ਨਾ ਹੰਸਮੀ, ਕਰੇ ਸੋ ਪਹਿਚਾਨ।
ਅਨੁਭਵੀ ਦੁਆਰਾ, ਆਪੇ ਦੇ ਗਿਆਨ ਦਾ, ਕਰੇ ਨਿਰਮਾਨ।
ਇਹੀ ਭਗਵਾਨ ਹਾਕਮ ਆਪਾ ਸਮਝ ਬਣੇ ਇਨਸਾਨ।

ਗੁਰ, ਨਾਮ, ਅੰਮ੍ਰਿਤ, ਸ਼ਾਖਸ਼ੀ, ਸਮਝਾਇ ਦੀਆ, ਬੁੱਧੀ ਪੀਆ।
ਇੱਕ ਸੱਤ ਅਚੱਲ ਹੋਇਆ ਦ੍ਰਿਸ਼ਟਾ, ਨਾ ਜਾਣਾ ਦੂਆ ਤੀਆ।
ਲਿੰਗ ਝਿੰਗ ਨਾ ਨਰ ਮਾਦਾ, ਮਾਇਆ ਛਾਇਆ ਨਾ ਨਾਰੀ ਧੀਆ।
ਸੱਭ ਦ੍ਰਿਸ਼ ਮਿਥਿਆ ਹਾਕਮ ਸੋ ਮੈਂ ਸ਼ਾਖਸ਼ੀ ਸਥਿਰ ਥੀਆ।

ਉੱਥੇ ਰੱਬ ਦਾ ਅਗਿਆਨ ਨਾ, ਜਿੱਥੇ ਅਰਦਾਸਾਂ ਭੋਗ ਪੈਂਦੇ।
ਉਹਾਂ ਕਾਲੀ ਰਾਤ ਹੈ, ਜਿਸ ਥਾਂ ਝੁੱਕ ਝੁੱਕ ਸਿਜਦੇ ਕਰੇਂਦੇ।
ਸੋ ਦਵੈਸ਼, ਜੇ ਮਰਨ ਮਾਰਨ ਦੇ, ਕਸੀਦੇ, ਵਾਰਾਂ ਪੜ੍ਹੇਂਦੇ।
ਰੱਬ ਤੋਂ ਦੂਰ ਜਾਂਦੇ ਹਾਕਮ ਸੋ ਰੱਬ ਦੇ ਨਾ ਨੇੜੇ ਢੁਕੇਂਦੇ।

ਰੱਬ ਤਾਂ ਦੂਰ ਨਹੀਂ, ਦਿਲ' ਚ ਰੱਬ ਦੇ ਮਿਲਨ ਦਾ ਨਾ ਬੂਰ।
ਸੋ ਫੁੱਲ ਕਿਵੇਂ ਬਣੇ, ਨੇੜੇ ਨਹੀਂ ਰੱਬ, ਦਿਸੇ ਬਹੁਤ ਦੂਰ।
ਮਹਿਕ ਨਹੀਂ ਆਏ ਵਸਲ ਦੀ, ਸਦਾ ਰੱਬ ਵਸੇ ਹਦੂਰ।
ਅੰਦਰ ਖੋਜ ਹਾਕਮ ਨੇੜੇ ਹੂੰ ਤੇ ਨੇੜੇ ਹਾਜ਼ਰਾ ਹਜ਼ੂਰ।

ਬੇਨੂਰੀ ਤੇ ਆ ਬੈਠੇ ਹੋ, ਅੰਦਰ ਰੱਬ ਦਾ ਛੱਡ ਸੋ ਹੰ ਨੂਰ।
ਸੋ ਹਰ ਰੂਪ ਛੱਡ, ਬਾਹਰ ਭੇਖਦਾ ਕਰਿਆ ਗ਼ਰੂਰ।
ਆਦਮਈ ਨਾ ਨਦਰੀਂ ਆਏ, ਮਨੁੱਖਤਾ ਦਾ ਝੜਿਆ ਬੂਰ।
ਇੱਟਾਂ ਨੂੰ ਸਿਜਦੇ ਕਰੇ ਹਾਕਮ ਛੱਡਕੇ ਜ਼ਾਹਰਾ ਜ਼ਹੂਰ।

ਮਹੀਂਵਾਲ, ਮਹੀਂਵਾਲ ਕਰਦੀ, ਭਵਸਾਗਰ ਵਿੱਚ ਡੁੱਬੀ।
ਮੈਂ ਹੀ ਵਾਲ ਸਦਾ ਨਾਲ ਵੱਸੇ, ਅੰਦਰ ਨਾ ਕਦੀ ਮਾਰੀ ਚੁੱਭੀ।
ਕੱਚਿਆਂ ਦਾ ਕੁਸੰਗ ਕੀਤਾ, ਸੋ ਪੱਕਿਆਂ ਵਿੱਚ ਨਾ ਕਦੀ ਖੁੱਭੀ।
ਯਾਰ ਨਾਲ ਵਸੇਂਦਾ ਹਾਕਮ ਇਸ਼ਕ ਦੀ ਰਮਜ਼ ਨਾ ਬੁੱਝੀ।

ਸੋ ਮੈਂ ਹੀ ਵਾਲ ਵਾਲ ਕੂੰਕੇਂਦੀ, ਸਾਰ ਨਾ ਲੈਂਦੀ ਮਰ ਡੁਬੇਂਦੀ।
ਸੋਨੀ ਭੁੱਲੀ ਇਸ਼ਕ' ਚ ਰੁਲੀ, ਯਾਰ ਬਾਹਰ ਕੰਡੇ ਢੂੰਢੇਂਦੀ।
ਯਾਰ ਬੁਕਲੀਂ ਵਸੇ, ਬਿਰਹੋਂ' ਚ ਹਾਲ ਪਾਹਰਿਆ ਕੂਕੇਂਦੀ।
ਬਾਝ ਸੋਝੀ ਯਾਰ ਦੀ ਹਾਕਮ ਅਗਿਆਨ' ਚ ਡੁੱਬ ਮਰੇਂਦੀ।

ਲੱਖ ਸਿਜਦੇ ਕਰਕੇ, ਲੱਖ ਪਾਠ ਪੜ੍ਹੇਂਦੇ ਗੋਰੀਂ ਵੜਗੇ।
ਯਾਰ ਦੀ ਹੱਦ' ਚ ਰਹਿੰਦੇ, ਅਗਿਆਨ ਦੀ ਅੱਗ' ਚ ਸੜਗੇ।
ਜਿਉਂਦਾ ਯਾਰ ਪਛਾਨ ਨਾ ਸਕੇ, ਮੋਇਆਂ ਪਿੱਛੇ ਲੜਗੇ।
ਲੇਖੇ ਇੱਕ ਹਾਕਮ ਮਰ ਗਏ ਥੋਥੀਆਂ ਪੋਥੀਆਂ ਪੜ੍ਹਦੇ।

ਥੋਥੇ ਧਰਮੀ ਕਰਮੀ, ਰੱਬ ਦੇ ਨਾਵਾਂ ਤੇ, ਮਾਰਨ ਬੜ੍ਹਕਾਂ।
ਭਾਂਤ ਭਾਂਤ ਪੰਥ ਬਣਾ, ਸ਼ਰ੍ਹਾ ਬਣਾਈਆਂ ਨਰਕੀ ਸੜਕਾਂ।
ਉੱਚੇ ਮਜ਼ਹਬੀ ਦਰ ਦੇਖ, ਸਭਨੀਂ ਅੱਖੀਂ ਪੈਣ ਰੜਕਾਂ।
ਇੱਕ ਦਰ ਢਾਹਕੇ ਹਾਕਮ ਦੂਜੇ ਦੀਆਂ ਕਡਦੇ ਸੜਕਾਂ।

ਪੜ੍ਹ ਪੜ੍ਹ ਯਾਦ ਕਰ ਬੁੱਧੀ ਤੇ ਲੱਧਦੇ, ਬਣਦੇ ਆਲਮ।
ਆਪੇ ਤੋਂ ਦੂਰ ਹੋਏ, ਆਪਾ ਨਾ ਜਾਣਿਆ, ਬਣ ਗਏ ਜ਼ਾਲਮ।
ਇੱਕ ਅੱਖਰ ਇਸ਼ਕ ਪੜ੍ਹ, ਸਮਝਕੇ, ਨਾ ਪਾਇਆ ਬਾਲਮ।
ਉਮਰ ਹਾਕਮ ਪੜ, ਗਵਾਈ, ਇੱਕ ਨਾ ਹੋਇਆ ਮਾਲੂਮ।

ਜੇ ਇੱਕ ਅੱਖਰ, ਸੋ ਇਸ਼ਕ ਦਾ ਪੜ੍ਹ, ਸਮਝਕੇ, ਜਾਣਦਾ।
ਜਿੱਥੇ ਲੰਘਦਾ ਸੋ ਆਪਾ ਦਿਸਦਾ, ਫੁੱਲਾਂ ਦੀ ਮਹਿਕ ਮਾਣਦਾ।
ਦੁੱਖਾਂ ਵਿੱਚ ਨੰਗ ਤੜੰਗੇ ਤੇ, ਸੁੱਖਾਂ ਦੀ ਚਾਦਰ ਤਾਣਦਾ।
ਇੱਕ ਹੱਥ ਨਾ ਆਇਆ ਹਾਕਮ ਪੁਸਤੱਕਾਂ ਰਿਹਾ ਛਾਣਦਾ।

ਇੱਕ ਨਦਰ ਸਵੱਲੀ, ਜੇ ਆਸ਼ਕ ਕਰੇ, ਲੱਖਾਂ ਦੇਵੇ ਤਾਰ।
ਲੱਖਾਂ ਆਲਮ ਰਲਕੇ ਵੀ, ਸੋ ਇੱਕ ਦੀ ਨਾ ਕਰਨ ਵਿਚਾਰ।
ਉਹ ਦੋਹੀਂ ਜਹਾਨੀ ਮਾਰੇ, ਜਿਨ੍ਹਾਂ ਇੱਕ ਦੀ ਨਹੀਂ ਪਾਈ ਸਾਰ।
ਇੱਕ ਇਸ਼ਕ ਨਾ ਪਾਲਿਆ ਹਾਕਮ ਈਹਾਂ ਉਹਾਂ ਪਏ ਮਾਰ।

ਇੱਕ ਸ਼ਾਖਸ਼ੀ ਤੇ ਗੱਲ ਮੁਕਦੀ ਹੈ, ਛੱਡ ਪੱਲਾ ਤੂੰ ਦੇਹੀ ਦਾ।
ਛੱਡ ਮੱਥੇ ਰਗੜਨੇ ਝੂਠੇ, ਖਹਿੜਾ ਛੱਡ ਕੜ੍ਹੀ ਬੇਹੀ ਦਾ।
ਬਾਝ ਸੋ ਮੈਂ ਜਾਣੇ, ਸਮਝੇ, ਹੋਏ, ਸੱਚ ਹੋਰ ਥੀਂ ਨਾ ਲੇਹੀ ਦਾ।
ਸੁੱਖੀ ਹੋ ਹਾਕਮ ਜੋ ਦੁੱਖ ਦੇਵੇ, ਕਰਨਾ ਕੀ ਗੱਲ ਅਜੇਹੀ ਦਾ।

ਗਿਆਨ ਗੌਣ ਬਣਾਕੇ, ਗਾਹਕੇ, ਕਮਾਕੇ ਲੋਕ ਹੱਸਾਈ ਦਾ।
ਗਿਆਨ ਗਵਾਕੇ, ਤਾਲ ਵਜਾਕੇ, ਅਗਿਆਨੀ ਅਖਵਾਈ ਦਾ।
ਕੂੜ ਕਪਟ ਠੱਗੀ ਠੋਰੀ ਕਰਨ ਲੱਗਿਆਂ ਸ਼ੁਰਮਾਈ ਦਾ।
ਸੱਚ ਕਮਾ ਹਾਕਮ ਝੂੱਠ ਲਈ ਨਹੀਂ ਜਨਮ ਗਵਾਈ ਦਾ।

ਰੱਬ ਤਾਂ ਸਾਥੋਂ ਵੱਖ ਨਹੀਂ, ਚੰਗੇ ਸੰਤਾਂ ਦੀ ਕੀਤੀ ਸੱਥ ਨਹੀਂ।
ਵਿਸ਼ਵਾਸ' ਚ ਅੰਨਾ ਹੋਇਆ, ਗਿਆਨ, ਚ ਖੋਲ੍ਹੀ ਅੱਖ ਨਹੀਂ।
ਸੋ ਦ੍ਰਿਸ਼ਟਾ ਨਹੀਂ ਬਣਿਆ, ਦ੍ਰਿਸ਼ਟਮਾਨ ਸਰਵ ਸੱਚ ਨਹੀਂ।
ਆਪਾ ਪਰਖ ਹਾਕਮ ਤੂੰ ਸ਼ਾਖਸ਼ੀ ਸੋਨਾ, ਦੇਹੀ ਕੱਚ ਨਹੀਂ।

ਆਪਣਾ ਆਪ ਪਛਾਣ, ਜਾਣ ਮੈਂ ਸ੍ਵੈਰੂਪ, ਸ਼ਾਖਸ਼ੀ ਆਪਣਾ।
ਬਾਝ ਆਪਣੇ ਆਪ ਨੂੰ ਜਾਣਿਆਂ, ਸੋ ਰੱਬ ਨਹੀਂ ਜਾਪਣਾ।
ਹੋਰ ਕਿਸੇ ਉਪਾਵ ਨਾ ਸੁੱਖ, ਜਿਚਰ ਮੈਂ ਸਾਖੀ ਨਾ ਥਾਪਣਾ।
ਮੈਂ ਪਹਿਚਾਨ ਹਾਕਮ ਬੇ-ਫਿਕਰ ਹੋ ਸੰਗ ਸਖੀ ਨਾਚਣਾ।

ਅਖੰਡ ਸੁੱਖ ਸੋ ਸਰੂਪ ਤੇਰਾ, ਸੱਭ ਸਿਆਣੇ ਪੁਕਾਰਦੇ।
ਦੇਹੀ ਬਣ ਰੋਏਂਗਾ ਰੁਲੇਂਗਾ, ਫਿਰਦੇ ਥਾਂ ਥਾਂ ਜੰਮ ਮਾਰਦੇ।
ਤੱਤੀ ਵਾਉ ਨਾ ਲੱਗੇ, ਘਰ ਜਾਏ ਵੜੇਂ, ਜੇ ਸ਼ਾਖਸ਼ੀ ਯਾਰਦੇ।
ਹਰ ਨਾਲ ਹਰ ਹੋ ਹਾਕਮ ਫੁੱਲ ਮਹਿਕਨ ਪਿਆਰ ਦੇ।

ਜੋਤ ਸਰੂਪ ਤੂੰ ਹੀ, ਛੁੱਪ ਗਿਆ ਮਾਇਆ ਦੇ ਤੰਬੂ' ਚ ਆਨ।
ਤੰਬੂ ਉਤਾਰ, ਜੋਤ ਜਗਾਹ, ਪ੍ਰਗਟ ਕਰ ਵਿੱਚ ਜਹਾਨ।
ਹਨ੍ਹੇਰਾ ਢੋਹਨਾ, ਛੱਡਕੇ ਪ੍ਰਕਾਸ਼' ਚ ਰੰਗ ਰਲੀਆਂ ਮਾਨ।
ਰੌਸ਼ਨੀ' ਚ ਹਾਕਮ ਟੋਏ ਠੇਡੇ ਕੰਕਰ ਕੰਡੇ ਹਟ ਜਾਨ।

ਸੰਗਤ ਕਰੀਏ ਸਾਧ ਦੀ, ਜੋ ਗਹਿਨੇ ਢਾਲਕੇ ਕਰੇ ਇੱਕ।
ਭੱਠੀ ਸੋਨਾ ਨਿਰਮਲ ਕਰ ਦੇਵੇ, ਮੈਲ ਕੱਡ ਕਰੇ ਵੱਖ।
ਬੁੱਧ ਨਿਰਮਲ ਹੋਕੇ, ਮਾਇਆ ਤੋਂ ਕਰੇ ਵੱਖ, ਸੋ ਅਲੱਖ।
ਸੋ ਸ਼ਾਖਸ਼ੀ ਥਿਰ ਰਹੇ ਹਾਕਮ ਮਾਇਆ ਦਾ ਰਹੇ ਨਾ ਕੱਖ।

ਨੁਕਤੇ ਦਾ ਚੱਕਰ, ਥੱਲੇ ਆਏ ਜੁਦਾ, ਉੱਪਰ ਜਾਏ ਖ਼ੁਦਾ।
ਦੇਹੀ ਤੋਂ ਮੈਂ ਉੱਤੇ ਹੋਈ ਸਾਖੀ ਖ਼ੁਦ, ਨੀਚੇ ਦੇਹੀ ਬਣਕੇ ਜੁਦਾ।
ਦੇਹੀ ਹੇਠ ਨਾ ਆ, ਉਤਾਂਹ ਰਹਿ, ਸਥਿਰ ਰਹੇਂਗਾ ਸਦਾ।
ਉੱਪਰ ਦਾ ਆਧੀ ਹੋਜਾ ਹਾਕਮ ਸੋ ਸੱਤ' ਚ ਜਾਏਂਗਾ ਸਮਾ।

ਸਿਰ ਉਪੱਰ ਰੱਖ, ਸਵੈਮਾਨ ਪਾ, ਸੋ ਸਮਾਨ' ਚ ਸਮਾਜਾ।
ਫੁਰਨੇਂ ਤੇਰੇ' ਚ ਅਧਿਅਸਤ ਹਨ, ਇਹਨਾਂ' ਚ ਨਾ ਆ ਜਾ।
ਸ਼ਾਖਸ਼ੀ ਵਿਆਪਕ ਹੋਕੇ, ਸੱਤਿ ਚਿੱਤ ਅਨੰਦ ਬਣ ਛਾ ਜਾ।
ਸਰਵ ਪਾਨੀਹਾਰ ਹਾਕਮ ਸੱਭਨਾਂ ਦਾ ਸੋ ਸ਼ਾਖਸ਼ੀ ਰਾਜਾ।

ਗਿਆਨੀ, ਮਿਸਾਲਚੀ ਨਾ ਬਣ, ਰਹਿਨਾ ਪੈਰਾਂ ਥੱਲੇ ਹਨ੍ਹੇਰਾ।
ਖੂਹ ਖਾਤੇ ਡਿਗੇਂਗਾ, ਭੰਨਾਏਂਗਾ ਗਿੱਟੇ ਗੋਡੇ, ਮੂੰਹ ਮਥੇਰਾ।
ਮਿਸ਼ਾਲ ਛੱਡ ਸਾਥ, ਪ੍ਰਕਾਸ਼ ਬਣ ਪਾਏਂਗਾ ਸੁੱਖ ਬਥੇਰਾ।
ਸੋ ਦ੍ਰਿਸ਼ਟਾ ਬਣ ਹਾਕਮ ਦ੍ਰਿਸ਼ ਬਨਣ' ਚ ਦੁੱਖ ਘਨੇਰਾ।

ਵੈਰੀ ਤੇ ਜੇ ਮਸੀਬਤ ਆਏ, ਮਿਤੱਰਾਂ ਵਾਂਗਰ ਪੇਸ਼ ਆਏ।
ਸੋ ਇਹ ਹੀ, ਮਨੁੱਖਤਾ ਦੀ ਪਹਿਚਾਨ ਹੈ, ਸਹਿਜ ਸੁਭਾਏ।
ਔਕੜ' ਚ ਫਸਿਆ, ਸ਼ਤਰੂ ਨਾ ਲੱਗੇ, ਮਨੁੱਖ ਹੀ ਦਿਸਾਏ।
ਭਲਾ ਕਰੇ ਹਾਕਮ ਕਸ਼ਟ' ਚੋਂ ਕੱਡੇ, ਸੋ ਹੀ ਸੰਤ ਕਹਾਏ।

ਧਰਤੀ ਤੇ, ਦੁਨੀਆਂ ਨਾਲ ਚਲਨ ਦਾ, ਢੰਗ ਨਹੀਂ ਆਉਂਦਾ।
ਉਹੀ ਸੰਤ ਬਣ, ਲੋਕਾਂ ਨੂੰ ਸੁਰਗਾਂ ਦਾ ਰਾਹ ਵਖਾਉਂਦਾ।
ਇਹ ਹੀ ਦੰਭ ਹੈ, ਇਹ ਹੀ ਕਪਟ, ਪਖੰਡ, ਅਖਵਾਉਂਦਾ।
ਇਹ ਹੀ ਹਾਕਮ ਲੋਕਾਂ ਨੂੰ ਅੰਧਵਿਸ਼ਵਾਸ' ਚ ਫਸਾਉਂਦਾ।

ਰੇਤ ਦੀਆਂ ਕੰਧਾਂ ਤੇ ਛੱਤਾਂ ਪਾਕੇ, ਤਪਦਿਆਂ ਨੂੰ ਛਾਂ ਕਰਦੇ।
ਸੁਰਗਾਂ ਦੇ ਲਾਰੇ ਲਾਕੇ, ਲੋਕਾਂ ਦੇ ਕਸ਼ਟ ਕਲੇਸ਼ ਹਰਦੇ।
ਭੋਲਿਆਂ ਦੀਆਂ ਜੇਬਾਂ ਕੱਟਕੇ, ਆਪਣੀਆਂ ਗੋਲਕਾਂ ਭਰਦੇ।
ਲੋਕਾਂ ਨੂੰ ਅੰਨੇ ਕਰ ਹਾਕਮ ਆਪ ਲੜ ਝਗੜ ਮਰਦੇ।

ਅੱਖਾਂ ਦਾ ਪ੍ਰਕਾਸ਼ ਨਚੋੜਕੇ, ਉਸ ਨਾਲ ਹੀ ਰੱਬ ਨੂੰ ਦੇਖ।
ਅੰਨ੍ਹੇ ਭੇਖੀਆਂ ਦੀਆਂ ਉਂਗਲਾਂ ਫੜਕੇ, ਨਾ ਫੱਸ ਵਿੱਚ ਭੇਖ।
ਅੱਖਾਂ ਮੀਟੇ ਰੱਬ ਨਾ ਲੱਭਨਾ, ਬੁੱਧੀ ਦੀਆਂ ਅੱਖਾਂ ਨਾਲ ਪੇਖ।
ਜੋਤ ਜਗ੍ਹਾ ਹਾਕਮ ਅਨੁਭਵ ਦੀ ਅੱਖ ਨਾਲ ਆਪਾ ਵੇਖ।

ਸੁਰਗ ਬਣੇ ਧਰਤੀ ਤੇ, ਜੇ ਬੰਦਾ ਇਨਸਾਨ ਬਣ ਜਾਏ।
ਅਰਸ਼ਾਂ ਤੋਂ ਤੁਰੰਤ ਹੀ, ਸੋ ਹੰ ਭਗਵਾਨ, ਫਰਸ਼ਾਂ ਤੇ ਆਏ।
ਕੋਈ ਭੁੱਖਾ ਨੰਗਾ ਨਾ ਰਹੇ, ਹਰ ਹੀ ਗੀਤ ਖ਼ੁਸ਼ੀ ਦੇ ਗਾਏ।
ਏਕਤਾ ਆਏ ਹਾਕਮ ਹਰ ਹੀ ਵਿਅਕਤੀ ਸੋ ਹੰ ਆਪਾ ਪਾਏ।

ਉਸ ਅਗਿਆਨ ਦੀ, ਅੱਗਨ ਵਿੱਚ, ਰਹੇ ਹਨ ਸੜ ਸੱਭ।
ਜਿਸਨੂੰ ਸੱਭ ਨੇ, ਹਵਾ ਆਹੁਤੀ ਦਿੱਤੀ, ਸਮਝ ਕੇ ਰੱਬ।
ਗਿਆਨ ਸੜ ਸੁਆਹ ਹੋਕੇ, ਅਗਿਆਨ ਥੱਲੇ ਗਿਆ ਦੱਬ।
ਅਗਿਆਨ ਦੀ ਪੂਜਾ ਹੈ ਹਾਕਮ ਆਪਾ ਭੁੱਲਾ ਗਿਆਨ ਛੱਡ।

ਗਿਆਨਵਾਨ ਨੇਕੀ ਕਰਕੇ ਅਕਸਰ ਜਾਂਦੇ ਹਨ ਭੁੱਲ।
ਭਲਾਈ ਦਾ ਨਾਂ ਲੈਕੇ, ਅਗਿਆਨੀ, ਦੁਹਾਈ ਪਾਂਦੇ ਹਨ ਫੁੱਲ।
ਦੰਭੀ ਭੋਲਿਆਂ ਦੀ ਬੁੱਧੀ ਦੇ, ਦੀਪਕ ਕਰੀ ਜਾਂਦੇ ਹਨ ਗੁੱਲ।
ਜਾਗੇ ਲੋਕਾਂ' ਚ ਹਾਕਮ ਇਹਨਾਂ ਦਾ ਕੌਡੀ ਪੈਂਦਾ ਨਹੀਂ ਮੁੱਲ।

ਮੌਤ ਭਿਆਨਕ ਨਾ, ਡਰਾਉਣੀ ਹੈ, ਭੇਖੀ ਦੀ ਸੂਰਤ ਭੁੱਖੀ।
ਸ਼ਾਂਤੀ ਆ ਜਾਂਦੀ ਹੈ, ਦੁੱਖ ਕਸ਼ਟ' ਚ ਆਦਮੀ ਹੀ ਕਰੇ ਸੁੱਖੀ।
ਭੇਖ ਵਿੱਚ ਮਨੁੱਖਤਾ ਮਰ ਗਈ, ਸੀਰਤ ਹੋ ਗਈ ਰੁੱਖੀ।
ਮੌਤ ਨਾਲੋਂ ਹਾਕਮ ਪਖੰਡੀ ਨੂੰ ਦੇਖਕੇ ਮਨੁੱਖ ਹੋਏ ਦੁੱਖੀ।

ਸ਼ਰਾ ਦੀ ਅਗਨੀ ਨਾਲ, ਵਾਰ ਵਾਰ ਬੰਦਾ, ਬੰਦੇ ਹੱਥੋਂ ਸੜੇ।
ਮੌਤੋਂ ਨਾ ਡਰੇ, ਅਣਆਈ ਮੌਤ ਮਨੁੱਖ, ਬੰਦੇ ਹੱਥੋਂ ਮਰੇ।
ਆਦਮੀ ਬੰਦੇ ਤੋਂ ਡਰਦਾ, ਬੜੀ ਕਠਨ ਦਿਨ ਕਟੀ ਕਰੇ।
ਥੋਥੇ ਧਰਮਾਂ ਨੂੰ ਹਾਕਮ ਆਪ ਹਵਾ ਦੇ ਬੰਦਾ ਦੁੱਖ ਜਰੇ।

ਆਪਣੇ ਅਗਿਆਨ ਨੂੰ ਵੀ, ਹਰ ਬੰਦਾ ਹੈ, ਆਪੇ ਤੋਂ ਛੁਪਾਂਦਾ।
ਜੱਦ ਧੂਆਂ ਬਣਕੇ ਧੁਖਦਾ, ਅੱਖਾਂ ਵਿੱਚੋਂ ਪ੍ਰਗਟ ਹੋ ਜਾਂਦਾ।
ਮੰਗੇ ਹੋਏ ਗਿਆਨ ਦੇ ਰੋਮਾਲ ਨਾਲ, ਛੁਪਾਣਾ ਹੈ ਚਾਂਹਦਾ।
ਅਗਿਆਨ ਨਾ ਛੁਪੇ ਹਾਕਮ ਪੜ੍ਹਦੇ ਪਾੜ੍ਹ ਬਾਹਰ ਆਂਦਾ।

ਸਵੈਮਾਨ ਦੀ ਇੱਛਾ ਹੈ, ਤਾਂ ਆਪਣੇ ਪੈਰਾਂ ਤੇ ਖੜ੍ਹਨਾ ਸਿਖ।
ਅਗਿਆਨ ਆਸਰਾ ਛੱਡ, ਚਿੱਤ' ਚ ਗਿਆਨ ਦਾ ਏਕਾ ਲਿੱਖ।
ਸਾਫ ਹੈ, ਦੋਗਲੀ ਨੀਤੀ ਛੱਡ, ਕੰਮ ਕਾਫਰਾਂ, ਮੋਮਨਾਂ ਦਿੱਖ।
ਬੰਦਾ ਬਣ ਹਾਕਮ ਨਾ ਬਣ ਬਾਹਰੋਂ ਇੱਖ, ਅੰਦਰੋਂ ਬਿੱਖ।

ਦੁਨੀਆਂ ਖ਼ਾਤਰ ਜ਼ਮੀਰ ਲੁਟਾਤੀ, ਮਨੁੱਖਤਾ ਗਈ ਮਰ।
ਖ਼ੁਸ਼ੀ ਨਾ ਜ਼ਮੀਰ ਰਹੀ, ਧੰਨ ਮਾਲ ਨਾਲ ਭਰ ਲਿਆ ਘਰ।
ਜੀਊਂਦੀ ਲਾਸ਼ ਚੁੱਕੀ ਫਿਰਦਾ, ਜੀਵਨ ਸਚਾਈ ਗਈ ਠਰ।
ਝੂਠਾ ਹੀ ਹਾਕਮ ਹਰ ਬੰਦੇ ਤੋਂ ਡਰਕੇ ਕੰਬੇ ਥਰ ਥਰ।

ਮਨੁੱਖਤਾ ਦੇ ਮਰਨ ਦਾ, ਕਦੀ ਨਹੀਂ ਕਰਦੇ ਅਫਸੋਸ।
ਅਖੌਤੀ ਧਰਮ ਮਰਨ ਦੇ ਨਾਂ ਤੇ, ਸੱਭ ਨੂੰ ਆ ਜਾਏ ਜੋਸ਼।
ਪਹਿਲਾਂ ਬੰਦਾ, ਪਿੱਛੋਂ ਧਰਮ, ਬੰਦੇ ਥਾਪਿਆ, ਸੰਭਾਲ ਹੋਸ਼।
ਕਾਰਨ ਤੋਂ ਕਾਰਜ ਹਾਕਮ ਕਾਰਨ ਸਦਾ ਰਹੇ ਬੇਦੋਸ਼।

ਹਰ ਘੱਰ ਤੇ ਸੂਰਜ ਵਿੱਚ, ਦੰਭੀ ਹੀ ਬੈਠੇ ਕਰੀ ਹਨ੍ਹੇਰਾ।
ਆਤਮ ਗਿਆਨ ਸੂਰਜ ਦੀ ਰੋਸ਼ਨੀ ਨੂੰ, ਪਾਈ ਬੈਠੇ ਘੇਰਾ।
ਅੰਧਵਿਸ਼ਵਾਸ ਨੇ ਅੰਧੇਰੇ' ਚ, ਬਦਲਿਆ ਚਾਰ ਚੁਫੇਰਾ।
ਜੋਤ ਜਗ੍ਹਾ ਹਾਕਮ ਮਿਟੂ ਰਾਤਰੀ, ਚੜੂ ਗਿਆਨ ਸਵੇਰਾ।

ਉਮਰ ਇੱਕ ਅਜੇਹਾ ਰਾਹੀ ਹੈ, ਜਿਹੜਾ ਰੁਕ ਨਹੀਂ ਸਕੇ।
ਇੱਕ ਪੱਲ ਕਿਸੇ ਹੁਸੀਨ ਜ਼ੁਲਫ' ਚ ਉਲਝ ਨਹੀਂ ਸਕੇ।
ਅਟੱਲ ਜਗਦਾ ਸਚ ਹੈ, ਕਿਸੇ ਉਪਾਵ ਬੁੱਝ ਨਹੀਂ ਸਕੇ।
ਸ਼ਾਖਸ਼ੀ ਹੋ ਹਾਕਮ ਦੇਹੀ ਛੱਡਕੇ, ਸਦਾ ਲਈ ਰਹਿ ਸਕੇ।

ਅਪਨੇ ਸਿਵਾ ਕਿਸੇ ਨੂੰ ਮੱਤ ਨਾ ਦੇ, ਦੂਸਰੇ ਨੂੰ ਹੈ ਚੁੱਭਦੀ।
ਸੂਰੀ ਨੂੰ ਮੋਤੀ ਪਾ ਨਹੀਂ, ਖਾਕੇ ਗੰਦੇ ਚਿਕੱੜ ਵਿੱਚ ਡੁੱਬਦੀ।
ਅਨਅਧਿਕਾਰੀ ਦੇ ਸਿਆਣੀ ਗੱਲ ਨਾ, ਬੁੱਧੀ ਵਿੱਚ ਖੁੱਭਦੀ।
ਸੰਜਮ ਰੱਖ ਹਾਕਮ ਬਹੁਤੀ ਹਵਾ ਨਾਲ ਜੋਤ ਬੁੱਝਦੀ।

ਇਤੀ